तक land-lord को यह पता नहीं कि आया उस की ज़मीन उसके पास रहनी है या नहीं। उधर मुज़ारे को यह पता नहीं कि उस के पास से कब ज़मीन छिन जानी है और उसे कब बेदखल कर दिया जाना है। मेरा मतलब है कि agricultural land के मामले में आज तक कोई clear policy गवर्नमेंट ने नहीं बनाई है और इस की वजह से खेती बाड़ी को भारी नुकसान हो रहा है। मुज़ारा समझता है कि पता नहीं वह कब बेदखल हो जाएगा और ज़मीन चली जाएगी। इसी तरह land-lord समझता है और इस खदशा में रहता है कि पता नहीं कब उस की ज़मीन छिन जाएगी। इस तरह से दोनों ही ज़मीन के मामले में uncertain हैं कि पता नहीं क्या सही position है। इस का नतीजा यह हो रहा है कि न land-lord ही ज़मीन की तरफ तवज्जुह देता है और न मुज़ारा ही ज़मीन की पैदावार बढ़ाने की तरफ ध्यान देता है और इस तरह से पैदावार का नुकसान हो रहा है। इस के इलावा एक चीज़ और है और उस की तरफ मैं आप के ज़रिए मिनिस्टर साहिब की और इस हाउस की तवज्जुह दिलाना चाहता हूं। वह यह है कि कुछ ज़मीनें Utilisation of Lands Act के under ली गई हैं। उन के acquire करने का मुद्दा दो तरह का होता है। एक तो यह कि सारी ज़मीन ज़ेरे काश्त लाई जाए और इस तरह से पैदावार बढ़ाई जाए। दूसरा मुद्दा यह है कि जो landless tenants हैं, गरीब मुज़ारे हैं जिन की बेदखली हो गई है या वे लोग जिन के पास ज़मीन बहुत कम है उन को यह जो under Utilization of Lands Act ली गई है surplus ज़मीन निकाल कर दे कर उन की मदद की जाए। मगर यह इन के दोनों मुद्दे पूरे नहीं हो रहे हैं.......

अध्यक्ष महोदय : जहां तक यह आपकी uncertainty की बात है वह ठीक है मगर आप इस की details में न जाएं। (So far as his reference to this uncertainty is concerned, it is within the scope of the demand but he should not go into its details.)

चौधरी धर्म सिंह राठी : मैं इस agriculture की demand पर ही बोल रहा हूं। मैं कह रहा था कि यह जो ज़मीनें हैं इन के बारे में कोई certain और definite policy नहीं है और इस वजह से agriculture को नुकसान हो रहा है। मैं यह अर्ज़ करता हूं कि ऐसे आदमियों को ज़मीनें दे दी गईं जिन्हों ने कभी काश्त नहीं की और इस तरह से पैदावार को नुकसान हो रहा है। वह ज़मीन जो थी वह बड़े बड़े लोगों को दे दी गई जिनके पास पहले ही काफी थी। गरीब लोग जो थे उन को नहीं दी गई बल्कि बड़े २ लोग ही ले गए और उन्होंने काशत ही नहीं की (interruptions) यह चीज़ मेरे अपने ज़िला के अन्दर ही नहीं हुई बल्कि सारी State में सारे ज़िलों के अन्दर हो रही है और हुई है।

Mr. Speaker: The hon. Member is not relevant.

चौधरी धर्म सिंह राठी : मैं यह कहना चाहता हूं कि यह जो utilisation of lands Act बनाया गया है उस के साथ यह agriculture का महकमा

[चौधरी धर्म सिंह राठी]

deal with करता है। इस लिए इस सिलसिले में स्पीकर साहिब कहा जा सकता है और मैं उसी के बारे में कह रहा हूं। तो मैं इस तरह से relevant हूं......

अध्यक्ष महोदय : आपने सिर्फ यह agriculture का ही लफ्ज़ पढ़ लिया है। उन्हें मलूम होना चाहिए कि इस के अन्दर खास items हैं। आप उन पर बोलें। (It appears as if the hon. Member has only read the word agriculture in connection with this Demand. He should know that there are certain items which are mentioned in this Demand. He should confine his remarks to those items only.)

चौधरी धर्म सिंह राठी : Sir, I am coming to that. तो मैं बता रहा था कि यह चीज़ इस तरीके से की जा रही है और गरीबों की मदद नहीं हो रही है। स्पीकर साहिब, यह रोज़ाना कहते हैं कि बड़े land reforms किये जा रहे हैं और बड़ी तेजी से किए जा रहे हैं, लेकिन असलियत यह है कि सही तौर पर land reforms करने की कोशिश नहीं करते हैं। इनके land reforms का मकसद जो मैं समझा हूं वह सिर्फ यह है कि किसी न किसी तरह किसानों से और दूसरे आदमियों से जो खेती बाड़ी करते हैं और गुज़ारा करते हैं उन से ज़मीन छीनी जाए। गवर्नमेंट का मुद्दा यह नहीं है कि काशत करने के लिए ज़मीन दी जाए बल्कि इरादा यह है कि ज़मीन छीनी जाए। यह बड़ी गल्त पालिसी है और बड़ी dangerous policy है। लोगों के अन्दर गवर्नमैंट ने बड़ी uncertainty पैदा कर रखी है। जो खेती करने वाले हैं वह समझते हैं कि कोई certainty है नहीं, इस लिये पता नहीं कब ज़मीन इन से छिन जाएगी। तो सरकार को कोई सही और definite पालिसी बनानी चाहिए ताकि लोग दिल लगा कर ज़मीन पर काम करें।

इस के इलावा स्पीकर साहिब, agriculture का दारोमदार दो चीज़ों पर है— एक पानी पर है और दूसरे खाद पर है। जहां तक पानी का ताल्लुक है यहां पंजाब में एक बड़ी अजीब बात है। कई इलाके तो ऐसे हैं जहां पानी बहुत है और वह लोग पानी की ज़्यादती की वजह से मर रहे हैं। कई इलाके ऐसे हैं जहां पानी नहीं है और वहां पानी की कमी के कारण लोग मरे जा रहे हैं। इस बीमारी को दूर करने के लिये जो कि दोहरी बीमारी है हमारी इस गवर्नमेंट ने कभी कुछ नहीं सोचा है और कोई step नहीं उठाया है कि किस तरह इस का इलाज किया जाए। तो waterlogging के बारे में मैं जनाब ज़्यादा तफसील में नहीं जाता हूं क्योंकि फिर आप कहेंगे कि irrelevant बात हो गई। लेकिन जहां तक यह पानी का सवाल है मैं कहूंगा कि जहां पानी ज़्यादा है वहां उस पानी को खाल बना कर इकट्ठा करके और उन जगहों में ले जाया जा सकता है जहां पर पानी की कमी है। इस तरह करने से एक तरफ तो वह लोग बच सकते हैं जो सेम की वजह से मर रहे हैं और दूसरी तरफ उन लोगों को भी फायदा हो सकता है जहां पानी की कमी है। मगर यह गवर्नमेंट इस बात की तरफ कोई ध्यान नहीं दे रही है। मेरे अपने ज़िले में हज़ारों खेती करने वाले लोग इन दोनों बीमारियों से निहायत तंग हैं और

चिल्ला रहे हैं कि बचाओ, मगर यह कोई ध्यान नहीं दे रहे हैं। आए रोज़ यही सुना जाता है कि स्कीमें बन रही हैं मगर पता नहीं वह कहां हैं अमल तो किसी पर होता नहीं है।

दूसरा मसला खाद है। कीमियाई खाद पहले किसानों को काफी सस्ती मिलती थी लेकिन हुकूमत ने समझा कि यह तो गज़ब हो गया किसान सस्ती खाद ले रहे हैं और अब उस का rate ड्योढ़ा कर दिया है। अब यह हाल है कि गरीब किसान उसे खरीद नहीं सकते हैं। कुदरती खाद, गोबर वग़ैरह जो ऐसी चीज़ें हैं उस की तरफ भी हुकूमत तवज्जुह नहीं दे रही है कि उस को ज़ाया होने से कैसे बचाया जाए। रोज़ाना लोग गोबर को जो एक कीमती खाद है ओपले थाप थाप कर खराब कर रहे हैं। लोग भी क्या करें, पंजाब में लकड़ी की कमी है और मिलती नहीं है। जो जंगल थे वह हुकूमत ने कह दिया कि काट लो और ज़मीन काश्त कर लो। नतीजा यह हुआ है कि लकड़ी नहीं रही है और चरने के लिये डंगरों को जगह नहीं रही है। मैं सरकार से कहूंगा कि वह इस चीज़ की तरफ खास ध्यान दे और कुदरती खाद जो बहुत ही फायदामंद है उस को बचाने की कोशिश की जाए। यह तभी बच सकती है कि जंगल हों और वहां से लोगों को लकड़ी मिल सके। इस के इलावा agriculture की तरक्की न होने की एक वजह और है और वह यह है कि यह महकमा किसी मज़बूत आदमी के हाथों में नहीं है। जो वज़ीर मज़बूत हैं उन के हाथ में नहीं है। वैसे तो मैं वज़ीर साहिब की बड़ी इज्ज़त करता हूं, मान करता हूं लेकिन यह कहने से गुरेज़ नहीं करूंगा कि वह इस खेती बाड़ी के मामले को नहीं समझते हैं जिस की वजह से यह सारा मामला पंजाब में खराब हो रहा है (*Interruptions*) अभी पिछले दिनों की बात है......

अध्यक्ष महोदय : आप किस को मज़बूत समझते हैं (हंसी) Whom does the hon. Member consider to be a strong man.) (*Laughter*)

ਸਰਦਾਰ ਆਤਮਾ ਸਿੰਘ : ਇਹ ਸਿਰਫ ਆਪਣੇ ਆਪ ਨੂੰ ਹੀ ਮਜ਼ਬੂਤ ਸਮਝਦੇ ਹਨ। (ਹਾਸਾ)

(*Interruptions by some hon. Members*)

चौधरी धर्म सिंह राठी : I won't give way. जनाब आप फिर कहेंगे कि हम यह बात करते हैं। मगर आप देखें कि पहल उन की तरफ से होती है। फिर उन को जवाब देना ही पड़ता है।

अध्यक्ष महोदय : अगर आप इस तरह interrupt करेंगे तो मैं बिल्कुल बरदाशत नहीं करूंगा। (If the hon. Members interrupt like this I would take a serious view of it.)

चौधरी धर्म सिंह राठी : मैं कह रहा था कि अभी अभी हमारे यह मिनिस्टर साहिब वहां एक गांव ओटा में गए और वहां खेती बाड़ी का lecture झाड़ा। लोगों ने कहा कि खेती बाड़ी तो हो जाएगी लेकिन पानी की कमी है, इस का कोई प्रबन्ध कीजिए। गेहूं की पैदावार के लिए पानी के बगैर काम नहीं चल सकता है। तो वहां पर जब मिनिस्टर किसी रास्ते से आ रहे थे तो रास्ते में एक जौहड़ पानी का भरा हुआ देखा। लोगों से कहने लगे कि यहां कनक क्यों नहीं बो लेते (*noise and interruptions*) लोगों ने

[चौधरी धर्म सिंह राठी]
कहा कि खड़े पानी में थोड़ी कनक बोई जाती है। वज़ीर साहिब को यह भी पता नहीं कि पहले ज़मीन हल चला कर तैयार की जाती है, खाद डाली जाती है, उस के बाद बीज बोया जाता है। जब यह हालत हो इस महकमा के मिनिस्टर की तो आप खुद ही अंदाजा लगा सकते हैं कि खेती बाड़ी का क्या हाल होगा।

फिर मैं यह अर्ज़ करना चाहता हूं कि हमारी हकूमत energy food की तरफ ही तवज्जुह दे रही है लेकिन जो protective food हैं उन की तरफ कोई गौर नहीं है। खेती बाड़ी करने वालों को protective food की बहुत जरूरत है। इसलिये दूध और घी की बढ़ौतरी की तरफ भी तवज्जुह दी जानी चाहिए। इस के इलावा खेती बाड़ी करने वालों को सब से बड़ा खतरा natural calamities का भी है। इनकी फसलें ओलों वगैरा से मारी जाती हैं और कई तरह से फसलों का नुकसान हो जाता है। तो इस सिलसिले में मैं अर्ज़ करूंगा कि जब तक हकूमत जमींदारों की फसलों की insurance का प्रबन्ध नहीं करती है उस वक्त तक agriculture में कोई तरक्की नहीं हो सकती है। (घंटी)

अगली चीज़ जिस की तरफ मैं मिनिस्टर साहिब की तवज्जुह दिलाना चाहता हूं वह यह है कि किसानों को अपनी जिनस की कीमत माकूल मिलनी चाहिए। कम से कम जितना खर्च आता है उस को उतना तो मिलना चाहिए लेकिन कुछ ऐसी हालत पंजाब में होती है कि जिस वक्त जिनस किसान के पास होती है तो कण्ट्रोल कर लेते हैं और जब खेती करने वाले के हाथ से जिनस निकल जाती है तो कण्ट्रोल उठा लेते हैं। Rice और Paddy की मिसाल आप ले लीजिए जब किसान के पास थी तो कण्ट्रोल कर दिया कि बाहर नहीं भेजी जा सकेगी लेकिन जब उस के हाथ से निकल गई तब कण्ट्रोल खत्म कर दिया मैं यह कहना चाहता हूं कि price के मामले में किसान के साथ इन्साफ करो कोई ऐसा तरीका बनाएं जिस से middle man नाजायज़ फायदा न उठाएं। इसे कोअप्रेटिव तरीके से करें या किसी और तरीके से—

आखिर में, स्पीकर साहब, मैं यह अर्ज़ करना चाहता हूं कि सर्विसिज़ में भी हरियाना प्रान्त के साथ इन्साफ नहीं होता। सीनीयर आदमी बैठे रह जाते हैं लेकिन जूनियर आदमी को ऊपर उठा कर बिठा देते हैं। बोर्ड आफ इकनामिक एनक्वायरी में हरियाना के आदमी को नहीं लगाया गया लेकिन एक ऐसे आदमी को लगा दिया गया जिस ने 13 साल में matric पास किया और सात साल में B. Sc. Agriculture का इम्तहान पास किया बावजूद इस के कि हरियाना के आदमी के पास हैड आफ दी डीपार्टमैंट के अच्छे २ सर्टिफिकेटस हैं और वह एक काबल शख्स है उसे neglect कर दिया गया है।

ਸਰਦਾਰ ਗੁਰਮੀਤ ਸਿੰਘ 'ਮੀਤ' (ਬਾਘਾ ਪੁਰਾਣਾ ਜਨਰਲ) : ਸਪੀਕਰ ਸਾਹਿਬ, ਇਸ ਸੂਬੇ ਦੀ 66 ਫੀ ਸਦੀ ਆਬਾਦੀ ਜ਼ਰਾਇਤ ਤੇ ਗੁਜ਼ਾਰਾ ਕਰਦੀ ਹੈ ਅੋਰ ਜੇਕਰ ਅਸੀਂ ਇਸਦੀ ਔਸਤ ਕਢੀਏ ਤਾਂ $1\frac{1}{2}$ ਏਕੜ ਫੀ ਕਿਸਾਨ ਜ਼ਮੀਨ ਆਉਂਦੀ

ਹੈ ਜਿਸ ਨਾਲ ਹਿੰਦੁਸਤਾਨ ਦੇ ਅਨਾਜ ਦੀਆਂ ਲੋੜਾਂ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ । ਪੰਜਾਬ ਦੇ ਅੰਦਰ ਔਰ ਬਾਕੀ ਹਿੰਦੁਸਤਾਨ ਦੇ ਅੰਦਰ ਅਨਾਜ ਦੀ ਪੈਦਾਵਾਰ ਦੀ ਬੜੀ ਥੁੜ (shortage) ਹੈ । ਪੰਡਤ ਜਵਾਹਰ ਲਾਲ ਜੀ ਨੇ ਵੀ ਇਹੀ ਦਸਿਆ ਹੈ ਕਿ ਅਸੀਂ ਦੂਜੀ ਪੰਜ ਸਾਲਾ ਪਲੈਨ ਨੂੰ ਜ਼ਿਆਦਾ ਤੋਂ ਜ਼ਿਆਦਾ ਕਾਮਯਾਬ ਤਦੇ ਹੀ ਬਣਾ ਸਕਦੇ ਹਾਂ ਜੇਕਰ ਅਸੀਂ ਵਧ ਤੋਂ ਵਧ ਅਨਾਜ ਪੈਦਾ ਕਰੀਏ । ਪਿਛਲੇ ਸਾਲ ਸਾਡੇ ਫਿਨਾਸ ਮਨਿਸਟਰ ਸਾਹਿਬ ਨੇ ਵੀ ਇਹੀ ਫਰਮਾਇਆ ਸੀ ਲੇਕਿਨ ਅਫਸੋਸ ਹੈ ਕਿ ਪੰਜਾਬ ਦੇ ਪਿਛਲੇ ਸਾਲ ਦੇ ਬਜਟ ਵਿਚ 28 ਲਖ ਰੁਪਿਆ ਬਚ ਗਿਆ ਜਿਹੜਾ ਕਿ ਜ਼ਰਾਇਤ ਦੀਆਂ ਸਕੀਮਾਂ ਤੇ ਖਰਚ ਹੋਣਾ ਸੀ ਔਰ ਪੂਰਾ ਖਰਚ ਨਹੀਂ ਹੋ ਸਕਿਆ । ਇਸ ਲਈ ਭਾਵੇਂ ਕੁਝ ਕਿਹਾ ਜਾਏ ਕਿ ਸੈਂਟਰਲ ਗੌਰਮਿੰਟ ਵਲੋਂ ਤਨਾਸਬ ਦੇ ਲਿਹਾਜ਼ ਨਾਲ ਰੁਪਿਆ ਵਧ ਨਹੀਂ ਮਿਲਿਆ ਜਾਂ ਕੋਈ ਹੋਰ ਵਜ੍ਹਾ ਹੋ ਗਈ ਲੇਕਿਨ ਮੈਂ ਕਹਾਂਗਾ ਕਿ ਇਹ ਸਾਡੀ ਗੌਰਮਿੰਟ ਦੀ ਕੋਤਾਹੀ ਹੈ ਜਿਸ ਦੇ ਨਾਲ ਜ਼ਰਾਇਤ ਦੀਆਂ ਜੋ ਸਕੀਮਾਂ ਚਾਲੂ ਕੀਤੀਆਂ ਜਾਣੀਆਂ ਸਨ ਉਨ੍ਹਾਂ ਵਿਚ ਰੁਕਾਵਟ ਪਈ ਹੈ । ਪਿਛਲੇ ਸਾਲ ਨਾਲੋਂ ਹੀ ਗਨੇ ਦੀ ਪੈਦਾਵਾਰ ਘਟ ਜ਼ਾਹਿਰ ਕੀਤੀ ਗਈ ਹੈ ਅਤੇ ਗੰਦਮ ਦੀ ਪੈਦਾਵਾਰ ਵਧ ਦਸੀ ਗਈ ਹੈ ਲੇਕਿਨ ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਸਾਰੀਆਂ figuers ਜ਼ਰਬਾਂ ਤਕਸੀਮਾਂ ਰਾਹੀਂ ਕਢ ਲਈਆਂ ਜਾਂਦੀਆਂ ਹਨ ਔਰ ਤਹਿਸੀਲਦਾਰਾਂ ਦਾ ਸਟਾਫ ਜ਼ਰਬਾਂ ਕਰਕੇ ਰਕਬੇ ਦੇ ਮੁਤਾਬਕ ਪੈਦਾਵਾਰ ਕਢ ਲੈਂਦਾ ਹੈ । ਮੈਂ ਕਹਿੰਦਾ ਹਾਂ ਕਿ ਜੇਕਰ ਜ਼ਰਾਇਤ ਦੇ ਅਫਸਰ ਜਾਕੇ ਵੇਖਣ ਤਾਂ ਪਤਾ ਲਗੇਗਾ ਕਿ ਕਣਕ ਦੇ ਸਿਟਿਆਂ ਵਿਚ ਜਿਥੇ 80 ਦਾਣੇ ਹੁੰਦੇ ਸਨ ਉਥੇ ਇਸ ਵਾਰੀ ਪਾਣੀ ਘਟ ਮਿਲਣ ਕਰਕੇ 20 ਦਾਣੇ ਪੈਦਾ ਹੋਏ ਹਨ । ਅਗਲੇ ਸਾਲ ਦੀਆਂ figures ਇਸ ਤੋਂ ਵਧਾ ਕੇ ਦਸੀਆਂ ਜਾਣਗੀਆਂ ਔਰ ਇਹ ਕਿਹਾ ਜਾਏਗਾ ਕਿ ਅਸੀਂ ਇਸ ਸਾਲ ਅਨਾਜ ਦੀ ਪੈਦਾਵਾਰ ਵਧ ਕਰਨ ਵਿਚ ਕਾਮਯਾਬ ਹੋਏ ਹਾਂ ।

ਦੂਜੀ ਪੰਜ ਸਾਲਾ ਪਲਾਨ ਵਿਚ 100 ਫੀ ਸਦੀ ਗੰਦਮ ਪੈਦਾ ਕਰਨ ਵਾਲੇ 10 ਫੀ ਸਦੀ ਰਕਬੇ ਲਈ ਖਾਲਸ ਬੀਜ ਸਪਲਾਈ ਕਰਨ ਦਾ ਪਰਬੰਧ ਕੀਤਾ ਗਿਆ ਹੈ ਲੇਕਿਨ ਜੋ ਹਾਲਤ ਮੰਡੀਆਂ ਵਿਚ ਵਾਪਰਦੀ ਹੈ ਜ਼ਰਾਇਤ ਅਫਸਰਾਂ ਵਲੋਂ ਪਿਛਲੇ ਸਾਲਾਂ ਵਿਚ ਮੁਕਤਸਰ ਮੰਡੀ ਵਿਚ ਲੋਕਲ ਬਿਉਪਾਰੀਆਂ ਨਾਲ ਮਿਲਕੇ 591 ਦੀ ਗੰਦਮ ਦੀ ਥਾਂ ਦੜਾ ਖਰੀਦੀ ਹੁਣ target ਦੇ ਮੁਤਾਬਕ seeds farms 228 ਖੋਲ੍ਹੇ ਜਾਣੇ ਹਨ ਜਿਸ ਨਾਲ ਹੋ ਸਕਦਾ ਹੈ ਹੇਰਾ ਫੇਰੀ ਬੰਦ ਹੋ ਜਾਏ ਮੈਂ ਜ਼ਰਾਇਤ ਦੇ ਮਿਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਗੱਲ ਵਲ ਧਿਆਨ ਦੇਣ ਕਿ ਨਾਕਸ ਬੀਜ ਲੋਕਾਂ ਨੂੰ ਨਾ ਸਪਲਾਈ ਕੀਤੇ ਜਾਣ । ਮੈਂ ਸਮਝਦਾ ਹਾਂ ਕਿ ਇਹ ਬਹੁਤ ਵਡਾ ਪਾਪ ਹੈ, ਦੇਸ਼ ਅਤੇ ਕੌਮ ਨਾਲ ਧਰੋਹ ਹੈ । ਨਾਕਸ ਬੀਜ ਦੇਣ ਨਾਲ ਜਿਥੇ ਇਕ ਪਾਸੇ ਦੇਸ਼ ਦੀ ਅਨਾਜ ਦੀ ਜ਼ਰੂਰਤ ਵਿਚ ਘਾਟਾ ਪੈਂਦਾ ਹੈ ਦੂਜੇ ਪਾਸੇ ਕਿਸਾਨ ਨਾਲ ਧੋਖਾ ਕੀਤਾ ਜਾਂਦਾ ਹੈ । ਇਸ ਕਰਕੇ ਪੈਦਾਵਾਰ ਨੂੰ ਵਧਾਉਣ ਵਾਸਤੇ ਇਹ ਵੇਖਣਾ ਜ਼ਰੂਰੀ ਹੈ ਕਿ ਕਿਸਾਨ ਨੂੰ ਵਧੀਆ ਬੀਜ ਸਪਲਾਈ ਕੀਤਾ ਜਾਵੇ ।

ਇਸ ਤੋਂ ਇਲਾਵਾ (green manuring) ਸਬਜ਼ ਖਾਦ ਬਾਰੇ ਜ਼ਿਕਰ ਕੀਤਾ ਗਿਆ ਕਿ ਇਸ ਤੇ ਬਜਟ ਵਿਚੋਂ ਕੁਝ ਖਰਚ ਕੀਤਾ ਜਾਏਗਾ । ਲੇਕਿਨ ਸਪੀਕਰ

[ਸਰਦਾਰ ਗੁਰਮੀਤ ਸਿੰਘ 'ਮੀਤ']

ਸਾਹਿਬ, ਮਹਿਕਮੇਂ ਵਲੋਂ ਇਸ ਬਾਰੇ ਕੋਈ ਪਰਚਾਰ ਨਹੀਂ ਕੀਤਾ ਜਾਂਦਾ ਕਿ green manuring ਕਰਨ ਵਾਲਿਆਂ ਲਈ ਬੀਜ ਸਪਲਾਈ ਕੀਤਾ ਜਾਏਗਾ ਜਾਂ ਮਾਲੀਆ ਮਾਫ ਕੀਤਾ ਜਾਏਗਾ। ਪਬਲਿਕ ਰਿਲੇਸ਼ਨ ਡੀਪਾਰਟਮੈਂਟ ਅਤੇ ਜ਼ਰਾਇਤ ਦੇ ਮਹਿਕਮੇਂ ਵਲੋਂ ਇਸ ਗੱਲ ਦਾ ਪਰਚਾਰ ਕਰਨਾ ਚਾਹੀਦਾ ਹੈ ਤੇ ਸਬਜ਼ ਖਾਦ ਲਈ ਗੁਆਰਾ ਆਦਿ ਦੇ ਮੁਫਤ ਬੀਜ ਦਿਤੇ ਜਾਣ। ਜੇਕਰ green manuring ਨੂੰ ਸਰਕਾਰ encourage ਕਰਨਾ ਚਾਹੁੰਦੀ ਹੈ ਤਾਂ ਜ਼ਰਾਇਤ ਦੇ ਮਹਿਕਮੇ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨੂੰ ਇਸ ਸਿਲਸਲੇ ਵਿਚ ਵਧ ਤੋਂ ਵਧ ਵਾਕਫੀਅਤ ਦੇਵੇ। ਇਸ ਵਕਤ ਜਦੋਂ ਕਿ ਸਾਡੇ ਦੇਸ਼ ਵਿਚ fertilizers ਦੀ shortage ਹੈ ਔਰ ਸਾਨੂੰ ਬਾਹਰ ਤੋਂ ਮੰਗਵਾਉਣਾ ਪੈਂਦਾ ਹੈ, ਇਹੋ ਜਿਹੇ ਹਾਲਾਤ ਵਿਚ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਸਬਜ਼ ਖਾਦ (green manure) ਨੂੰ encourage ਕਰੀਏ। ਖਾਦ ਦਾ ਰੇਟ ਵੀ ਵਧਾਉਣਾ ਪਿਆ ਹੈ, ਇਨ੍ਹਾਂ ਸਾਰੀਆਂ ਗੱਲਾਂ ਨੂੰ ਮਦੇ ਨਜ਼ਰ ਰਖਦੇ ਹੋਏ ਜ਼ਰੂਰੀ ਹੈ ਕਿ ਅਸੀਂ green manure ਨੂੰ encourage ਕਰੀਏ ਜਿਸ ਨਾਲ ਜਿਥੇ ਇਕ ਪਾਸੇ ਅਸੀਂ ਦੇਸ਼ ਦੇ ਪੈਸੇ ਨੂੰ ਬਾਹਰ ਜਾਣ ਤੋਂ ਰੋਕ ਸਕਦੇ ਹਾਂ ਉਥੇ ਅਸੀਂ ਦੇਸ਼ ਦੀ ਪੇਦਾਵਾਰ ਨੂੰ ਵੀ ਵਧਾ ਸਕਦੇ ਹਾਂ।

ਹੋਰ, ਸਪੀਕਰ ਸਾਹਿਬ, ਮੈਂ ਆਪ ਦੀ ਰਾਹੀਂ ਮਿਨਿਸਟਰ ਸਾਹਿਬ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਪਿਛਲੇ ਸਾਲ ਦਾ ਬਜਟ ਪਾਸ ਹੋਣ ਤੋਂ ਪਹਿਲੋਂ ਹੀ ਇਕ ਸਕੀਮ ਫ਼ਾਈਲਾਂ ਵਿਚ ਦੱਬੀ ਪਈ ਹੈ, ਹਰ ਸਾਲ ਕਿਸਾਨਾਂ ਦੀ ਪੇਦਾਵਾਰ ਨੂੰ ਕੀੜਾ ਲਗ ਜਾਂਦਾ ਹੈ, ਤੇਲਾ ਲਗ ਜਾਂਦਾ ਹੈ ਉੱਲੀ (wilt) ਲਗ ਜਾਂਦੀ ਹੈ। ਫਸਲਾਂ ਨੂੰ ਇਨ੍ਹਾਂ ਬੀਮਾਰੀਆਂ ਤੋਂ ਬਚਾਉਣ ਲਈ ਇਹ ਸਕੀਮ ਸੀ ਕਿ 4 ਲੱਖ ਦੀ ਸਹਾਇਤਾ ਮੁਫਤ subsidy ਕਿਸਾਨਾਂ ਨੂੰ ਦਿੱਤੀ ਜਾਏਗੀ। ਲੇਕਨ ਅਫ਼ਸੋਸ ਹੈ ਕਿ ਇਸ ਬਾਰ ਵੀ ਬਜਟ ਵਿਚ ਇਹੋਹੀ ਜ਼ਿਕਰ ਆਇਆ ਹੈ ਕਿ ਇਹ ਹਾਲੇ (under consideration) ਵਿਚਾਰ ਵਿਚ ਹੈ। ਪਤਾ ਨਹੀਂ ਕਿਨੀ ਦੇਰ ਇਹ under consideration ਚਲਦੀ ਰਹੇਗੀ। ਪਿਛਲੇ ਸਾਲ ਨਰਮੇ ਦੀ ਫਸਲ ਦਾ 30 ਫੀ ਸਦੀ ਨੁਕਸਾਨ ਹੋ ਗਿਆ ਸੀ। ਸਰਸੋਂ ਦੀ ਫਸਲ, ਚਨੇ ਦੀ ਫਸਲ ਹਰ ਸਾਲ ਬੀਮਾਰੀ ਨਾਲ ਮਾਰੀ ਜਾਂਦੀ ਹੈ। ਹਾਲੀ ਥੋੜੇ ਦਿਨ ਹੋਏ ਖਬਰ ਸੀ ਕਿ ਚਨੇ ਦੀ ਫਸਲ ਨੂੰ ਉੱਲੀ (wilt) ਦੀ ਬੀਮਾਰੀ ਲਗ ਗਈ ਹੈ। ਮੈਂ ਸਮਝਦਾ ਹਾਂ ਕਿ figure work ਵਿਚ, ਕਾਗਜ਼ੀ ਰੀਪੋਰਟਾਂ ਵਿਚ ਤਸੱਲੀ ਕਰ ਲਈ ਜਾਂਦੀ ਹੈ ਕਿ ਪੇਦਾਵਾਰ ਵਧ ਗਈ ਹੈ ਪਰ ਦੂਜੇ ਪਾਸੇ ਏਨੀ ਵੀ ਖੇਚਲ ਨਹੀਂ ਕੀਤੀ ਜਾਂਦੀ ਕਿ ਕਾਗਜ਼ੀ ਰੀਪੋਰਟਾਂ ਨੂੰ ਸਿਰੇ ਚੜ੍ਹਾ ਕੇ ਕਿਸਾਨਾਂ ਨੂੰ (subsidy) ਸਹਾਇਤਾ ਦਿੱਤੀ ਜਾਏ। ਇਹ ਠੀਕ ਹੈ ਕਿ ਪੰਚਾਇਤਾਂ ਨੂੰ ਇਕ ਲੱਖ ਰੁਪਏ ਦੇ ਕਰੀਬ ਦੀਆਂ ਮਸ਼ੀਨਾਂ ਵਗੈਰਾ ਸਪਲਾਈ ਕਰਨ ਦੀ ਸਕੀਮ ਹੈ ਲੇਕਿਨ ਇਸ ਤੋਂ ਬਹੁਤ ਜ਼ਿਆਦਾ ਹੋਰ ਰਕਮ cuts ਵਗੈਰਾ ਲਾ ਕੇ ਇਸ ਬਜਟ ਵਿਚ ਲਿਆਉਣੀ ਚਾਹੀਦੀ ਹੈ ਤਾਕਿ ਜਿਹੜਾ ਹਰ ਸਾਲ 30 ਫੀ ਸਦੀ ਜਾਂ 20 ਫੀ ਸਦੀ ਫਸਲਾਂ ਦਾ ਨੁਕਸਾਨ ਹੋ ਜਾਂਦਾ ਹੈ ਕਰੋੜਾਂ ਰੁਪਏ ਦੀ ਸਟ ਕਿਸਾਨ ਨੂੰ ਵੱਜਦੀ ਹੈ ਅਗਰ ਪੰਜ ਦਸ ਲੱਖ ਰੁਪਿਆ ਖਰਚ ਵੀ ਹੋ ਜਾਏ ਤਾਂ ਸਟੇਟ ਫਾਇਦੇ ਵਿਚ ਰਹਿ ਸਕਦੀ ਹੈ।

ਦੂਸਰੇ ਸਪੀਕਰ ਸਾਹਿਬ, ਇਸ ਬਾਰ ਸਕੀਮ ਆਈ ਹੈ ਕਿ 300 ਰੁਪਿਆ ਫ਼ੀ ਏਕੜ ਬਾਗ਼ ਲਾਉਣ ਲਈ ਤਕਾਵੀ ਦਿੱਤਾ ਜਾਏਗਾ। ਇਹ ਸਕੀਮ ਬਾਗ਼ਾਂ ਨੂੰ encourage ਕਰਨ ਲਈ ਬਣਾਈ ਗਈ ਹੈ। ਮੈਂ ਇਸ ਸਿਲਸਲੇ ਵਿਚ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਬਾਗ਼ਾਂ

ਵਾਸਤੇ ਕਣਕ ਜਾਂ ਦੂਜੇ ਅਨਾਜ ਦੀ ਫਸਲ ਨਾਲੋਂ ਵਧ ਪਾਣੀ ਦੀ ਜ਼ਰੂਰਤ ਹੁੰਦੀ ਹੈ । ਇਸਦਾ ਨਤੀਜਾ ਇਹ ਹੁੰਦਾ ਹੈ ਕਿ ਬਾਗ਼ਾਂ ਬੂਟਿਆਂ ਵਾਸਤੇ ਪਾਣੀ ਜ਼ਿਆਦਾ ਲਗ ਜਾਣ ਨਾਲ ਕਣਕ ਵਗੈਰਾ ਲਈ ਪਾਣੀ ਘਟ ਰਹਿ ਜਾਂਦਾ ਹੈ ਕਿਉਂਕਿ ਬਾਗ਼ਾਂ ਵਾਸਤੇ ਆਮ ਫਸਲ ਨਾਲੋਂ ਪੰਜ ਗੁਣਾਂ ਪਾਣੀ ਲਗਦਾ ਹੈ ।

4-0 p.m.

ਮੈਂ ਇਰੀਗੇਸ਼ਨ ਮਨਿਸਟਰ ਸਾਹਿਬ ਦੀ ਸੇਵਾ ਵਿਚ ਬੇਨਤੀ ਕਰਾਂ ਕਿ ਉਨ੍ਹਾਂ ਨੂੰ ਇਹ ਆਰਡਰ ਜਾਰੀ ਕਰ ਦੇਣੇ ਚਾਹੀਦੇ ਨੇ ਕਿ ਅਗਰ ਬਾਗਾਂ ਨੂੰ ਪਾਣੀ ਦਿੱਤਾ ਜਾਏ ਤਾਂ ਮੋਘੇ ਵਧਾ ਕੇ ਪਾਣੀ ਦਿੱਤਾ ਜਾਏ, ਆਮ ਕਿਸਾਨਾਂ ਦੇ ਪਾਣੀ ਵਿਚੋਂ ਪਾਣੀ ਨਾ ਦਿੱਤਾ ਜਾਏ, ਨਹੀਂ ਤਾਂ ਉਨ੍ਹਾਂ ਨੂੰ ਫਸਲ ਦਾ ਬੜਾ ਭਾਰੀ ਨੁਕਸਾਨ ਬਰਦਾਸ਼ਤ ਕਰਨਾ ਪਵੇਗਾ ।

ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਜ਼ਰੈਤ ਮਨਿਸਟਰ ਸਾਹਿਬ ਦੀ ਸੇਵਾ ਵਿਚ ਭੀ ਇਹ ਸੁਝਾਉ ਦੇਣਾ ਚਾਹੁੰਦਾ ਹਾਂ ਕਿ ਸਾਡੇ ਸਾਹਮਣੇ ਖਾਦ ਦਾ ਮਸਲਾ ਹੈ । ਸਾਡੀ ਫਰਟੇਲਾਈਜ਼ਰਜ਼ (fertilizers) ਦੀ ਫੈਕਟਰੀ ਨਵੀਂ ਹੈ, ਚੰਗੀ ਤਰ੍ਹਾਂ ਅਜੇ ਚਾਲੂ ਨਹੀਂ ਹੋ ਸਕੀ । ਸਿੰਦਰੀ ਦੀ ਸਪਲਾਈ ਘੱਟ ਹੈ । ਸਾਡੇ ਆਪਣੇ ਘਰਾਂ ਦੀ ਸੋਨੇ ਵਰਗੀ ਗੋਬਰ ਦੀ ਖਾਦ ਬਹੁ-ਮੁਲੀ ਹੈ, ਜਿਹੜੀ ਜ਼ਾਇਆ ਜਾ ਰਹੀ ਹੈ । ਮੈਂ ਸਰਕਾਰ ਪਾਸ ਇਹ ਬੇਨਤੀ ਕਰਾਂਗਾ ਕਿ ਕੋਈ ਕਾਨੂੰਨੀ ਤੌਰ ਤੇ ਪਾਬੰਦੀ ਲਾਈ ਜਾਏ ਕਿ ਗੋਬਰ ਨਾ ਜਲਾਇਆ ਜਾਏ । ਏਸ ਤਰ੍ਹਾਂ ਸਾਡੇ ਦੇਸ਼ ਦੀ ਪੈਦਾਵਾਰ ਵਿਚ ਭਾਰੀ ਵਾਧਾ ਹੋ ਸਕਦਾ ਹੈ । ਏਸ ਲਈ ਵੀ ਸਾਡੀ ਸਰਕਾਰ ਨੂੰ ਕੋਈ ਕਦਮ ਚੁਕਣੇ ਚਾਹੀਦੇ ਨੇ ।

ਸਪੀਕਰ ਸਾਹਿਬ, ਇਸ ਸਰਕਾਰ ਵੱਲੋਂ, ਜ਼ਰਾਇਤ ਦੇ ਮਹਿਕਮੇ ਦੇ ਪਿਛਲੇ ਸਾਲਾਂ ਵਿਚ ਕੋਈ ਇਹੋ ਜਿਹਾ ਹੁਕਮ ਹੋਇਆ ਸੀ ਕਿ ਗੰਦਮ ਦਾ ਮਾਲੀਆ ਫੀ ਏਕੜ 8 ਆਨੇ ਕਮ ਕਰ ਦਿੱਤਾ ਜਾਏ । ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਇਹ ਤਜਵੀਜ਼ ਕਰਾਂਗਾ ਕਿ ਗੰਦਮ ਦੀ ਸ਼ਾਰਟੇਜ ਨੂੰ ਇਸ ਹਿੰਦੁਸਤਾਨ ਵਿਚੋਂ ਦੂਰ ਕਰਨਾ ਹੈ ਔਰ ਪੰਜਾਬ ਨੂੰ ਇਸ ਸਬੰਧ ਵਿਚ ਬੜਾ ਭਾਰੀ ਸਰਪਲਸ ਕਰਨਾ ਹੈ, ਇਸ ਲਈ ਗੰਦਮ ਦੀ ਬਿਜ਼ਾਈ ਲਈ ਗੰਦਮ ਦਾ ਮਾਲੀਆ 8 ਆਨੇ ਕੰਮ ਕਰਨ ਦੀ ਬਜਾਏ ਉਸ ਨੂੰ ਅੱਧਾ ਮੁਆਫ ਕਰ ਦਿੱਤਾ ਜਾਏ ਤਾਕਿ ਕਿਸਾਨਾਂ ਨੂੰ ਹੋਰ ਹੌਸਲਾ (encouragement) ਮਿਲੇ ਔਰ ਸਾਡੇ ਸੂਬੇ ਵਿਚ ਜ਼ਿਆਦਾ ਤੋਂ ਜ਼ਿਆਦਾ ਅਨਾਜ ਪੈਦਾ ਹੋ ਸਕੇ ।

ਦੂਸਰੇ ਖਾਦ ਦਾ ਜੋ ਰੇਟ ਮਹਿੰਗਾ ਕੀਤਾ ਗਿਆ ਹੈ ਉਸ ਵਿਚ ਸ਼ਾਇਦ ਸਰਕਾਰ ਦੀਆਂ ਕੁਝ ਮਜਬੂਰੀਆਂ ਹੋਣ । ਲੇਕਿਨ ਖ਼ਾਸ ਕਰ ਤਾਵਾਨ ਐਨਾ ਲਾਇਆ ਜਾਂਦਾ ਹੈ ਕਿ ਉਹ ਕਿਸਾਨ ਅਦਾ ਨਹੀਂ ਕਰ ਸਕਦਾ । ਅਗਰ ਉਸ ਦੇ ਨਰਮੇ ਨੂੰ, ਕਪਾਸ ਨੂੰ ਤੇਲਾ ਲਗ ਜਾਏ, ਉਸ ਦੇ ਪੈਸੇ, ਜੋ ਉਸ ਨੇ ਵੱਟਣੇ ਹਨ, ਚੰਗੇ ਨਾ ਰਹਿਣ, ਅਗਰ ਉਹ ਉਸ ਦੀ ਅਦਾਇਗੀ ਨਾ ਕਰ ਸਕੇ ਤਾਂ ਉਸ ਤੇ ਤਾਵਾਨ ਲਾਇਆ ਜਾਂਦਾ ਹੈ । ਏਸ ਲਈ ਕਿਸਾਨਾਂ ਤੇ ਫਰਟੇਲਾਈਜ਼ਰਜ਼ (fertilizers) ਦਾ ਸੂਦ ਤੇ ਤਾਵਾਨ ਬੰਦ ਕੀਤਾ ਜਾਏ । ਉਸ ਦੀ ਤਕਸੀਮ ਨਿਗਰਾਨੀ ਨਾਲ ਚੰਗੀ ਤਰ੍ਹਾਂ ਕੀਤੀ ਜਾਏ । ਕਈ ਸ਼ਰਾਬੀ ਕਬਾਬੀ ਖਾਦ ਦੀਆਂ ਬੋਰੀਆਂ ਲੈ ਕੇ ੨੦ ਜਾਂ ੨੫ ਰੁਪਏ ਨੂੰ ਉਥੇ ਹੀ ਬੇਚ ਦਿੰਦੇ ਨੇ । ਏਸ ਲਈ

[ਸਰਦਾਰ ਗੁਰਮੀਤ ਸਿੰਘ]

ਅਫਸਰਾਂ ਵੱਲੋਂ ਹਦਾਇਤ ਹੋਣੀ ਚਾਹੀਦੀ ਹੈ ਕਿ ਖਾਦ ਦੀ ਨਾਜਾਇਜ਼ ਵੰਡ ਨਾ ਹੋਵੇ, ਪੈਦਾਵਾਰ ਵਿਚ ਵਾਧਾ ਹੋਵੇ, ਜੇ ਸਰਕਾਰ ਦਾ ਮਨਸ਼ਾ ਹੈ ਕਿਸਾਨਾਂ ਨੂੰ ਮਦਦ ਦੇਣ ਦਾ ਤਾਂ ਉਹ ਇਸ ਤਰ੍ਹਾਂ ਹੋ ਸਕਦਾ ਹੈ।

ਅਨਾਜ ਦੀਆਂ ਕੀਮਤਾਂ ਸਰਕਾਰ ਆਪਣੇ ਵੱਲੋਂ ਮੁਕਰਰ ਕਰੇ ਤਾਕਿ ਕਿਸਾਨ ਦੇ ਮਨ ਵਿਚ ਭਰੋਸਾ (security) ਰਹੇ ਕਿ ਮਾਰਕਿਟ ਵਿਚ ਮੇਰੀ ਫਸਲ ਦਾ ਚੰਗਾ ਭਾ ਦਿੱਤਾ ਜਾਏਗਾ। ਉਸ ਦੀ ਚੰਗੀ ਮਦਦ ਇਸ ਤਰ੍ਹਾਂ ਹੋ ਜਾਏਗੀ ਕਿ ਸਰਕਾਰ ਉਸ ਦੀ ਉਪਜ ਦੀ ਖਰੀਦ ਤੇ ਫਰੋਖਤ ਦੀ ਆਪ ਹੀ ਮਨੋਪਲੀ (monoply) ਕਰੇ ਅਤੇ ਹੋਰ ਡੀਲਰ ਨਾ ਖ਼ਰੀਦ ਸਕਣ। ਏਸ ਤਰ੍ਹਾਂ ਸਰਕਾਰ ਪਾਸ ਅਨਾਜ ਵੀ ਜ਼ਿਆਦਾ ਆ ਸਕੇਗਾ। ਸਰਕਾਰ ਕੋਲ ਐਸਾ ਵੀ ਫਿਕਰ ਹੋ ਜਾਂਦਾ ਹੈ, ਜਾਂ ਆਉਣ ਵਾਲਾ ਕੋਈ ਕਾਲ ਜਾਂ ਫੈਮਿਨ (famine) ਹੋ ਜਾਂਦਾ ਹੈ ਜਾਂ ਅਨਾਜ ਦੂਸਰੇ ਸੂਬਿਆਂ ਨੂੰ ਸਪਲਾਈ ਕਰਨਾ ਪੈਂਦਾ ਹੈ, ਸਰਕਾਰ ਉਸ ਨੂੰ ਕੰਟਰੋਲ ਕਰੇਗੀ। ਏਸ ਤਰ੍ਹਾਂ ਅਸੀਂ ਜ਼ਿਆਦਾ ਕਨਫੀਡੈਂਸ (confidence) ਨਾਲ ਦੱਸ ਸਕਦੇ ਹਾਂ ਕਿ ਅਸੀਂ ਅੱਗੇ ਦੂਸਰੇ ਸੂਬਿਆਂ ਨੂੰ ਕਿੰਨਾ ਕੁ ਅਨਾਜ ਦੇ ਸਕਦੇ ਹਾਂ।

ਅਨਾਜ ਦੀ ਪੈਦਾਵਾਰ ਕਰਨ ਦੇ ਰਸਤੇ ਵਿਚ ਕਿਸਾਨ ਦੇ ਸਾਹਮਣੇ ਬਹੁਤ ਸਾਰੀਆਂ ਰੁਕਾਵਟਾਂ ਆਉਂਦੀਆਂ ਨੇ। ਉਨ੍ਹਾਂ ਵਿਚੋਂ ਇਕ ਰੁਕਾਵਟ ਅਵਾਰਾ ਪਸ਼ੂਆਂ, ਸਟਰੇ ਕੇਟਲ ਅਤੇ ਵਾਈਲਡ ਕੇਟਲ (wild cattle) ਦੀ ਆਉਂਦੀ ਹੈ। ਸਰਕਾਰ ਨੇ ਭਾਵੇਂ ਕੋਈ ਸਕੀਮ ਬਣਾਈ ਹੈ, ਪਰ ਉਨ੍ਹਾਂ ਲਈ ਕੋਈ ਇਨਾਮ ਮੁਕਰਰ ਕੀਤੇ ਜਾਣ ਕਿ ਜੋ ਇਨ੍ਹਾਂ ਪਸ਼ੂਆਂ ਨੂੰ ਫੜਨਗੇ ਉਨ੍ਹਾਂ ਨੂੰ ਇਹ ਕੁਝ ਦਿੱਤਾ ਜਾਏਗਾ। (ਘੰਟੀ ਦੀ ਆਵਾਜ਼)। ਉਨ੍ਹਾਂ ਲਈ ਮੈਂ ਮਨਿਸਟਰ ਸਾਹਿਬ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਇਕ ਐਸਾ ਕਾਨੂੰਨ ਲਿਆਂਦਾ ਜਾਏ ਕਿ ਜੋ ਸ਼ਹਿਰਾਂ ਵਿਚ ਵਸਣ ਵਾਲੇ ਆਪਣੇ ਪਸ਼ੂਆਂ ਨੂੰ ਆਵਾਰਾ ਛੱਡ ਦਿੰਦੇ ਨੇ, ਦੋ ਦੋ, ਤਿੰਨ ਤਿੰਨ ਹਜ਼ਾਰ ਪਸ਼ੂ ਦਿਨ ਵਿਚ ਫਿਰਦੇ ਰਹਿੰਦੇ ਫਸਲਾਂ ਉਜਾੜਦੇ ਨੇ, ਉਹ ਸ਼ਾਮ ਨੂੰ ਘਰ ਆ ਜਾਂਦੇ ਨੇ ਅਤੇ ਉਨ੍ਹਾਂ ਦਾ ਦੁਧ ਚੋ ਕੇ ਫੇਰ ਛੱਡ ਦਿੰਦੇ ਨੇ, ਉਨ੍ਹਾਂ ਤੇ ਕੋਈ ਰੰਗ ਜਾਂ ਨੰਬਰ ਲਾਏ ਜਾਣ। ਕੋਈ ਐਸਾ ਤਰੀਕਾ ਕਰੀਏ ਜਿਸ ਦੇ ਨਾਲ ਅਜਿਹਾ ਕਰਨ ਵਾਲਿਆਂ ਨੂੰ ਕੋਈ ਸਜ਼ਾ ਦਿੱਤੀ ਜਾਏ, ਜਿਹੜੇ ਆਪਣੇ ਪਸ਼ੂਆਂ ਨੂੰ ਅਵਾਰਾ ਛੱਡਣ। ਗਿੱਦੜਾਂ ਅਤੇ ਚੂਹਿਆਂ ਨੂੰ ਮਾਰਨ ਲਈ ਜ਼ਹਿਰੀਲੀਆਂ ਦਵਾਈਆਂ ਦਾ ਇੰਤਜ਼ਾਮ ਕੀਤਾ ਜਾਂਦਾ ਹੈ। ਏਸ ਤਰ੍ਹਾਂ ਰੋਜ਼ ਆਦੀ ਜਾਨਵਰਾਂ ਨੂੰ ਮਾਰਨ ਦਾ ਬੰਦੋਬਸਤ ਕੀਤਾ ਜਾਏ ਤਾਕਿ ਜੋ ਹਜ਼ਾਰਾਂ ਦੀ ਤਾਦਾਦ ਵਿਚ ਇਹ ਫਿਰਦੇ ਨੇ ਕਿਸਾਨਾਂ ਦੀਆਂ ਫਸਲਾਂ ਨੂੰ ਤਬਾਹ ਕਰਨ ਲਈ, ਉਨ੍ਹਾਂ ਨੂੰ ਚੰਗੀ ਤਰ੍ਹਾਂ ਕੰਟਰੋਲ ਕੀਤਾ ਜਾ ਸਕੇ। (ਘੰਟੀ ਦੀ ਆਵਾਜ਼)।

ਸਰਦਾਰ ਮਿਹਰ ਸਿੰਘ (ਫ਼ਰੀਦਕੋਟ) : ਜਨਾਬ ਸਪੀਕਰ ਸਾਹਿਬ, ਅਗਰ ਸਮੁਚੇ ਤੌਰ ਤੇ ਬਜਟ ਤੇ ਧਿਆਨ ਮਾਰਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਪੰਜਾਬ ਨੇ ਐਗਰੀਕਲਚਰ ਦੇ ਸਬੰਧ ਵਿਚ ਬੜੀ ਭਾਰੀ ਤਰੱਕੀ ਕੀਤੀ ਹੈ। ਇਕ ਡੈਫਿਸਿਟ ਸਟੇਟ (deficit State) ਐਨੇ ਥੋੜੇ ਅਰਸੇ ਵਿਚ ਸਰਪਲਸ ਬਣ ਗਈ ਹੈ। ਇਸ ਦੇ ਵਿਚ ਲੋਕ ਅਤੇ ਸਰਕਾਰ ਦੋਵੇਂ ਸ਼ਾਮਲ ਨੇ। ਐਸ ਵੇਲੇ ਜੋ ਅੰਦਾਜ਼ਾ ਲਾਇਆ ਜਾਂਦਾ ਹੈ, ਅਸੀਂ ਜ਼ਰਦੀ ਪੈਦਾ

ਵਾਰ ਜੋ ਕਰਦੇ ਹਾਂ ਉਸ ਦੀ ਕੀਮਤ ਸਾਢੇ ਤਿੰਨ ਸੌ ਕਰੋੜ ਬਣਦੀ ਹੈ ਔਰ ਇਕ ਕਰੋੜ ਆਦਮੀ ਇਸ ਨੂੰ ਪੈਦਾ ਕਰਦੇ ਨੇ । ਤਕਰੀਬਨ ਸਾਢੇ ਤਿੰਨ ਸੌ ਰੁਪਏ, ਇਕ ਆਦਮੀ ਦੇ ਹਿਸਾਬ ਨਾਲ ਅਸੀਂ ਨੈਸ਼ਨਲ ਇੰਕਮ (national income) ਵਿਚ ਪਾਉਂਦੇ ਹਾਂ । ਇਹ ਇਕ ਬੜੀ ਯੋਗ ਸੇਵਾ ਹੈ । ਆਬਾਦੀ ਦੇ ਲਿਹਾਜ਼ ਨਾਲ ਸਾਡਾ ਸੂਬਾ ਰਾਜਿਸਥਾਨ ਦੇ ਬਰਾਬਰ ਹੈ। ਲੇਕਿਨ ਉਥੋਂ ਦਾ ਰਕਬਾ ਸਾਡੇ ਨਾਲੋਂ ਚਾਰ ਗੁਣਾ ਹੈ । ਉਥੋਂ ਦੀ ਪੈਦਾਵਾਰ ਅਤੇ ਸਾਡੀ ਪੈਦਾਵਾਰ ਦਾ ਮੁਕਾਬਲਾ ਕੀਤਿਆਂ ਪਤਾ ਲਗਦਾ ਹੈ ਕਿ ਉਹ ਸਾਡੇ ਨਾਲੋਂ ਚੌਥਾ ਹਿੱਸਾ ਪੈਦਾਵਾਰ ਕਰਦੇ ਨੇ । ਜੇ ਗੰਗਾ ਨਗਰ ਦਾ ਜ਼ਿਲ੍ਹਾ ਇਸ ਦੇ ਵਿਚੋਂ ਕੱਢ ਦਿੱਤਾ ਜਾਏ, ਜਿਸ ਵਿਚ ਪੰਜਾਬੀ ਬੈਠੇ ਹੋਏ ਨੇ ਤਾਂ ਉਹ ਪੈਦਾਵਾਰ ਦੀ ਰੇਸ਼ੋ ਹੋਰ ਘਟ ਜਾਂਦੀ ਹੈ । ਪੰਜਾਬ ਦੀ ਪੈਦਾਵਾਰ ਸਬੰਧੀ ਕੁਝ ਅੰਕੜੇ ਹਨ । ਅਗਰ ਉਨ੍ਹਾਂ ਅੰਕੜਿਆਂ ਤੇ ਧਿਆਨ ਮਾਰੀਏ ਤਾਂ ਪਤਾ ਲਗਦਾ ਹੈ ਕਿ ਸਾਰੇ ਮੁਲਕ ਵਿਚ ਜਿਤਨੀ ਕਪਾਹ ਪੈਦਾ ਹੁੰਦੀ ਹੈ ਉਸ ਦਾ ਪੰਜਵਾਂ ਹਿੱਸਾ ਇਕੱਲਾ ਪੰਜਾਬ ਪੈਦਾ ਕਰਦਾ ਹੈ । ਜ਼ਿਲਾ ਫੀਰੋਜ਼ਪੁਰ ਅਤੇ ਫਰੀਦਕੋਟ ਤਹਿਸੀਲ ਨੂੰ ਅਗਰ ਇਕੱਠਾ ਕਰ ਲਿਆ ਜਾਵੇ ਤਾਂ ਇਹ ਪੰਜਾਬ ਦਾ ਅੱਧ ਪੈਦਾ ਕਰਦੇ ਨੇ, ਬਲਕਿ ਇਸ ਦੇ ਨਾਲੋਂ ਵੀ ਜ਼ਿਆਦਾ ਕੀਤੀ ਗਈ ਇਕ ਸਾਲ ਵਿਚ । ਸਾਡੇ ਲੋਕ ਬੜੀਆਂ ੨ ਕਾਰਗੁਜ਼ਾਰੀਆਂ ਕਰ ਰਹੇ ਨੇ ਔਰ ਸਾਡੀ ਸਰਕਾਰ ਦੇ ਉਦਮ ਨਾਲ ਸਾਡੀ ਕਾਰ ਗੁਜ਼ਾਰੀ ਹੋਰ ਵੀ ਵਧ ਰਹੀ ਹੈ । ਮੈਂ ਸਮਝਦਾ ਹਾਂ ਹਾਲਾਤ ਬੜੇ ਹੌਸਲਾ ਅਫਜ਼ਾਈ ਵਾਲੇ ਨੇ । ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਮਨਜ਼ਲ ਤੇ ਪਹੁੰਚ ਗਏ ਹਾਂ ਯਾ ਅਸੀਂ ਹੋਰ ਕੁਝ ਨਹੀਂ ਕਰ ਸਕਦੇ । ਅੱਜ ਮੁਲਕ ਦੇ ਸਾਹਮਣੇ ਅਨਾਜ ਦੀ ਘਾਟ ਹੋਣ ਦਾ ਇਕ ਤਾਰੀਖੀ ਮਤਾਲਬਾ ਹੈ ਔਰ ਮੁਲਕ ਨੇ ਇਹ ਮਸਲਾ ਹਲ ਕਰਨਾ ਹੈ । ਇਸ ਨੂੰ ਹਲ ਕੀਤੇ ਬਗੈਰ ਮੁਲਕ ਦਾ ਗੁਜ਼ਾਰਾ ਨਹੀਂ, ਉਸ ਨੇ ਮੁਸੀਬਤਾਂ ਨਾਲ ਮੁਕਾਬਲਾ ਕ੍ਰਰਨਾ ਹੈ । ਪੰਜਾਬ ਨੇ ਇਸ ਮਤਾਲਬੇ ਨੂੰ ਪੂਰਾ ਕਰਨ ਵਿਚ ਆਪਣਾ ਪੂਰਾ ਹਿੱਸਾ ਪਾਉਣਾ ਹੈ । ਸਾਡੀ ਸਰਕਾਰ ਸੈਂਕਡ ਫਾਈਵ ਈਅਰ ਪਲੈਨ ਦੇ ਰੂਪ ਵਿਚ ਇਕ ਯਤਨ ਵਿਚ ਲਗੀ ਹੋਈ ਹੈ । ਮੈਂ ਸਮਝਦਾ ਹਾਂ ਕਿ ਸਾਡੇ ਅਨਾਜ ਦੇ ਵਾਧੇ ਵਿਚ ਚਾਰ ਪੰਜ ਫੈਕਟਰ ਜੋ ਸਹਾਇਕ ਹਨ ਉਹ ਇਹ ਹਨ : ਨਹਿਰੀ ਪਾਣੀ, ਭਾ ਚੰਗਾ ਹੋਣਾ, ਪਛਮੀ ਪੰਜਾਬ ਤੋਂ ਆਏ ਕਿਸਾਨ, ਜਿਹੜੇ ਕਿ ਬੜੇ ਪਰਾਗਰੇਸਿਵ (progressive) ਨੇ, ਲੈਂਡ ਰੀਫਾਰਮਜ਼ (land reforms) ਜਿਹੜੀਆਂ ਹੋਈਆਂ ਨੇ ਯਾ ਜਿਹੜੀ ਦੁਆਬੇ ਵਿਚ ਪੈਦਾਵਾਰ ਹੈ । ਪਰੈਕਟੀਕਲੀ ਲੈਂਡ ਰੀਫਾਰਮਜ਼ ਇੰਪਲੀਮੈਂਟ ਨਹੀਂ ਹੋਈਆਂ । ਲੇਕਿਨ ਉਨ੍ਹਾਂ ਦਾ ਜਿਹੜਾ ਅਸਰ ਪੈ ਸਕਦਾ ਸੀ ਇਨਡਾਇਰੈਕਟ (indirect) ਉਹ ਇਹ ਹੋਇਆ ਕਿ ਜ਼ਮੀਨ ਦੇ ਟੁਕੜੇ ਹੋ ਗਏ ਨੇ । ਵੱਡੇ ਜ਼ਿਮੀਦਾਰਾਂ ਨੇ ਆਪਣੀ ਜ਼ਮੀਨ ਵੰਡ ਦਿੱਤੀ ਹੈ । ਉਨ੍ਹਾਂ ਨੇ ਮੈਕੇਨਾਈਜ਼ਡ ਫਾਰਮਜ਼ (mechanised farms) ਬਣਾ ਦਿਤੀਆਂ ਨੇ । ਉਨ੍ਹਾਂ ਦੇ ਵੇਲ੍ਹੜ ਲੜਕੇ ਜਿਹੜੇ ਕੰਮ ਨਹੀਂ ਕਰ ਸਕਦੇ ਸਨ ਉਹ ਹੁਣ ਕੰਮ ਕਰਨ ਲੱਗੇ ਹੋਏ ਨੇ, ਉਹ ਅੱਜ ਟਰੈਕਟਰ ਚਲਾਉਂਦੇ ਹਨ ਪੰਜਵਾਂ ਕਾਰਨ ਮੁਰੱਬਾਬੰਦੀ ਹੋ ਸਕਦਾ ਹੈ । ਅਸੀਂ 31 ਲੱਖ ਏਕੜ ਜ਼ਮੀਨ ਮੁਰੱਬਾਬੰਦੀ ਹੇਠ ਲਿਆਉਣੀ ਸੀ, ਲੇਕਿਨ ਬੜੀ ਮੁਸ਼ਕਲ ਨਾਲ ਇਹ 12 ਲੱਖ ਏਕੜ ਆਈ ਹੈ । ਏਸ ਹਿਸਾਬ ਨਾਲ ਅਸੀਂ ਕਮਜ਼ੋਰ ਰਹਾਂਗੇ ।

ਸਪੀਕਰ ਸਾਹਿਬ, ਪੰਜਾਬ ਵਿਚ ਹਰ ਸਾਲ 5 ਲੱਖ ਨਵੇਂ ਆਦਮੀ ਮੂੰਹ ਖੋਲ੍ਹ ਲੈਂਦੇ ਨੇ । ਜੇ ਅਸੀਂ ਪਿਛਲੇ ਸੱਤ ਅੱਠ ਸਾਲ ਦੀ ਗਿਣਤੀ ਲਗਾਈਏ ਤਾਂ ਪੰਜਾਬ ਦੀ ਆਬਾਦੀ ਦੋ ਕਰੋੜ ਦੇ ਕਰੀਬ ਪਹੁੰਚਣ ਵਾਲੀ ਹੈ । ਅਸੀਂ ਅਨਾਜ ਦੀ ਪੈਦਾਵਾਰ ਬੜੀ ਵਧਾਉਂਦੇ ਹਾਂ

[ਸਰਦਾਰ ਮਿਹਰ ਸਿੰਘ]

ਲੇਕਿਨ ਸਾਡੀ ਦੂਜੀ ਪੈਦਾਵਾਰ ਵੀ ਬੜੀ ਤੇਜ਼ੀ ਨਾਲ ਵਧ ਰਹੀ ਹੈ। ਇਸ ਕਰਕੇ ਸਰਕਾਰ ਨੂੰ ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਜੋ ਐਫਰਟਸ (efforts) ਹੁਣ ਹੋ ਰਹੀਆਂ ਹਨ ਉਨ੍ਹਾਂ ਨੂੰ ਹੋਰ ਜ਼ਿਆਦਾ ਵਧਾਉਣਾ ਚਾਹੀਦਾ ਹੈ ਤਾਕਿ ਅਸੀਂ ਵਧ ਰਹੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕੀਏ।

ਕਈ ਔਕੜਾਂ ਔਰ ਦਿੱਕਤਾਂ ਜਿਹੜੀਆਂ ਸਰਕਾਰ ਦੂਰ ਕਰ ਸਕਦੀ ਹੈ ਉਹ ਜ਼ਰੂਰ ਉਸ ਨੂੰ ਦੂਰ ਕਰਨੀਆਂ ਚਾਹੀਦੀਆਂ ਹਨ ਕਿਉਂਕਿ ਇਸ ਵੇਲੇ ਕਾਫੀ ਨੁਕਸਾਨ ਹੋ ਰਿਹਾ ਹੈ ਜਿਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਹ ਦਸਿਆ ਗਿਆ ਹੈ ਕਿ 20 ਕਰੋੜ ਰੁਪਏ ਦੀ ਫਸਲ ਦਾ ਚੂਹੇ ਇਕ ਸਾਲ ਵਿਚ ਨੁਕਸਾਨ ਕਰਦੇ ਹਨ। ਇਹ ਬੜੀ ਹੈਰਾਨੀ ਤੇ ਬੇਬਖਤੀ ਵਾਲੀ ਗੱਲ ਹੈ। ਪਰ ਇਸ ਦੇ ਨਾਲ ਨਾਲ ਸਰਕਾਰ ਨੂੰ ਇਹ ਵੀ ਪਤਾ ਹੈ ਕਿ ਪੰਜ ਕਰੋੜ ਰੁਪਏ ਸਾਲ ਦੀ ਫਸਲ ਦਾ ਨੁਕਸਾਨ ਆਵਾਰਾ ਫਿਰ ਰਹੇ ਪਸ਼ੂ ਵੀ ਕਰ ਰਹੇ ਹਨ। ਮੈਂ ਜਾਣਦਾ ਹਾਂ ਕਿ ਸਰਕਾਰ ਲਈ ਚੂਹਿਆਂ ਦਾ ਕੋਈ ਇੰਤਜ਼ਾਮ ਕਰਨਾ ਬੜਾ ਮੁਸ਼ਕਲ ਹੈ ਕਿਉਂਕਿ ਇਕ ਇਕ ਖੁਡ ਨੂੰ ਲਭਣਾ ਤੇ ਉਸ ਨੂੰ destroy ਕਰਨਾ ਬੜਾ ਮੁਸ਼ਕਲ ਹੈ ਪਰ ਜਿਹੜੇ ਪਸ਼ੂ ਸਾਡੇ ਸੂਬੇ ਵਿਚ ਆਵਾਰਾ ਫਿਰ ਰਹੇ ਹਨ ਇਨ੍ਹਾਂ ਨੂੰ ਨਜ਼ਰ ਅੰਦਾਜ਼ ਨਹੀਂ ਕਰਨਾ ਚਾਹੀਦਾ। ਅਸੀਂ ਦੋ ਦੋ ਰੁਪਏ ਚੋਰੀ ਕਰਨ ਵਾਲਿਆਂ ਨੂੰ ਛੇ ਛੇ ਮਹੀਨੇ ਤੇ ਸਾਲ ਸਾਲ ਕੈਦ ਦੀ ਸਜ਼ਾ ਦੇ ਦਿੰਦੇ ਹਾਂ ਲੇਕਿਨ ਜੋ ਕਰੋੜਾਂ ਰੁਪਏ ਦਾ ਇਹ ਪਸ਼ੂ ਨੁਕਸਾਨ ਕਰ ਜਾਂਦੇ ਹਨ—ਉਸ ਕਿਸਾਨ ਦਾ ਜਿਸ ਦੀ ਹਿਫ਼ਾਜ਼ਤ ਦੇ ਅਸੀਂ ਜ਼ਿੰਮੇਦਾਰ ਹਾਂ ਉਸ ਵਲ ਐਨਾ ਫੌਰੀ ਧਿਆਨ ਨਹੀਂ ਦਿੱਤਾ ਜਾ ਰਿਹਾ ਜਿਤਨਾ ਕਿ ਦੇਣਾ ਚਾਹੀਦਾ ਹੈ ਤਾਂ ਜੋ ਉਸ ਵਿਚਾਰੇ ਨੂੰ relief ਮਿਲੇ। ਕਿਸਾਨ ਦੇ ਨਾਲ ਨਾਲ ਇਹ ਕੌਮ ਦਾ ਵੀ ਨੁਕਸਾਨ ਹੋ ਰਿਹਾ ਹੈ ਕਿਉਂਕਿ ਅਨਾਜ ਸਾਰੀ ਕੌਮ ਦੀ ਜ਼ਰੂਰਤ ਪੂਰੀ ਕਰਦਾ ਹੈ।

ਬੀਮਾਰੀਆਂ ਜਿਹੜੀਆਂ ਕਿ ਫਸਲਾਂ ਨੂੰ ਲਗਦੀਆਂ ਹਨ ਅਸੀਂ ਉਨ੍ਹਾਂ ਦਾ ਵੀ ਖਾਤਰ ਖਾਹ ਹਲ ਨਹੀਂ ਕਰ ਸਕੇ। ਮੈਂ ਨਹੀਂ ਕਹਿੰਦਾ ਕਿ ਸਰਕਾਰ ਕਰ ਸਕਦੀ ਸੀ ਪਰ ਜਾਣਬੁਝ ਕੇ ਨਹੀਂ ਕੀਤਾ। ਇਹ ਗੱਲ ਨਹੀਂ। ਪਰ ਮੈਂ ਇਹ ਅਰਜ਼ ਕਰਦਾ ਹਾਂ ਕਿ ਸਰਕਾਰ ਦਾ Agriculture ਦਾ ਮਹਿਕਮਾ ਇਸ ਮਾਮਲੇ ਵਿਚ ਬੜਾ ਕਮਜ਼ੋਰ ਹੈ। ਉਸ ਦੀਆਂ ਕਮਜ਼ੋਰੀਆਂ ਕੁਦਰਤੀ ਅਤੇ ਹਾਲਾਤ ਦੇ ਮੁਤਾਬਕ ਹੋ ਸਕਦੀਆਂ ਹਨ। ਲੇਕਿਨ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਸ ਗੱਲ ਵਲ ਜਿਹੜੀ ਫੌਰੀ ਤਵੱਜੁਹ ਦੇਣੀ ਚਾਹੀਦੀ ਸੀ ਉਹ ਨਹੀਂ ਦਿੱਤੀ। ਕੁੰਗੀ, ਤੇਲਾ ਵਗੈਰਾ ਬੀਮਾਰੀਆਂ ਕਿਸਾਨ ਦੀ ਹਰੀ ਭਰੀ ਫ਼ਸਲ ਨੂੰ ਵੇਖਦਿਆਂ ਵੇਖਦਿਆਂ ਨਸ਼ਟ ਕਰ ਦੇਂਦੀਆਂ ਹਨ ਅਤੇ ਇਸ ਤਰ੍ਹਾਂ ਉਸ ਦੀਆਂ ਸਾਰੀਆਂ ਦੀਆਂ ਸਾਰੀਆਂ ਸ਼ਾਨਦਾਰ ਉਮੀਦਾਂ ਤੇ ਪਾਣੀ ਫਿਰ ਜਾਂਦਾ ਹੈ। ਇਸ ਪਾਸੇ ਧਿਆਨ ਦੇਣਾ ਕਿਸਾਨ ਨੂੰ ਉਸ ਦੀ ਮੁਸੀਬਤ ਤੋਂ ਬਚਾਉਣਾ ਹੈ।

ਇਸ ਤੋਂ ਅਲਾਵਾ ਇਕ ਹੋਰ ਜਰੂਰੀ ਗੱਲ ਹੈ ਜਿਸ ਵਲ ਮਹਿਕਮੇ ਵਾਲਿਆਂ ਨੂੰ ਧਿਆਨ ਹੀ ਨਹੀਂ ਦੇਣਾ ਚਾਹੀਦਾ ਸਗੋਂ ਫੌਰੀ action ਲੈਣਾ ਚਾਹੀਦਾ ਹੈ। ਤੁਸੀਂ ਲੱਖਾਂ ਰੁਪਏ ਦੇ ਹਰ ਸਾਲ loans ਮੰਜ਼ੂਰ ਕਰਦੇ ਹੋ। ਲੇਕਿਨ ਉਹ ਰੁਪਿਆ ਬੜੀ ਮੁਸ਼ਕਲ ਨਾਲ ਸਾਲ ਦੇ ਅਖੀਰ ਵਿਚ disburse ਹੁੰਦਾ ਹੈ। ਮੈਂ ਦਾਵੇ ਨਾਲ ਕਹਿ ਸਕਦਾ ਹਾਂ

ਕਿ ਭਟਿੰਡਾ ਜ਼ਿਲੇ ਲਈ ਦੋ ਲੱਖ ਮੰਜ਼ੂਰ ਹੋਇਆ ਹੈ ਪਰ ਅਜ 19 ਤਾਰੀਖ ਹੋ ਗਈ ਹੈ ਇਕ ਵੀ ਪੈਸਾ ਅਜੇ ਤਕ ਉਨ੍ਹਾਂ ਲੋਕਾਂ ਨੂੰ ਨਹੀਂ ਮਿਲਿਆ। ਮੇਰਾ ਮਤਲਬ ਇਹ ਨਹੀਂ ਕਿ ਕੋਈ ਅਫ਼ਸਰ ਉਸ ਨੂੰ ਇਸਤੇਮਾਲ ਕਰਕੇ ਸੂਦ ਖਾਂਦਾ ਰਿਹਾ ਹੋਵੇਗਾ। ਪਰ ਪਹਿਲੀ ਗੱਲ ਇਸ ਵਿਚ ਇਹ ਹੈ ਕਿ Finance Department ਹੀ ਇਸ ਦੀ ਮੰਜ਼ੂਰੀ ਛੇਤੀ ਨਹੀਂ ਭੇਜਦਾ। ਜੇ ਫ਼ਾਈਲ Agriculture ਦੇ ਮਹਿਕਮੇ ਕੋਲ ਪੁਜ ਵੀ ਜਾਂਦੀ ਹੈ ਤਾਂ ਉਥੇ ਵੀ ਇਕ ਅਫ਼ਸਰ ਕੋਲੋਂ ਦੂਜੇ ਅਫ਼ਸਰ ਕੋਲ, ਦੂਜੇ ਕੋਲੋਂ ਤੀਜੇ ਕੋਲ ਜਾਂਦਿਆਂ ਬੜੀ ਦੇਰ ਲਗ ਜਾਂਦੀ ਹੈ। ਫੇਰ ਕੇਸ district ਵਿਚ ਜਾਂਦਾ ਹੈ ਤੇ ਉਥੇ ਐਸੇ ਗਲਤ ਗਲਤ ਮਲਤ ਤਰੀਕੇ ਨਾਲ handle ਕੀਤਾ ਜਾਂਦਾ ਹੈ। ਕਿ ਰਲਾਮਲਾ ਕੇ ਏਨਾ delay ਹੋ ਜਾਂਦਾ ਹੈ। ਜਦੋਂ payment ਦਾ ਵਕਤ ਆਏਗਾ ਤਾਂ ਕੀ ਹੋਵੇਗਾ? ਜਿਥੇ ਕਿੱਤੇ ਕੋਈ ਨਜ਼ਰ ਆਵੇਗਾ ਝਟ ਪਟ ਕੁਝ ਅਰਜ਼ੀਆਂ ਇੱਕਠੀਆਂ ਕਰਵਾ ਲਈਆਂ ਜਾਣਗੀਆਂ ਤੇ ਜਿਹੜੇ ਸਚਮੁਚ ਲੋੜਵੰਦ ਹੋਣਗੇ ਉਹ ਇਸ assistance ਤੋਂ ਵਾਂਝੇ ਰਹਿ ਜਾਣਗੇ। ਕਈ ਇਹੋ ਜਿਹੇ ਲੋਕ ਹੋ ਸਕਦੇ ਹਨ ਜਿਹੜੇ ਕਿ ਅਗੇ ਪਿਛੇ ਪਤਾ ਕਰਦੇ ਰਹਿੰਦੇ ਹੋਣ ਤੇ ਵਕਤ ਸਿਰ ਉਹ headquarters ਤੇ ਮੌਜੂਦ ਨ ਹੋਣ ਕਰਕੇ ਰਹਿ ਜਾਣ। ਇਸ ਮਦ ਹੇਠ ਤੁਸੀਂ ਖੂਹ, pumping sets, tractors ਵਗੈਰਾ ਵਾਸਤੇ loans ਦੇਂਦੇ ਹੋ। ਜਦ ਸਾਲ ਦੇ ਸ਼ੁਰੂ ਹੋਣ ਤੇ ਇਸ ਕੰਮ ਲਈ loans ਦਾ ਰੁਪਿਆ ਮੰਜ਼ੂਰ ਕਰਵਾਉਂਦੇ ਹੋ ਤਾਂ ਕੀ ਵਜਾਹ ਹੈ ਕਿ ਇਸ ਨੂੰ ਵਕਤ ਸਿਰ properly distribute ਨਾ ਕੀਤਾ ਜਾਵੇ? ਕਿਸਾਨ ਲਈ ਵੀ ਘਰੋਂ ਬਾਹਰ ਨਿਕਲਣ ਦੇ ਖਾਸ ਖਾਸ ਮੌਕੇ ਹੁੰਦੇ ਹਨ। ਅਜਕਲ ਹੁਣ ਕੰਮ ਦਾ ਮੌਕਾ ਆ ਗਿਆ ਹੈ ਉਹ ਹਾੜੀ ਵਿਚ ਜੁਟ ਜਾਣਗੇ। ਦੋ ਤਿਨ ਮਹੀਨੇ ਇਸ ਤਰ੍ਹਾਂ ਲੰਘ ਜਾਣਗੇ। ਫਿਰ ਜ਼ਰੂਰੀ ਤੌਰ ਤੇ ਉਨ੍ਹਾਂ ਨੂੰ ਵਿਆਹ ਸ਼ਾਦੀਆਂ ਦਾ ਕਠ ਪੈ ਜਾਏਗਾ। ਮੈਂ ਉਮੀਦ ਕਰਦਾ ਹਾਂ ਕਿ ਸਰਕਾਰ ਇਸ ਤਰ੍ਹਾਂ ਹੋ ਰਹੀ delay ਨੂੰ ਜ਼ਰੂਰ avoid ਕਰਨ ਦੀ ਕੋਸ਼ਿਸ਼ ਕਰੇਗੀ।

24 ਦਿਸੰਬਰ ਨੂੰ ਸਾਰੇ ਪੰਜਾਬ ਵਿਚ ਯਕਾਯਕ ਬੜਾ ਰੌਲਾ ਪੈ ਗਿਆ। ਜਿਹੜਾ ਲਫ਼ਜ਼ ਇਸਤੇਮਾਲ ਹੋਇਆ ਉਸ ਦਾ ਮਤਲਬ ਰੌਲਾ ਹੀ ਨਿਕਲਦਾ ਹੈ। ਸਾਰਿਆਂ ਵਜ਼ੀਰਾਂ ਨੇ ਇਕ ਇਕ ਜ਼ਿਲੇ ਵਿਚ ਦੌਰੇ ਕੀਤੇ। ਲੋਕਾਂ ਨੂੰ ਕਿਹਾ ਕਿ ਵਧ ਤੋਂ ਵਧ ਅਨਾਜ ਪੈਦਾ ਕਰੋ ਕਿਉਂਕਿ ਮੁਲਕ ਵਿਚ ਅਨਾਜ ਦਾ ਸੰਕਟ ਹੈ ਇਸ ਵਿਚ ਮਦਦ ਕਰੋ। ਪਰ ਇਨ੍ਹਾਂ ਨੇ ਆਪ ਕੀ ਕੀਤਾ ਹੈ? ਜਿਤਨਾ ਪੈਸਾ ਪਿਛਲੇ ਸਾਲ agricultural produce ਨੂੰ ਵਧਾਉਣ ਲਈ ਰਖਿਆ ਸੀ ਉਸ ਨੂੰ ਇਸ ਸਾਲ ਘਟ ਕਰ ਦਿੱਤਾ ਹੈ। ਮੇਰੇ ਖਿਆਲ ਦੇ ਮੁਤਾਬਕ ਇਸ ਵਾਰੀ 20 ਲੱਖ ਦੇ ਕਰੀਬ ਰੁਪਿਆ ਘਟਾਇਆ ਗਿਆ ਹੈ। ਪਤਾ ਨਹੀਂ ਕਿ ਲੋਕ ਕਿਵੇਂ ਇਸ ਪਾਸੇ ਤਰੱਕੀ ਕਰ ਸਕਣਗੇ? ਕੀ ਸਰਕਾਰ ਇਹ ਸਮਝਦੀ ਹੈ ਕਿ ਉਹ ਤਾਂ ਰੁਪਏ ਤੋਂ ਬਗੈਰ ਕੰਮ ਨਹੀਂ ਕਰ ਸਕਦੀ ਤੇ ਲੋਕ ਰੁਪਏ ਤੋਂ ਬਿਨਾ ਹੀ ਕੰਮ ਕਰ ਲੈਣਗੇ? ਮੈਂ ਪੁਛਦਾ ਹਾਂ ਕਿ ਇਹ view ਕਿਉਂ ਲਿਆ ਗਿਆ ਹੈ? (ਘੰਟੀ) ਸਪੀਕਰ ਸਾਹਿਬ, ਬੜੀ ਦੇਰ ਬਾਅਦ ਮੈਨੂੰ ਬੋਲਣ ਦਾ ਮੌਕਾ ਮਿਲਿਆ ਹੈ। ਸਿਰਫ਼ ਦੋ ਗੱਲਾਂ ਹੋਰ ਅਰਜ਼ ਕਰਨੀਆਂ ਹਨ।

ਇਕ ਜ਼ਰੂਰੀ ਅਰਜ਼ ਕਰਦਾ ਹਾਂ। ਪੰਜਾਬ ਵਿਚ ਮਸ਼ੀਨਾਂ ਚੰਗੀਆਂ ਹੋਣ ਕਰਕੇ ਬੰਬਈ ਤੇ ਦੂਜੇ ਸੂਬਿਆਂ ਵਿਚ ਜਾ ਰਹੀਆਂ ਹਨ ਸਾਨੂੰ ਬਾਹਰਲੇ ਸੂਬਿਆਂ ਨਾਲ ਸ਼ੀਰਖਾ

[ਸਰਦਾਰ ਮਿਹਰ ਸਿੰਘ]

ਨਹੀਂ । ਮੁਖਾਲਫ਼ਤ ਦੇ ਭਾਵ ਨਾਲ ਮੈਂ ਨਹੀਂ ਕਹਿ ਰਿਹਾ । ਪਰ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਨਮੂਨੇ ਜਾਂ ਨੁਮਾਇਸ਼ ਦੇ ਤੌਰ ਤੇ ਤਾਂ ਭਾਵੇਂ ਪਸ਼ੂਆਂ ਨੂੰ ਇਥੋਂ ਬਾਹਰ ਭੇਜਿਆ ਜਾਵੇ ਪਰ ਜੇ ਯਕਾਯਕ ਬਹੁਤ ਭਾਰੀ ਤਾਦਾਦ ਵਿਚ ਸਾਡੇ ਸੂਬੇ 'ਚੋਂ ਪਸ਼ੂ ਬਾਹਰ ਕਢੇ ਜਾ ਰਹੇ ਹੋਣ ਤਾਂ ਲਾਜ਼ਮੀ ਤੌਰ ਤੇ ਸਾਡੇ ਸੂਬੇ ਨੂੰ ਇਸ ਨਾਲ ਨੁਕਸਾਨ ਹੁੰਦਾ ਹੈ । ਸਰਕਾਰ ਨੂੰ ਜ਼ਰੂਰ ਇਸ ਪਾਸੇ ਆਪਣਾ ਧਿਆਨ ਦੇਣਾ ਚਾਹੀਦਾ ਹੈ ।

ਅਖੀਰ ਵਿਚ ਮੈਂ ਫਰੀਦਕੋਟ ਦੇ ਇਲਾਕੇ ਬਾਰੇ ਕੁਝ ਅਰਜ਼ ਕਰਦਾ ਹਾਂ । ਉਥੇ ਖੂਹ ਲਗਾਉਣ ਦੀ ਬੜੀ ਜ਼ਰੂਰਤ ਹੈ ਅਤੇ ਹਾਲਾਤ ਵੀ ਬੜੇ ਮੁਆਫ਼ਕ ਹਨ । ਪਿਛਲੇ ਤੋਂ ਪਿਛਲੇ ਸਾਲ ਜਿਸ ਵਕਤ ਗਵਰਨਰ ਸਾਹਿਬ ਨੇ Address ਪੜ੍ਹਿਆ ਤਾਂ ਬੜੇ ਅੰਕੜੇ ਦਸੇ । ਦਸਿਆ ਕਿ 400 ਖੂਹ ਲਗੇ । ਲੇਕਿਨ ਮੈਂ ਪੈਪਸੂ ਦੇ ਅੰਕੜੇ ਅਰਜ਼ ਕਰਾਂ ਇਕ ਸਾਲ ਵਿਚ ਏਥੇ ਇਕ ਤਹਿਸੀਲ ਵਿਚ 400 ਖੂਹ ਪੁੱਟੇ । ਉਸ ਵਾਸਤੇ ਅਰਜ਼ੀਆਂ ਦਿਤੀਆਂ ਕਿ loans ਦਿੱਤੇ ਜਾਣ । ਲੇਕਿਨ ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ 119 ਅਰਜ਼ੀਆਂ ਰੁਲਦੀਆਂ ਪਈਆਂ ਹਨ । ਸਰਕਾਰ ਅੱਗੇ ਫੇਰ ਮੁਤਾਲਬਾ ਕੀਤਾ ਗਿਆ ਲੇਕਿਨ ਉਨ੍ਹਾਂ ਸਾਰੀਆਂ ਅਰਜ਼ੀਆਂ ਤੇ ਕੋਈ ਗੌਰ ਨਹੀਂ ਹੋਇਆ (ਘੰਟੀ) ਔਰ ਕੋਈ ਰੁਪਿਆ ਨਹੀਂ ਮਿਲਿਆ । ਮੈਂ ਸਮਝਦਾ ਹਾਂ ਕਿ ਸਰਕਾਰ ਜਦ ਦਾਵਾ ਕਰਦੀ ਹੈ ਕਿ ਅਸਾਂ ਮੁਲਕ ਦੀ agricultural produce ਨੂੰ ਵਧਾਉਣਾ ਹੈ; ਖੂਹਾਂ ਅਤੇ pumping sets ਵਾਸਤੇ ਜੋ ਪੈਸੇ ਮੰਗੇ ਗਏ ਹਨ ਉਨ੍ਹਾਂ ਦੀ ਜ਼ਰੂਰਤ ਨੂੰ ਜ਼ਰੂਰ ਪੂਰਾ ਕਰੇ । ਇਨ੍ਹਾਂ ਲਫ਼ਜ਼ਾਂ ਨਾਲ ਮੈਂ ਮਨਿਸਟਰਾਂ ਅਗੇ ਅਪੀਲ ਕਰਦਾ ਹਾਂ ਕਿ ਫਰੀਦਕੋਟ ਦੇ area ਵੱਲ ਖਾਸ ਤੌਰ ਤੇ ਧਿਆਨ ਦਿੱਤਾ ਜਾਵੇ ।

ਪੰਡਤ ਰਾਮ ਕਿਸ਼ਨ ਭੜੋਲੀਆਂ (ਊਨਾ) : ਸਪੀਕਰ ਸਾਹਿਬ, ਜ਼ਰਾਇਤ ਦੀ ਤਰੱਕੀ ਲਈ ਜਿਹੜੀ demand ਸਾਡੇ ਸਾਹਮਣੇ ਰਖੀ ਗਈ ਹੈ ਇਸ ਵਿਚ 1,30,01,600 ਰੁਪਏ ਦੀ ਮੰਜ਼ੂਰੀ ਮੰਗੀ ਗਈ ਹੈ । ਇਸ ਵਿਚ ਕੋਈ ਸ਼ਕ ਨਹੀਂ ਕਿ ਅੱਜ ਸਾਡੇ ਸਾਰੇ ਮੁਲਕ ਦੇ ਵਿਚ ਖੁਰਾਕ ਦਾ ਬਹੁਤ ਭਾਰਾ ਸੰਕਟ ਹੈ । ਕਦੇ ਕਿਸੇ ਸੂਬੇ ਵਿਚੋਂ ਕਾਲ ਦੀ ਖਬਰ ਆ ਜਾਂਦੀ ਹੈ ਅਤੇ ਕਦੇ ਕਿਸੇ ਸੂਬੇ ਵਿਚੋਂ । ਬਲਕਿ ਕਦੇ ਇਕ ਜ਼ਿਲ੍ਹੇ ਵਿਚੋਂ ਤੇ ਕਦੇ ਦੂਸਰੇ ਜ਼ਿਲ੍ਹੇ ਵਿਚੋਂ । ਜਿਥੋਂ ਤੀਕਰ ਸਾਡੇ ਸੂਬੇ ਦਾ ਤੁਅੱਲੁਕ ਹੈ ਮੈਂ ਕੀ ਸੁਣਾਵਾਂ ? ਅਜ ਦੀ ਮਿਲਾਪ ਪੜ੍ਹ ਲਓ—ਇਕ ਬੰਦੇ ਨੇ ਪਹਿਲਾਂ ਆਪਣੇ ਦੋ ਬਚਿਆਂ ਨੂੰ ਮਾਰ ਕੇ ਬਾਅਦ ਵਿਚ ਆਪਣੀ ਵੀ ਖੁਦਕਸ਼ੀ ਕਰ ਲਈ । ਇਹ ਚੀਜ਼ ਆਪਣੇ ਸੂਬੇ ਦਾ ਸਾਰਾ ਹਾਲ ਖੋਲ੍ਹ ਕੇ ਰਖ ਦਿੰਦੀ ਹੈ । ਇਸ ਨਾਲ ਇਹ ਨਹੀਂ ਵੇਖਿਆ ਜਾਵੇਗਾ ਕਿ ਅਸੀਂ surplus food ਪੈਦਾ ਕਰਦੇ ਹਾਂ । Surplus ਪੈਦਾਵਾਰ ਕਰਨ ਦਾ ਇਹ ਮਿਆਰ ਨਹੀਂ ਕਿ ਅਸੀਂ ਕਿਤਨੀ ਉਪਜ ਬਾਹਰ ਭੇਜਦੇ ਹਾਂ ਪਰ ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਉਣਾ ਚਾਹੀਦਾ ਹੈ ਕਿ ਕਣਕ ਸਾਡੇ ਸੂਬੇ ਵਿਚ ਇਸ ਭਾ ਤੇ ਮਿਲਦੀ ਹੈ ।

(At this stage Khan Abdul Ghaffar Khan, a Member of the Panel of Chairmen occupied the Chair.)

ਚੇਅਰਮੈਨ ਸਾਹਿਬ ; Second Five-Year Plan ਵਿਚ ਸਾਡੇ ਸੂਬੇ ਲਈ ਇਕ ਗਲ ਇਹ ਸਾਮਣੇ ਰਖੀ ਗਈ ਕਿ ਅਨਾਜ ਦਾ ਜਿਹੜਾ ਸੰਕਟ ਹੈ ਇਸ ਨੂੰ ਕਿਸ ਤਰੀਕੇ ਨਾਲ

ਦੂਰ ਕੀਤਾ ਜਾਵੇ ਕਿਉਂਕਿ ਇਹ ਸੰਕਟ ਸਾਰੇ ਮੁਲਕ ਦਾ ਸੰਕਟ ਹੈ। ਇਸ ਨਾਲ ਇਹ ਹੀ ਨਹੀਂ ਹੋ ਰਿਹਾ ਕਿ ਅਨਾਜ ਦੀਆਂ ਕੀਮਤਾਂ ਵਧ ਰਹੀਆਂ ਹਨ ਬਲਕਿ ਬਾਹਰਲੇ Countries ਵਿਚ ਸਾਡਾ exchange credit ਦਿਨੋ ਦਿਨ ਵਧ ਰਿਹਾ ਹੈ ਅਤੇ ਸਾਨੂੰ ਅਨਾਜ ਮੰਗਵਾਉਣ ਲਈ ਆਪਣਾ gold and silver, ਸੋਨਾ ਤੇ ਚਾਂਦੀ ਦੇਣਾ ਪੈ ਰਿਹਾ ਹੈ। ਇਥੋਂ ਦੀ ਜਰਾਇਤੀ ਤਰਕੀ ਵੱਲ ਸਾਡੀ ਸਰਕਾਰ ਦਾ ਕਿਤਨਾ ਕੁ ਧਿਆਨ ਹੈ ਉਹ ਇਸ ਗੱਲ ਤੋਂ ਜਾਹਿਰ ਹੋ ਜਾਂਦਾ ਹੈ ਕਿ ਪਿਛਲੇ ਸਾਲ ਇਸ ਮਹਿਕਮੇ ਲਈ ਜਿਤਨਾ ਰੁਪਿਆ ਖਰਚ ਹੋਇਆ ਸੀ ਇਸ ਸਾਲ ਇਸ ਵਿਚੋਂ 17 ਲੱਖ ਰੁਪਿਆ ਘਟ ਕਰ ਦਿੱਤਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਰੁਪਿਆ ਘਟ ਗਿਆ ਹੈ—ਸਰਕਾਰ ਦੇ ਖਜਾਨੇ ਵਿਚ ਰੁਪਏ ਦੀ ਕੰਮੀ ਹੋ ਗਈ ਹੈ ਪਰ ਇਸ ਤੋਂ ਇਨ੍ਹਾਂ ਦੀ ਨੀਤੀ ਦਾ ਪਤਾ ਲਗਦਾ ਹੈ।

ਚੇਅਰਮੈਨ ਸਾਹਿਬ, ਜਰਾਇਤ ਦੀ ਤਰੱਕੀ ਜਾਂ ਖੁਰਾਕ ਦੀ ਜ਼ਿਆਦਾ ਪੈਦਾਵਾਰ ਦੋ ਢੰਗਾਂ ਨਾਲ ਹੋ ਸਕਦੀ ਹੈ। ਇਕ ਤਾਂ ਇਹ ਵੇਖਣ ਦੀ ਲੋੜ ਹੈ ਕਿ ਜ਼ਮੀਨ ਉਸ ਦੇ ਵਾਹੁਣ ਵਾਲੇ ਕੋਲ ਹੈ ਜਾਂ ਨਹੀਂ। Land to the tiller ਹੋਈ ਹੈ ਜਾਂ ਨਹੀਂ। ਜਿਥੋਂ ਤਕ ਇਸ ਗੱਲ ਦਾ ਤਾਲੁੱਕ ਹੈ ਮੈਂ ਜ਼ਿਆਦਾ ਬੋਲਣ ਦੀ ਲੋੜ ਨਹੀਂ ਸਮਝਦਾ। ਇਹ ਚੀਜ਼ ਇਸੇ ਤੋਂ ਨਜ਼ਰ ਆ ਜਾਂਦੀ ਹੈ ਕਿ ਸਾਡੀ ਸਰਕਾਰ ਨੇ ਜਿਤਨੇ ਵੀ ਮੁਜ਼ਾਰਿਆਂ ਦੀ ਹਿਫਾਜ਼ਤ ਲਈ ਜ਼ਰਾਇਤੀ ਕਵਾਨੀਨ ਬਣਾਏ ਹਨ ਉਨ੍ਹਾਂ ਵਿਚ ਇਕ ਤੋਂ ਬਾਅਦ ਦੂਜੀ, ਦੂਜੀ ਦੇ ਬਾਅਦ ਤੀਸਰੀ ਤੇ ਤੀਸਰੀ ਤੋਂ ਬਾਅਦ ਚੌਥੀ ਤਰਮੀਮ ਲਿਆਉਣੀ ਪਈ। ਇਸ ਬਾਰੇ Central Government ਦੇ ਬੜੇ ਵਡੇ ਵਡੇ ਮਿਨਿਸਟਰਾਂ ਨੇ ਵੀ ਕਿਹਾ ਹੈ, Planning Commission ਨੇ ਵੀ ਕਿਹਾ ਹੈ ਕਿ ਇਸ ਮਾਮਲੇ ਵਿਚ ਪੰਜਾਬ ਦੀ ਸਰਕਾਰ ਬੜੀ ਬੁਰੀ ਤਰ੍ਹਾਂ ਫੇਲ ਹੋਈ ਹੈ। ਜ਼ਰਾਇਤੀ ਮਸਲੇ ਦਾ ਹਲ ਅਜੇ ਤਕ ਨਹੀਂ ਕਰ ਸਕੀ। ਇਸ ਸਿਲਸਿਲੇ ਵਿਚ ਮੈਂ ਇਹ ਅਰਜ ਕਰਨੀ ਚਾਹੁੰਦਾ ਹਾਂ ਕਿ ਬਜਾਏ ਇਸ ਦੇ ਕਿ ਸੂਬੇ ਵਿਚ available 'man power' ਨੂੰ ਇਸਤੇਮਾਲ ਕੀਤਾ ਜਾਵੇ—ਉਨ੍ਹਾਂ ਨੂੰ ਬੇਕਾਰ ਕਰਨ ਲਈ ਲਖਾਂ ਰੁਪਿਆ tractors ਖਰੀਦਣ ਵਾਸਤੇ ਰਖਿਆ ਹੈ।

20 ਲੱਖ ਰੁਪਿਆ ਟਰੈਕਟਰਾਂ ਲਈ ਰਖਿਆ ਗਿਆ ਹੈ (ਇਕ ਅਵਾਜ਼—20 ਲੱਖ ਨਹੀਂ 16 ਲੱਖ ਹੈ) ਹਾਂ 16 ਲੱਖ ਹੈ। I am sorry. ਅੱਜ ਦੇ science ਦੇ ਜ਼ਮਾਨੇ ਵਿਚ ਕੋਈ ਆਦਮੀ ਇਹ ਸਵਾਲ ਨਹੀਂ ਕਰ ਸਕਦਾ ਕਿ tractor ਨਹੀਂ ਚਲਣੇ ਚਾਹੀਦੇ। ਮੈਂ ਟਰੈਕਟਰਾਂ ਦੇ ਖਿਲਾਫ ਨਹੀਂ। Tractor ਚਲਣੇ ਚਾਹੀਦੇ ਹਨ, ਇਹ ਫਾਇਦੇ ਮੰਦ ਹਨ ਲੇਕਿਨ machinery ਦੀ ਵਰਤੋਂ ਕਿਸੇ ਮੁਲਕ ਵਿਚ ਉਸ ਵੇਲੇ ਫਾਇਦੇ ਮੰਦ ਹੁੰਦੀ ਹੈ ਜਿਸ ਵੇਲੇ ਉਥੇ ਦੀ ਸਾਰੀ ਦੀ ਸਾਰੀ man power ਕੰਮ ਵਿਚ ਲਗਾਈ ਜਾ ਚੁਕੀ ਹੋਵੇ। ਪਰ ਇਥੇ ਤਾਂ ਲਖਾਂ ਕਿਸਾਨ ਬੇਕਾਰ ਕਰ ਦਿੱਤੇ ਗਏ ਹਨ। ਇਕ ਪਾਸੇ ਉਨ੍ਹਾਂ ਨੂੰ ਬੇਕਾਰ ਕੀਤਾ ਜਾ ਰਿਹਾ ਹੈ ਦੂਜੇ ਪਾਸੇ tractor ਲਿਆ ਕੇ ਵਡੇ ਵਡੇ ਜਾਗੀਰਦਾਰਾਂ ਨੂੰ ਦਿੱਤੇ ਜਾ ਰਹੇ ਹਨ। ਇਸ ਤਰ੍ਹਾਂ ਦੀ ਮਿਸਾਲ ਹੋਰ ਕਿਸੇ ਵੀ ਮੁਲਕ ਵਿਚ ਨਹੀਂ ਮਿਲ ਸਕਦੀ। ਇਸ ਤਰ੍ਹਾਂ ਦੀ single ਮਿਸਾਲ ਵੀ ਸਾਡੇ ਪੰਜਾਬ ਦੇ ਜ਼ਰਾਇਤ ਦੇ ਮਨਿਸਟਰ ਨਹੀਂ ਦੇ ਸਕਦੇ।

ਅਗੇ ਚਲ ਕੇ ਦਸਿਆ ਗਿਆ ਹੈ ਕਿ ਬਾਗ਼ਬਾਨੀ ਦੀ ਤਰੱਕੀ ਲਈ 11 ਲੱਖ ਰੁਪਏ ਦੀ ਰਕਮ ਰਖੀ ਗਈ ਹੈ। ਇਹ ਠੀਕ ਹੈ ਕਿ ਬਾਗ਼ਬਾਨੀ ਦੀ ਤਰੱਕੀ ਹੋਣੀ ਚਾਹੀਦੀ ਹੈ। ਮੈਂ

[ਪੰਡਤ ਰਾਮਕਿਸ਼ਨ ਭੜੋਲੀਆਂ]

ਇਸ ਦੇ ਖਿਲਾਫ ਨਹੀਂ ਹਾਂ । ਪਰ ਮੈਂ ਇਹ ਵੇਖ ਕੇ ਹੈਰਾਨ ਹੁੰਦਾ ਹਾਂ ਕਿ ਇਕ ਪਾਸੇ ਤਾਂ ਇਹ ਸਰਕਾਰ ਜ਼ਮੀਨ ਦੀ ceiling ਮੁਕੱਰਰ ਕਰਨ ਦੇ ਦਾਵੇ ਬਨ੍ਹ ਰਹੀ ਹੈ ਐਰ ਦੂਜੇ ਪਾਸੇ ਇਹ ਵਡੇ ਵਡੇ ਜਾਗੀਰਦਾਰਾਂ ਨੂੰ ਬਾਗਬਾਨੀ ਵਾਸਤੇ ਜ਼ਮੀਨਾਂ reserve ਕਰਨ ਦੀ ਖੁਲ੍ਹ ਦੇ ਕੇ ਉਨ੍ਹਾਂ ਨੂੰ ਉਤਸ਼ਾਹ ਦੇ ਰਹੀ ਹੈ ਤਾਂ ਜੋ ਉਹ ਬਾਗ ਵਧ ਤੋਂ ਵਧ ਲਾ ਲੈਣ ਐਰ ਮੁਜ਼ਾਰਿਆਂ ਲਈ ਜ਼ਮੀਨ ਨਾ ਬਚੇ ।

ਅਗਲੀ ਗੱਲ ਚੇਅਰਮੈਨ ਸਾਹਿਬ ਮੈਂ ਇਹ ਦਸਣੀ ਚਾਹੁੰਦਾ ਹਾਂ ਕਿ ਇਸ ਵਿਚ pumping sets ਐਰ tube-wells ਲਗਾਉਣ ਲਈ 24 ਲੱਖ ਰੁਪਏ ਦੀ ਰਕਮ ਰਖੀ ਗਈ ਹੈ । ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਇਸ ਦਾ ਫਾਇਦਾ ਆਮ ਕਿਸਾਨ ਨਹੀਂ ਉਠਾ ਸਕਦੇ ਬਲਕਿ rich peasants ਹੀ ਇਸ ਦਾ ਫਾਇਦਾ ਉਠਾਉਂਦੇ ਹਨ।

ਇਸ ਤੋਂ ਅਗੇ 20,70,900 ਰੁਪਿਆ demonstrations ਕਰਨ ਲਈ, ਮੇਲੇ ਲਾਉਣ ਲਈ ਅਤੇ propaganda ਕਰਨ ਲਈ ਰਖਿਆ ਗਿਆ ਹੈ। ਇਹ ਠੀਕ ਹੈ ਕਿ demonstrations ਕਰਨੀਆਂ ਚਾਹੀਦੀਆਂ ਹਨ (ਇਕ ਆਵਾਜ਼—Propaganda ਵੀ ਹੋਣਾ ਚਾਹੀਦਾ ਹੈ) । ਲੇਕਿਨ ਸਵਾਲ ਇਹ ਹੈ ਕਿ ਜਿਥੇ ਮੇਲੇ ਲਾਏ ਜਾਣ ਐਰ propaganda ਕੀਤਾ ਜਾਵੇ ਉਥੇ ਜੋ ਬੁਨਿਆਦੀ education ਹੈ ਉਹ ਵੀ ਪਿੰਡਾਂ ਦੇ ਵਿਚ ਕਿਸਾਨਾਂ ਦੇ ਬਚਿਆਂ ਨੂੰ ਮਿਲਣੀ ਚਾਹੀਦੀ ਹੈ ਜਾਂ ਨਹੀਂ ਜਿਸ ਨਾਲ ਉਹ ਖੇਤੀ ਬਾੜੀ ਨੂੰ ਵਧ ਤੋਂ ਵਧ ਤਰੱਕੀ ਦੇ ਸਕਣ । ਸਰਕਾਰ ਤਾਂ ਇਸ ਪਾਸੇ ਕੋਈ ਜ਼ਿਆਦਾ ਧਿਆਨ ਨਹੀਂ ਦੇ ਰਹੀ। ਇਸ ਗੱਲ ਦਾ ਪਤਾ ਇਸ ਚੀਜ਼ ਤੋਂ ਲਗਦਾ ਹੈ ਕਿ ਇਥੇ ਸਾਰੇ ਪੰਜਾਬ ਵਿਚ ਇਕ ਹੀ agriculture college ਹੈ ਜਿਹੜਾ ਕਿ ਲੁਧਿਆਨੇ ਵਿਚ ਹੈ ਜਾਂ ਇਹ ਕੁਝ grant ਅੰਮ੍ਰਿਤਸਰ ਦੇ ਖਾਲਸਾ ਕਾਲਜ ਨੂੰ ਦਿੰਦੀ ਹੈ । ਇਸ ਤੋਂ ਵਧ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ । ਹੋਰ ਸਕੂਲਾਂ ਵਿਚ ਤੀਜੀ ਜਮਾਤ ਤੇ ਚੌਥੀ ਜਮਾਤ ਦੇ ਲੜਕਿਆਂ ਦਾ ਨਾਂ ਰਖ ਦਿੰਦੇ ਨੇ Young Farmers Association । ਇਹੋ ਜਿਹੀ ਕਾਰਵਾਈ ਹੋ ਰਹੀ ਹੈ। ਮੁਮਕਨ ਹੈ ਕਿ ਜ਼ਰਾਇਤ ਦੇ ਮਨਿਸਟਰ ਸਾਹਿਬ ਸਰਦਾਰ ਗੁਰਬੰਤਾ ਸਿੰਘ ਪਾਸ ਵੀ ਇਹ ਚੀਜ਼ਾਂ ਪਹੁੰਚਾਈਆਂ ਜਾਂਦੀਆਂ ਹੋਣ ਐਰ ਨਹਿਰੂ ਜੀ ਨੂੰ ਵੀ ਇਸ ਨਾਲ ਧੋਖਾ ਦੇ ਲੈਂਦੇ ਹੋਣ । ਲੇਕਿਨ ਜ਼ਰਾਇਤ ਬਾਰੇ ਜਿਹੜੀ ਸਹੀ education ਹੋਣੀ ਚਾਹੀਦੀ ਹੈ ਉਹ ਪੰਜਾਬ ਵਿਚੋਂ ਬਿਲਕੁਲ ਗਾਇਬ ਹੈ ।

ਇਸ ਤੋਂ ਅਗੇ ਚਲ ਕੇ Agricultural Education ਲਈ 18,42,860 ਰੁਪਏ ਦੀ ਰਕਮ ਰਖੀ ਗਈ ਹੈ ਜਿਹੜੀ ਕਿ ਉਸ ਰਕਮ ਨਾਲੋਂ ਵੀ ਘਟ ਹੈ ਜਿਹੜੀ ਕਿ demostrations ਕਰਨ ਲਈ, ਮੇਲੇ ਲਗਾਉਣ ਲਈ ਐਰ propaganda ਕਰਨ ਲਈ ਰਖੀ ਗਈ ਹੈ। ਇਸ ਤੋਂ ਸਾਫ਼ ਜ਼ਾਹਰ ਹੈ ਕਿ ਇਸ education ਵਲ ਜਿਹੜੀ ਕਿ ਜ਼ਰਾਇਤ ਦੀ ਤਰੱਕੀ ਲਈ ਇਕ ਬੁਨਿਆਦੀ ਚੀਜ਼ ਹੈ, ਪੂਰਾ ਧਿਆਨ ਨਹੀਂ ਦਿੱਤਾ ਗਿਆ ।

ਅਗਲੀ ਚੀਜ਼ boring ਦਸੀ ਗਈ ਹੈ । ਇਸ ਬਜਟ ਵਿਚ boring ਲਈ 2,23,640 ਰੁਪਏ ਦੀ ਰਕਮ ਰਖੀ ਗਈ ਹੈ । ਇਸ ਵੇਲੇ ਤਕ ਜਿਤਨੀ ਵੀ ਸਰਕਾਰੀ ਤੌਰ ਤੇ boring ਕੀਤੀ ਗਈ ਹੈ ਉਹ ਜ਼ਿਆਦਾ ਤਰ fail ਹੋਈ ਹੈ ਪਰ ਉਸ ਦੇ ਮੁਕਾਬਲੇ

ਵਿਚ privately ਜਿਤਨੀ ਥਾਵਾਂ ਤੇ boring ਕੀਤੀ ਗਈ ਹੈ ਉਹ ਕਾਮਯਾਬ ਹੋਈ ਹੈ। ਜੇਕਰ ਮਨਿਸਟਰ ਸਾਹਿਬ ਇਹ ਗੱਲ ਗਲਤ ਕਹਿਣ ਤਾਂ ਮੈਂ ਉਨ੍ਹਾਂ ਨੂੰ challenge ਕਰਦਾ ਹਾਂ ਕਿ ਉਹ ਮੇਰੇ ਨਾਲ ਚਲ ਕੇ ਖੁਦ ਦੇਖ ਲੈਣ ਜਾਂ ਇਕ Commission ਮੁਕਰੱਰ ਕਰਨ ਜਿਹੜੀ ਇਸ ਚੀਜ਼ ਨੂੰ ਵੇਖੇ। ਮੈਂ ਇਹ ਦਾਵੇ ਨਾਲ ਕਹਿੰਦਾ ਹਾਂ ਕਿ ਜਿਤਨੀ boring ਸਰਕਾਰੀ ਤੌਰ ਤੇ ਕੀਤੀ ਗਈ ਹੈ ਉਹ ਜ਼ਿਆਦਾਤਰ ਫੇਲ ਹੋਈ ਹੈ ਪਰ ਜਿਹੜੀ private agencies ਨੇ ਕੀਤੀ ਹੈ ਉਹ ਕਾਮਯਾਬ ਹੋਈ ਹੈ। (ਜ਼ਰਾਇਤ ਮੰਤ੍ਰੀ : ਅਸੀਂ ਦੋਵੇਂ ਚਲੇ ਚਲਾਂਗੇ)।

ਅਗਲੀ ਗੱਲ ਜਿਸ ਤੋਂ ਸਰਕਾਰ ਦੀ ਨਾਅਹਿਲੀਅਤ ਦਿਖਾਈ ਦਿੰਦੀ ਹੈ ਉਹ ਇਹ ਹੈ ਕਿ ਇਹ ਠੀਕ ਹੈ ਕਿ ਇਥੇ ਨਵੀਆਂ ਸੜਕਾਂ ਬਣਾਈਆਂ ਗਈਆਂ ਹਨ, ਰਾਜਬਾਹ ਨਿਕਲੇ ਹਨ ਔਰ ਰੇਲਵੇ ਲਾਈਨਾਂ ਵੀ ਕਿਤੇ ਕਿਤੇ ਨਿਕਲੀਆਂ ਹਨ ਪਰ ਜਿਥੇ ਉਨ੍ਹਾਂ ਦੇ ਸਾਈਫ਼ਨ ਰਖੇ ਗਏ ਹਨ, ਉਨ੍ਹਾਂ ਸਾਈਫਨਾਂ ਦੇ ਰਖਣ ਵੇਲੇ ਇਸ ਗੱਲ ਦਾ ਧਿਆਨ ਨਹੀਂ ਰਖਿਆ ਗਿਆ ਕਿ ਉਨ੍ਹਾਂ ਵਿਚੋਂ ਪਾਣੀ ਦੀ ਕਿਤਨੀ ਮਿਕਦਾਰ ਲੰਘਣੀ ਹੈ ਅਤੇ ਸਾਈਫ਼ਨ ਦਾ ਮੂੰਹ ਕਿਤਨਾ ਵਡਾ ਹੋਣਾ ਚਾਹੀਦਾ ਹੈ। ਇਸ ਗੱਲ ਦਾ ਬਿਲਕੁਲ ਧਿਆਨ ਹੀ ਨਹੀਂ ਰਖਿਆ ਗਿਆ। ਜਿਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਪੰਜਾਬ ਦੇ ਅੰਦਰ ਲੱਖਾਂ ਏਕੜ ਜ਼ਮੀਨ ਬਰਬਾਦ ਹੋ ਗਈ ਹੈ। ਜਾਂ ਉਥੇ ਸੇਮ ਹੋ ਗਈ ਹੈ ਜਾਂ ਉਹ ਬੰਜਰ ਬਣ ਗਈ ਹੈ। ਜਿਥੇ ਪੰਜਾਬ ਵਿਚ 1954 ਵਿਚ 4,18,513 ਏਕੜ ਜ਼ਮੀਨ ਸੇਮਜ਼ਦਾ ਸੀ ਇਨ੍ਹਾਂ ਸਾਈਫਨਾ ਦੇ ਠੀਕ ਨਾ ਬਣਾਏ ਜਾਣ ਕਰ ਕੇ ਹੁਣ 1958 ਵਿਚ 48 ਲੱਖ ਏਕੜ ਜ਼ਮੀਨ ਸੇਮਜ਼ਦਾ ਹੋ ਚੁਕੀ ਹੈ। ਇਨ੍ਹਾਂ ਗੱਲਾਂ ਦੇ ਹੁੰਦਿਆਂ ਹੋਇਆਂ ਵੀ ਸਾਡੀ ਸਰਕਾਰ ਬੜੇ ਦਾਵੇ ਬਨ੍ਹਦੀ ਹੈ ਕਿ ਅਸੀਂ ਕਿਸ ਤਰ੍ਹਾਂ agriculture ਵਿਚ ਤਰੱਕੀ ਕਰ ਰਹੇ ਹਾਂ। ਇਨ੍ਹਾਂ ਨੁਕਸਾਂ ਨੂੰ ਦੂਰ ਕਰਨ ਲਈ ਮੈਂ ਸਰਕਾਰ ਨੂੰ ਸਲਾਹ ਦਿੰਦਾ ਹਾਂ ਕਿ ਇਸ ਦੇ ਚਾਰ ਮਹਿਕਮਿਆਂ ਵਿਚ co-ordination ਹੋਣੀ ਚਾਹੀਦੀ ਹੈ ਉਹ ਚਾਰ ਮਹਿਕਮੇ ਹਨ (1) P.W.D. (2) ਮੁਰਬੇਬੰਦੀ ਦਾ ਮਹਿਕਮਾ (3) ਮਹਿਕਮਾ ਜੰਗਲਾਤ ਔਰ (4) ਰੇਲਵੇ। ਜਿਥੇ ਇਹ ਚੀਜ਼ਾਂ ਬਣਾਈਆਂ ਜਾਣ ਇਹ ਇਨ੍ਹਾਂ ਚਾਰ ਮਹਿਕਮਿਆਂ ਦੀ co-ordination ਦੇ ਨਾਲ ਬਣਾਈਆਂ ਜਾਣ। ਪਰ ਅੱਜ ਕੀ ਹੋ ਰਿਹਾ ਹੈ ? ਇਸ ਵੇਲੇ ਜੇ P.W.D. ਦਾ ਮੂੰਹ ਇਕ ਪਾਸੇ ਹੈ ਤਾਂ ਰੇਲਵੇ ਤੇ ਮੁਰਬੇ ਬੰਦੀ ਦੇ ਮਹਿਕਮਿਆਂ ਦਾ ਮੂੰਹ ਬਿਲਕੁਲ ਹੋਰ ਪਾਸੇ ਹੁੰਦਾ ਹੈ ਅਤੇ ਜੰਗਲਾਤ ਦੇ ਮਹਿਕਮੇ ਦਾ ਧਿਆਨ ਤਾਂ ਬਿਲਕੁਲ ਹੋਰ ਹੀ ਪਾਸੇ ਹੁੰਦਾ ਹੈ। ਇਨ੍ਹਾਂ ਵਿਚ ਕੋਈ ਤਾਲ ਮੇਲ ਨਹੀਂ ਹੁੰਦਾ, ਕੋਈ ਉਨ੍ਹਾਂ ਦਾ ਆਪੋ ਵਿਚ ਤਾਲੁਕ ਨਹੀਂ ਹੈ ਤੇ ਇਹ ਇਕ ਦੂਜੇ ਤੋਂ ਬਿਲਕੁਲ ਬਾਗ਼ੀ ਹਨ। ਉਨ੍ਹਾਂ ਦੇ ਬਾਗ਼ੀ ਹੋਣ ਦਾ ਨਤੀਜਾ ਇਹ ਹੋਇਆ ਹੈ ਕਿ ਲਖਾਂ ਏਕੜ ਜ਼ਮੀਨ ਬਰਬਾਦ ਹੋ ਗਈ ਹੈ। ਪਰ ਦੂਜੇ ਪਾਸੇ ਮਾਲੀਆ, ਆਬੀਆਨਾ ਔਰ Local Rates ਤਮਾਮ ਚੀਜ਼ਾਂ ਇਥੇ ਇਤਨੇ ਵਧ ਰਹੇ ਹਨ।

ਅਗਲੀ ਗੱਲ ਚੇਅਰਮੈਨ ਸਾਹਿਬ ਜਿਹੜੀ ਮੈਂ ਦਸਣਾ ਚਾਹੁੰਦਾ ਹਾਂ ਉਹ ਆਵਾਰਾ ਪਸ਼ੂਆਂ ਦੇ ਬਾਰੇ ਹੈ ਜਿਸ ਦਾ ਜ਼ਿਕਰ ਮੇਥੋਂ ਪਹਿਲੇ ਬੋਲਣ ਵਾਲੇ ਕਈ ਮੈਂਬਰਾਂ ਨੇ ਕੀਤਾ ਹੈ। ਇਸ ਬਾਰੇ ਮੈਂ ਇਕ ਦੂਜੀ ਮਿਸਾਲ ਦਿੰਦਾ ਹਾਂ। ਅਜੇ ਕਲ੍ਹ ਦੀ ਗੱਲ ਹੈ ਕਿ ਇਕ question ਦੇ ਜਵਾਬ ਵਿਚ ਸਾਡੇ agriculture ਦੇ ਮਨਿਸਟਰ ਨੇ ਦਸਿਆ ਸੀ ਕਿ ਸਰਕਾਰ ਗੋਸਦਨ ਖੋਲ੍ਹ ਰਹੀ ਹੈ। ਜੇ ਉਨ੍ਹਾਂ ਕੋਲੋਂ ਪੁਛਿਆ ਗਿਆ ਕਿ ਉਹ ਕਿਥੇ ਖੋਲ੍ਹਿਆ ਜਾਏਗਾ ਤਾਂ ਉਨ੍ਹਾਂ ਨੂੰ ਇਸ ਦਾ ਪਤਾ ਨਹੀਂ ਸੀ। ਜੇ ਪੁਛਿਆ ਗਿਆ ਕਿ ਉਸ ਦੀ capacity ਕਿਤਨੀ

[ਪੰਡਿਤ ਰਾਮਕਿਸ਼ਨ ਭੜੋਲੀਆਂ]

ਹੋਵੇਗੀ ਤਾਂ ਵੀ ਉਹ ਇਹ ਗੱਲ ਨਾ ਦਸ ਸਕੇ । (ਘੰਟੀ ਦੀ ਅਵਾਜ਼) ਚੇਅਰਮੈਨ ਸਾਹਿਬ, ਤਿੰਨ ਚਾਰ ਮਿੰਟ ਹੋਰ ਦੇ ਦਿਉ, ਮੈਂ ਦੋ ਤਿੰਨ ਗੱਲਾਂ ਹੋਰ ਆਖਣੀਆਂ ਹਨ ।

ਮੈਂ ਅਵਾਰਾ ਪਸ਼ੂਆਂ ਦਾ ਜ਼ਿਕਰ ਕਰ ਰਿਹਾ ਸੀ । (ਜ਼ਰਾਇਤ ਮੰਤ੍ਰੀ—ਆਵਾਰਾ ਪਸ਼ੂਆਂ ਦਾ incharge ਤੁਹਾਨੂੰ ਬਣਾ ਦਿਆਂ ਗੇ ।) ਕਈ ਦਿਨ ਹੋਏ ਹਨ ਗਿਆਨੀ ਕਰਤਾਰ ਸਿੰਘ ਸਾਡੇ ਜ਼ਿਲ੍ਹੇ ਵਿਚ ਗਏ ਸਨ । ਉਨ੍ਹਾਂ ਅਗੇ ਅਵਾਰਾ ਪਸ਼ੂਆਂ ਦਾ ਮਸਲਾ ਰਖਿਆ ਗਿਆ ਕਿਉਂ ਜੋ ਉਹ ਉਥੇ ਬਹੁਤ ਹਨ । ਉਨ੍ਹਾਂ ਅਗੇ ਅਵਾਰਾ ਪਸ਼ੂਆਂ ਦੇ ਫੜਨ ਦੀ ਤਜਵੀਜ਼ ਰਖੀ ਗਈ ਅਤੇ ਕਿਹਾ ਗਿਆ ਕਿ ਉਨ੍ਹਾਂ ਨੂੰ ਫੜਨ ਦਾ ਇੰਤਜ਼ਾਮ ਕੀਤਾ ਜਾਵੇ । D.C. ਅਤੇ S.D.O. ਨਾਲ ਵੀ ਉਨ੍ਹਾਂ ਦੀ ਗਲਬਾਤ ਹੋਈ । ਜਿਸ ਵੇਲੇ ਉਨ੍ਹਾਂ ਨੂੰ ਪਕੜ ਕੇ ਰਖਿਆ ਗਿਆ ਤਾਂ ਕਿਉਂਕਿ ਉਨ੍ਹਾਂ ਵਿਚ ਜੇ ਕੋਈ ਬੈਲ ਸੀ ਤਾਂ ਉਹ ਬੁਢਾ ਲੰਗਾ ਸੀ, ਅਤੇ ਉਹ ਕਿਸੇ ਕੰਮ ਨਹੀਂ ਆ ਸਕਦਾ ਸੀ, ਜੇ ਕੋਈ ਗਾਂ ਸੀ ਤਾਂ ਉਹ ਦੁਧ ਤੋਂ ਸੁਕੀ ਹੋਈ ਸੀ । ਇਸ ਤਰ੍ਹਾਂ ਉਨ੍ਹਾਂ ਤੋਂ ਉਨ੍ਹਾਂ ਦਾ ਖਰਚ ਵੀ ਪੂਰਾ ਨਹੀਂ ਹੋ ਸਕਦਾ ਸੀ ਤੇ ਉਨ੍ਹਾਂ ਨੂੰ ਫਾਟਕ ਵਾਲੇ ਵੀ accept ਨਹੀਂ ਸੀ ਕਰਦੇ । ਇਸ ਦਾ ਨਤੀਜਾ ਇਹ ਹੋਇਆ ਕਿ ਦੂਜੇ ਹੀ ਦਿਨ ਉਨ੍ਹਾਂ ਨੂੰ ਮੁੜ ਕੇ ਛਡ ਦਿੱਤਾ ਗਿਆ ।

ਫਿਰ, ਮੇਰੇ ਦੋਸਤ ਰਾਠੀ ਸਾਹਿਬ ਨੇ ਕਿਹਾ ਸੀ ਕਿ ਸਰਕਾਰ ਜੰਗਲਾਤ ਕਟਵਾ ਰਹੀ ਹੈ । ਮੈਂ ਉਨ੍ਹਾਂ ਨਾਲ ਇਤਫ਼ਾਕ ਨਹੀਂ ਕਰਦਾ। ਮੈਂ ਤਾਂ ਇਹ ਕਹਿੰਦਾ ਹਾਂ ਕਿ ਜੰਗਲਾਤ ਪੰਜਾਬ ਵਿਚ ਬੜੇ ਹਨ । ਜ਼ਿਲ੍ਹਾ ਕਾਂਗੜਾ, ਜ਼ਿਲ੍ਹਾ ਹੁਸ਼ਿਆਰ ਪੁਰ ਔਰ ਜ਼ਿਲ੍ਹੇ ਅੰਬਾਲੇ ਦਾ ਇਕ ਬਹੁਤ ਵਡਾ ਹਿਸਾ ਜੰਗਲ ਹੋ ਗਿਆ ਹੈ ਜਿਥੇ ਜੰਗਲੀ ਜਾਨਵਰ ਬਹੁਤ ਹੋ ਗਏ ਹਨ ਜਿਹੜੇ ਕਿ ਫਸਲਾਂ ਨੂੰ ਤਬਾਹ ਕਰਦੇ ਹਨ । ਜੇਕਰ ਉਨ੍ਹਾਂ ਨੂੰ ਮਾਰਨ ਵਾਸਤੇ ਲੋਕ licence ਮੰਗਦੇ ਹਨ ਅਤੇ ਇਸ ਮਤਲਬ ਲਈ ਉਨ੍ਹਾਂ ਦੀਆਂ ਜੇ ਕਰ ਦਰਖਾਸਤਾਂ ਆਉਂਦੀਆਂ ਹਨ ਤਾਂ ਉਹ ਥਾਣੇਦਾਰਾਂ ਪਾਸ ਭੇਜ ਦਿੱਤੀਆਂ ਜਾਂਦੀਆਂ ਹਨ ਔਰ ਉਹ ਥਾਣੇਦਾਰ ਬੜੇ ਅਰਾਮ ਨਾਲ ਅਤੇ ਅਸਾਨੀ ਨਾਲ ਬਗੈਰ ਕਿਸੇ ਝਿਜਕ ਦੇ ਉਨ੍ਹਾਂ ਨੂੰ ਆਖਦਾ ਹੈ ਕਿ ਮੈਂ licence ਦੀ ਸਿਫਾਰਸ਼ ਤਦ ਕਰਾਂਗਾ ਜੇਕਰ ਤੁਸੀਂ ਦੋ ਜਾਂ ਤਿੰਨ case ਜਾਂ ਤਾ ਹਥਿਆਰਾਂ ਦੇ ਫੜਾ ਦਿਉ ਜਾਂ ਚੋਰ ਮਾਰਕਾ ਜਿਹੜੀ ਸ਼ਰਾਬ ਹੁੰਦੀ ਹੈ ਉਸ ਦੇ ਫੜਾ ਦਿਉ । ਜੇਕਰ ਤੁਸਾਂ ਇਹ ਕਰ ਦਿਉਗੇ ਤਾਂ ਤੁਹਾਡੀ ਸਿਫਾਰਸ਼ ਕਰ ਦਿਆਂਗਾ । ਮੈਂ ਸਿਫਾਰਸ਼ ਕਰ ਦਿਆਂਗਾ ਭਾਵੇਂ licence ਤੁਹਾਨੂੰ ਮਿਲੇ ਨਾ ਮਿਲੇ । ਸਾਰੀ ਰਾਤ ਪਹਾੜੀ ਇਲਾਕਿਆਂ ਦੇ ਲੋਕ ਹਥਾਂ ਵਿਚ ਪੀਪੇ ਪਕੜ ਕੇ ਤੇ ਧੂਏਂ ਧੁਖਾ ਕੇ ਆਪਣਾ ਬਚਾ ਸੋਚਦੇ ਰਹਿੰਦੇ ਹਨ ਤੇ ਦੂਜੇ ਪਾਸੇ ਥਾਣੇਦਾਰ ਕਹਿ ਰਿਹਾ ਹੁੰਦਾ ਹੈ ਕਿ ਤੁਸੀਂ ਝੂਠੇ case ਪਕੜਾ ਦਿਉ ਤਾਂ ਤੁਹਾਡੀ ਸਿਫਾਰਸ਼ ਕਰ ਦਿੱਤੀ ਜਾਵੇਗੀ । ਹੈ ਰਾਮ ਰਾਜ ਅਤੇ ਨਾਮ ਬਾਪੂ ਦਾ ਲੈਂਦੇ ਹਨ ਪਰ ਲੋਕਾਂ ਨੂੰ ਬੇਈਮਾਨੀਆਂ ਅਤੇ ਝੂਠ ਸਿਖਾਉਂਦੇ ਹਨ। ਸਿਰ ਤੇ ਧੜੀ ਧੜੀ ਖੱਦਰ ਚੁਕੀ ਫਿਰਦੇ ਹਨ । ਕਿੰਨੀ ਹੈਰਾਨੀ ਦੀ ਗੱਲ ਹੈ । (ਘੰਟੀ) ਦੋ ਮਿਨਟ ਹੋਰ ਦਿਉ ਜੀ।

ਜਿਥੇ ਤਕ ਜਿਨਸਾਂ ਦੇ ਭਾਵਾਂ ਦਾ ਤੱਲੁਕ ਹੈ ਇਹ ਬੜੇ non even, ਗੈਰ ਹਮਵਾਰ ਹਨ। ਜਦੋਂ ਵੀ ਕਿਸਾਨ ਨੇ ਬਹੁ ਬੇਟੀ ਨੂੰ ਕੋਈ ਕਪੜਾ ਲੈ ਕੇ ਦੇਣਾ ਹੁੰਦਾ ਹੈ, ਆਪਣੇ ਲਈ ਕੋਈ ਚੀਜ਼ ਲੈਣੀ ਹੁੰਦੀ ਹੈ ਤਾਂ ਉਹ ਹੱਟੀ ਤੇ ਸਾਲ ਵਿਚ ਜਿਹੜੀਆਂ ਦੋ ਫਸਲਾਂ ਹਾੜੀ ਤੇ ਸੌਣੀ ਹੁੰਦੀਆਂ ਹਨ ਉਨ੍ਹਾਂ ਦਾ ਇਕਰਾਰ ਕਰ ਆਉਂਦਾ, ਇਸ ਗੱਲ ਤੇ ਮਜਬੂਰ ਹੁੰਦਾ ਹੈ ।

ਜਦੋਂ ਫਸਲ ਨਿਕਲਦੀ ਹੈ ਤਾਂ ਫਸਲ ਦਾ ਭਾ 9 ਜਾਂ 9½ ਰੁਪਏ ਮਨ ਹੁੰਦਾ ਹੈ ਪਰ ਜਿਸ ਵੇਲੇ ਮੁੜ ਕੇ ਆਪਣੇ ਖਾਣ ਲਈ ਉਹ ਖਰੀਦਦਾ ਹੈ ਤਾਂ ਭਾ 14, 15, ਜਾਂ 16 ਰੁਪਏ ਹੋ ਜਾਂਦਾ ਹੈ ਔਰ ਅੱਜ ਪੰਜਾਬ ਦੇ 80 ਫੀਸਦੀ ਕਿਸਾਨ ਇਸ ਤਰ੍ਹਾਂ ਦੇ ਹਨ ਜੋ ਇਕ ਵਾਰੀ ਸਸਤੇ ਭਾ ਤੇ ਅਨਾਜ ਵੇਚ ਕੇ ਮੁੜ ਮਹਿੰਗੇ ਭਾ ਖਾਣ ਲਈ ਖਰੀਦਦੇ ਹਨ । (ਘੰਟੀ) ਚੇਅਰਮੈਨ ਸਾਹਿਬ, ਇਕ ਮਿੰਟ ਹੋਰ ਮੈਂ ਜਲਦੀ ੨ ਕਹਿ ਲੈਂਦਾ ਹਾਂ ।

ਇਨ੍ਹਾਂ ਦੇ ਕਾਗਜ਼ਾਂ ਵਿਚ ਅਦਾਦੋ ਸ਼ੁਮਾਰ ਕਿਸ ਤਰ੍ਹਾਂ ਭਰੇ ਜਾਂਦੇ ਹਨ । ਇਕੋ community project ਹੈ ਉਥੇ ਕੁਝ ਏਕੜਾਂ ਵਿਚ ਨਵੀਂ ਖਾਦ ਪਵਾਈ ਜਾਂਦੀ ਹੈ ਜਾਂ ਕੋਈ model ਚੀਜ਼ ਤਿਆਰ ਕੀਤੀ ਜਾਂਦੀ ਹੈ। ਮਹਿਕਮਾ ਜ਼ਰਾਇਤ ਦਾ inspector ਆਉਂਦਾ ਹੈ ਉਹ ਉਹੀ ਚੀਜ਼ ਲਿਖ ਕੇ ਲੈ ਜਾਂਦਾ ਹੈ। ਫਿਰ co-operatives ਦਾ Inspector ਆਉਂਦਾ ਹੈ ਉਹ ਵੀ ਉਹੀ ਚੀਜ਼ ਲਿਖ ਕੇ ਲੈ ਜਾਂਦਾ ਹੈ । ਇਸ ਤਰੀਕੇ ਨਾਲ ਸੂਬੇ ਦੀ improved ਹਾਲਤ ਦਸੀ ਜਾਂਦੀ ਹੈ । (ਘੰਟੀ) ਇਕ ਹੋਰ ਜ਼ਰੂਰੀ ਗੱਲ ਕਹਿ ਕੇ ਬੈਠ ਜਾਵਾਂਗਾ । ਉਹ ਇਹ ਹੈ ਕਿ ਸਾਡੀ ਜ਼ਰਾਇਤ ਦੀ ਤਰੱਕੀ ਲਈ ਜੋ ਸਾਡੀ ਤਾਲੀਮ ਹੈ ਉਸ ਵਿਚ ਤਬਦੀਲੀ ਆਉਣੀ ਚਾਹੀਦੀ ਹੈ । ਅਜ ਪਿੰਡਾਂ ਦੇ ਬਚਿਆਂ ਚੋਂ 50 ਫ਼ੀਸਦੀ ਨੂੰ ਵੀ ਜ਼ਰਾਇਤ ਦੀ ਤਾਲੀਮ ਨਹੀਂ ਦਿੱਤੀ ਜਾ ਰਹੀ, ਉਹੀ ਪੁਰਾਣੀਆਂ ਕਹਾਣੀਆਂ ਪੜ੍ਹਾਈਆਂ ਜਾਂਦੀਆਂ ਹਨ । ਅਜ ਇਹ ਜ਼ਰੂਰੀ ਹੈ ਕਿ ਜ਼ਰਾਇਤ ਦੀ ਤਾਲੀਮ ਸਭ ਨੂੰ ਦਿੱਤੀ ਜਾਵੇ। (ਘੰਟੀ)

श्री मुलतान सिंह (घरौंडा) : चेयरमैन साहिब, ऐग्रीकल्चर डिपार्टमेंट के मुताल्लिक काफी कुछ कहा जा चुका है । इस महकमे की अहमियत तो इस बात से ही ज़ाहिर हो जाती है कि फर्स्ट फाइव इयर प्लैन में इस को सब से पहले प्रायरटी दी गई थी । इस सिलसिले में हमारी स्टेट ने कितनी तरक्की की है, यह मैं जो फिगर्ज़ बताऊंगा उन से पता चलेगा । हिंदुस्तान की पार्टीशन से पहले जो वैस्ट पंजाब का इलाका है वह ग्रैनरी आफ इंडिया ख्याल किया जाता था और अब आप ने अखबारों में पढ़ा होगा और देखा भी होगा कि पंजाब का वह हिस्सा डेफिसिट बन चुका है और पार्टीशन के बाद हमारा जो ईस्ट पंजाब का इलाका था यह 35,000 टन अनाज से डेफिसिट था लेकिन अब इस सूबे के अन्दर न सिर्फ इस डेफिसिट को पूरा ही कर दिया गया है बल्कि अब राइस और व्हीट यहां से ऐक्सपोर्ट होता है । इस चीज़ की अहमियत का पता इस बात से चलता है कि जहां पाकिस्तान की जो फारेन ऐक्सचेंज है वह सारी की सारी फूडग्रेन्ज़ की इम्पोर्ट पर खर्च होती है वहां हिन्दुस्तान की फारेन ऐक्सचेंज का एक बड़ा हिस्सा भी फूड इम्पोर्टस पर ही खर्च होता है, इम्पोर्ट आफ फूडग्रेन्ज़ के बिल्ज़ की पेमेंट ही में जाता है । तो सवाल पैदा होता है कि हम अपनी ऐग्रीकल्चर की पैदावार को कैसे बढ़ाएं । यह बात ज़रूर है कि हमारी ऐग्रीकल्चर की प्रोडक्शन में इज़ाफा इरीगेशन की फैसिलिटीज़ से भी हुआ है मगर इस सिलसिले में हम सब जानते हैं कि हमारी भाखड़ा की सब से बड़ी स्कीम तो अभी पूरी तरह से चालू ही नहीं हुई लेकिन इस के बावजूद इस सूबे ने जो तरक्की की है उस से पता चलता है कि इस की कोई और भी वजुहात हैं। पहले 1950-51 में इस सूबे के लिये 32,56,000 ज्यादा अनाज का टार्गेट किया गया था । प्लैनिंग कमिशन ने 3,854,000 टन ज्यादा अनाज का टार्गेट मुकर्रर किया था लेकिन हमारे सूबे ने 4,436,600 टन ज्यादा अनाज पैदा किया । यह

[श्री मुलतान सिंह]

सारी तरक्की किस वजह से हुई? मैं कहूंगा कि यह तरक्की इम्परूव्ड सीडज़ की वजह से हुई। इस सूबे के अन्दर जो नई हाइबरिड मेज़ है उस का अभी तक पूरा फैलाव नहीं हो सका क्योंकि इस सीड की मल्टीप्लीकेशन का पूरा प्रबन्ध अभी सारे सूबे में नहीं हो सका। मैं चौधरी सुमेर सिंह जी को बताना चाहता हूं कि गुड़गांव ज़िले के लिए स्पैशल बीज है 281 और पहाड़ी इलाके जैसे कांगड़ा वगैरह हैं इन के लिये सी 253 निकाला गया है। इस के इलावा हरियाने के इलाके में कपास का बीज जिस का नाम ऐफ 216 है काफी कामयाब रहा मगर अब बीमारी लग जाने की वजह से दूसरा बीज निकाला गया है जिस का नाम है 14 ऐफ। इस से प्रोडक्शन भी ज्यादा है और यह डिज़ीज़ को रज़िस्टि भी करता है। इस के इलावा दूसरे इलाकों जैसे लुध्याना, जालंधर, अमृतसर वगैरह के लिये कपास का बीज 320 ऐफ निकाला गया है। इस के इलावा यह देखा गया है कि जहां 216 एफ का फाइवर 0.93 इंच था वहां जो 14 ऐफ है उस का फाइबर एक इंच है और अबोहर के इलाके में मालूम हुआ है कि फाइबर एक इंच से भी ज्यादा है, उस का नाम 53 या 54 रखा गया है। इस के इलावा जो मूंगफली है यह लुध्याना के इलाके में पैदा होती है और इस की पैदावार में भी काफी इज़ाफा हुआ है। इस के साथ अलसी है जो कि पहाड़ी इलाके में पैदा होती है। उस के लिये भी नई किस्म का बीज निकाला गया है। इस के इलावा फ्रूट के लिये भी काफी काम किया गया है क्योंकि बैलैंस्ड डायट के लिये फ्रूट बड़ा ज़रूरी है। इस के लिये काफी अच्छे बीज या फल लगाए जा रहे हैं। लोगों को 300 रुपए फी एकड़ के हिसाब से लोन दिए जा रहे हैं। यही नहीं, इन तरक्की के कामों के साथ २ रिसर्च भी ज़ारी है। मगर इस सिलसिले में यह कहना चाहता हूं कि जहां यह लुध्याना के इलाका में हो रही है तो यह हरियाने के इलाके में भी होनी चाहिए क्योंकि हर जगह की ज़मीन की किस्म अलहदा होती है और उस के लिये वहीं पर तजरूबा किया जाना चाहिए। यह नहीं कि एक जगह का तजरुबा ही सब जगह कामयाब हो जाए। जहां तक पहाड़ी इलाकों का ताल्लुक है वहां पर भी रिसर्च होनी चाहिए अगर वहां पर मेन स्टेशन नहीं खोल सकते तो वहां पर सब स्टेशन से काम चलाएं और रिसर्च करें। हमारे करनाल के इलाके में खास तौर पर तीन किस्म की ज़मीन है। एक खादर की जो कि रेतली ज़मीन है, दूसरी नरघट जो कि नाकस ज़मीन है और जिस के लिये तजरुबा करना है और तीसरी किस्म है बाम्बर। महेंद्रगढ़, झज्जर तहसील और रेवाड़ी के इलाके की एक ही किस्म की ज़मीन है, उस के लिये भी तजरुबा करना पड़ेगा और खादर की ज़मीन जो कि पलवल वगैरह के इलाके में है उस के लिये भी तजरुबे किये जाने चाहिएं ..

Mr. Chairman (Khan Abdul Ghaffar Khan) : Wait a Minute please. There is no Minister in the House.

(*Voices* : There is.)

Minister for Consolidation and Health : The Minister Incharge has gone out.

Mr. Chairman : He must be here. He has to reply to the debate.

श्री मुलतान सिंह : इस के साथ साथ, जनाब चेयरमैन साहिब, हमारे सूबा के अन्दर sugarcane factories हैं। चूंकि मैं खुद एक sugarcane factory का डायरेक्टर हूं इस लिये ईख के बारे में ज़िक्र करूं, लेकिन 312 नं० का जो ईख है इसकी sugar percentage पंजाब के अन्दर 8 प्रतिशत है और मद्रास में 13 प्रतिशत है वहां 100 मन से 13 मन sugar निकलती है। फिर हमारे सूबे के अन्दर जो C.O.L. 29 है और C.O.L. 9 के बीज ईख के हैं उस के इलावा एक और बीज है जिस का तजुरबा हमारे सूबे में अभी तक नहीं किया गया। यह एक, बेहतर बीज है और इसका तजरुवा फायदेमन्द साबत हो सकता है। इसी तरह पंजाब के साथ के सूबे यू. पी. में C 321 का बीज इस्तेमाल किया जाता है जिस से फी एकड़ 1200 मन sugar निकाली गई है। इसी तरह का एक और बीज 245 है जिसे हम अपने यहां इस्तेमाल कर सकते हैं और पैदावार को बढ़ा सकते हैं। इस बीज का भी तजरुबा हमारे साथ के सूबे ने किया है और अगर हम improved seeds का प्रयोग करें तो हमारे यहां की sugar factories कामयाब हो सकती हैं। हमारे सूबे के अन्दर सोनीपत में एक sugar factory लगाई गई थी, मैं ठीक तौर पर नहीं कह सकता कि उस के फेल होने की और क्या वजुहात थीं लेकिन उस की एक वजह यह ज़रूर थी कि बीज अच्छा नहीं था। और बीज अच्छा न होने के कारण मुनाफा भी अच्छा नहीं हो सकता। बीज की तरक्की के साथ हम अपनी sugar cane की production में काफी तरक्की कर सकते हैं।

यह ठीक है, स्पीकर साहिब, 16 हज़ार से जायद कूएं 1st Five year Plan period में लगाए गए हैं और दो हज़ार से ज़ायद Tube-wells लगाए गए हैं और उनके साथ तरक्की हुई है लेकिन यह एक regional subject है फिर भी broad based पालिसी adopt करने के लिये जरूरी है कोई कदम उठाए जाएं। इस सम्बन्ध में मैं यह तजवीज करूंगा कि दूसरे regions के Director of Agriculture या Assistant Director या Deputy Director भी पालिसी adopt करते वक्त इस से associate करने चाहिएं। मैं यह नहीं कहता कि I.C.S. अफसर हो, कोई भी हो हमारे पास irrigation के heads हैं और दूसरे heads हैं क्यों कि मैं समझता हूं कि broad based पालिसी के लिये यह ज़रूरी है। इन के इस तरह associate करने से हौसला भी बढ़ेगा और ज्यादा तरक्की भी की जा सकेगी। और research करने से improvement की जा सकती है।

मेरे माननीय मित्र श्री राम किशन ने tractors का ज़िक्र किया है मैं समझता हूं कि cultivation के लिये tractors का होना जरूरी है। यहां पर रूस और चीन का ज़िक्र किया गया है तो क्या मैं पूछ सकता हूं कि communist मुलकों में tractors इस्तेमाल नहीं किए जाते क्या वहां mechanized farming नहीं है या कि वहां fertilizers नहीं हैं। अभी तो हमारी शुरुआत है और तरक्की करने के लिये यह ज़रूरी है कि हम इस तरह की modern equipment को इस्तेमाल करें और

[श्री मुलतान सिंह]

quality और quantity को ज्यादा से ज्यादा बढ़ाएं । हर तरह से हमें mechanized farming और fertilizers के इस्तेमाल करने की ज़रूरत है। सिर्फ यही नहीं रुपया भी इस सारे काम के लिये दरकार है, agriculture केवल उस वक्त तरक्की कर सकती है जब कि रुपया काफी हो और money के साथ ही साथ brain भी हो ।

आप अपने साथ वाले मुलक पाकिस्तान की हालत ही देखिए वहां agriculture की तरक्की के क्या वजुहात थे शायद और भी हालात हों लेकिन सब से बड़ी वजह यह थी कि वहां पर मुज़ारों को हिन्दू land lords की तरफ से अच्छा बीज supply किया जाता था और काम पड़ने पर रुपया भी advance कर दिया जाता था इस लिये production में इज़ाफा हो गया लेकिन आज इस के उल्ट हालत है क्योंकि दोनों चीजें ही अब नहीं रही तो production खुद बखुद नीचे चली गई। इस लिए agriculture की तरक्की के लिये money और brian की बहुत ज़रूरत है।

इसी सिलसिले में मैं एक बात आप के नोटिस में लाना चाहता हूं कि agricultural produce पर जहां दूसरे मुलकों में कर्ज़ा दिया जाता है और crop production को insure कर दिया जाता है उसी तरह अगर हमारे प्रान्त में अगर crop को insure किया जाए तो agricultural production बहुत बढ़ाई जा सकती है ।

एक बात मुझे अफसोस के साथ कहनी पड़ती है कि इस महकमा को हमारे मेम्बरान अहमियत नहीं देते और हर कोई general administration की तरफ जाता है । आप इस हाउस की इस वक्त की हाज़री से ही अंदाज़ा लगा सकते हैं, मैं समझता हूं कि सब मेम्बरान को इस बहुत ज़रूरी महकमे में पूरी दिलचस्पी लेनी चाहिए। इस के साथ ही मैं आपके द्वारा, चेयरमैन साहिब, मिनिस्टर साहिब से दरखास्त करना चाहता हूं कि offices की location एक जगह होनी चाहिए ताकि पब्लिक को सहूलियत मिल सके और काम efficiently चल सके।

ਸਰਦਾਰ ਉਮਰਾਓ ਸਿੰਘ (ਨਕੋਦਰ ਜਨਰਲ) : ਚੇਅਰਮੈਨ ਸਾਹਿਬ, ਸਾਡੇ ਸੂਬੇ ਦੀ ਇਕ ਕਰੋੜ 60 ਲੱਖ ਦੀ ਅਬਾਦੀ ਹੈ ਅਤੇ ਇਸ ਵਿਚੋਂ ਇਕ ਕਰੋੜ 30 ਲੱਖ ਪਿੰਡਾਂ ਵਿਚ ਰਹਿੰਦੀ ਹੈ। ਇਸ ਆਬਾਦੀ ਵਿਚੋਂ 1 ਕਰੋੜ 11 ਲਖ ਆਬਾਦੀ ਦਾ ਅਨਸਾਰ ਜ਼ਰਾਇਤ ਤੇ ਹੈ। ਜਦੋਂ ਦੇਸ਼ ਨੂੰ ਆਜ਼ਾਦੀ ਮਿਲੀ ਸਾਡਾ ਸੂਬਾ ਅਨਾਜ ਵਿਚ deficit ਸੀ ਇਕ ਘਾਟੇ ਦਾ ਸੂਬਾ ਸੀ ਪਰ ਅਜ ਆਜ਼ਾਦੀ ਨੂੰ ਮਿਲਿਆਂ ਦਸ ਸਾਲ ਹੋ ਗਏ ਹਨ । ਇਨ੍ਹਾਂ ਦਸਾਂ ਸਾਲਾਂ ਵਿਚ ਜਿਤਨੀ ਤਰੱਕੀ ਸਾਡੇ ਪ੍ਰਾਂਤ ਨੇ ਕੀਤੀ ਹੈ ਮੈਂ ਸਮਝਦਾ ਹਾਂ ਕਿਸੇ ਹੋਰ ਨੇ ਤਰੱਕੀ ਨਹੀਂ ਕਰ ਪਾਈ। ਜੋ ਸੂਬਾ 1947 ਵਿਚ deficit ਸੀ ਉਸ ਨੂੰ ਅਜ surplus ਬਣਾ ਦਿੱਤਾ ਗਿਆ ਹੈ । ਇਹ ਠੀਕ ਹੈ ਕਿ ਸਾਰੇ ਦੇਸ਼ ਦੇ ਅਨਾਜ ਦਾ ਜੋ ਘਾਟਾ ਹੈ ਉਹ ਅਜੇ ਪੂਰਾ ਨਹੀਂ ਹੋਇਆ ਅਤੇ ਇਸ ਲਈ ਲੋੜ ਹੈ ਕਿ ਇਸ ਮਹਿਕਮੇ ਵਲੋਂ ਜ਼ਿਆਦਾ ਜ਼ੋਰ ਨਾਲ ਕੰਮ ਕੀਤਾ ਜਾਵੇ ਤਾਂ ਜੋ ਸਾਰੇ ਦੇਸ਼ ਦੀਆਂ ਲੋੜਾਂ ਨੂੰ ਸਾਡਾ ਪੰਜਾਬ ਪੂਰਾ ਕਰ ਸਕੇ । ਪਰ ਜਿਨ੍ਹਾਂ ਇਹ ਆਪਣੀ ਲੋੜ ਤੋਂ surplus ਹੋਇਆ ਹੈ ਮੈਂ ਸਮਝਦਾ ਹਾਂ ਕਿ ਇਸ ਵਿਚ ਪੰਜਾਬ ਦੇ ਬਹਾਦੁਰ

ਕਿਸਾਨ ਦਾ ਇਕ ਮਹਾਨ ਹਿਸਾ ਹੈ। ਉਸ ਨੇ ਅਪਣੀ ਸਾਰੀ ਪੂੰਜੀ ਲਾ ਦਿਤੀ ਅਤੇ ਇਸ ਨੇਕ ਕੰਮ ਨੂੰ ਪੂਰਾ ਕਰਨ ਵਿਚ ਯਤਨ ਕੀਤੇ। ਅਤੇ ਇਸ ਨੇਕ ਮਹਿਮ ਅਨਾਜ ਵਧੇਰੇ ਉਗਾਓ Grow more food ਨੂੰ ਕਾਮਯਾਬ ਬਣਾਇਆ। ਆਪਣਾ ਸਾਰਾ ਸਰਮਾਇਆ ਲਗਾ ਕੇ ਬੰਜਰ ਜ਼ਮੀਨਾਂ ਨੂੰ ਕਾਸ਼ਤ ਹੇਠ ਲਿਆਂਦਾ। Tube wells ਲਗਾਏ ਅਤੇ ਗੈਰ ਕਾਸ਼ਤ ਤੇ ਵੇਹਲਿਆਂ ਪਈਆਂ ਜ਼ਮੀਨਾਂ ਨੂੰ ਕਾਸ਼ਤ ਥਲੇ ਲਿਆਂਦਾ। ਇਸ ਦੇ ਇਲਾਵਾ, ਚੇਅਰਮੈਨ ਸਾਹਿਬ ਸਾਡੀ ਸਰਕਾਰ ਨੇ ਇਸ ਮਹਿਕਮੇ ਦੀ ਤਰੱਕੀ ਲਈ ਖਰਚ ਕੀਤਾ ਹੈ। ਜੋ ਤਰੱਕੀ ਜ਼ਰਾਇਤ ਵਿਚ ਅਜ ਵੇਖ ਰਹੇ ਹਾਂ ਉਸ ਦਾ ਵਡਾ ਕਾਰਨ improved seeds ਹਨ। Improved seed ਲਿਆਂਦੇ ਗਏ ਜਿਸ ਨਾਲ ਇਸ ਪ੍ਰਾਂਤ ਦੀ ਪੈਦਾਵਾਰ ਵਿਚ ਇਜ਼ਾਫਾ ਹੋਇਆ। ਇਹ ਠੀਕ ਹੈ ਕਿ ਜੋ ਫੈਸਲਾ ਸਰਕਾਰ ਨੇ ਕੀਤਾ ਹੈ ਕਿ 228 ਨਵੇਂ ਸੀਡ ਫਾਰਮ ਖੋਲ੍ਹੇ ਜਾਣਗੇ ਇਹ ਬੜਾ ਸ਼ਲਾਘਾਯੋਗ ਹੈ।

ਇਨ੍ਹਾਂ ਨਵੇਂ seed farms ਦੇ ਸੰਬੰਧ ਵਿਚ ਮੈਂ ਵਜ਼ੀਰ ਸਾਹਿਬ ਪਾਸ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ ਨਵੇਂ seed farms ਖੋਲ੍ਹੇ ਹਨ ਅਤੇ ਜਿਨ੍ਹਾਂ ਲਈ 25 ਲੱਖ ਰੁਪਏ ਦੀ ਰਕਮ ਰਖੀ ਗਈ ਹੈ ਛੇਤੀ ਖੋਲ੍ਹੇ ਜਾਣ ਤਾਂ ਜੋ ਸੂਬੇ ਦੀ ਉਪਜ ਵਿਚ ਵਾਧਾ ਹੋ ਸਕੇ। ਜਲੰਧਰ ਵਿਚ ਜੋ ਸੀਡ ਫਾਰਮ ਖੋਲਿਆ ਹੋਇਆ ਹੈ ਉਹ ਵਧੇਰੇ ਕਰਕੇ ਸੀਡ ਫਾਰਮ ਨਹੀਂ ਸੈਰ ਗਾਹ ਬਣੀ ਹੋਈ ਹੈ ਅਤੇ ਜ਼ਿਮੀਂਦਾਰਾਂ ਦੀਆਂ ਅਖਾਂ ਤੋਂ ਉਝਲ ਹੋਣ ਕਰਕੇ ਜ਼ਿਮੀਂਦਾਰ ਫਾਇਦਾ ਨਹੀਂ ਉਠਾ ਸਕਦੇ। ਜੇਕਰ ਇਸ ਸੈਰਗਾਹ ਨੂੰ ਸੀਡ ਫਾਰਮ ਵਿਚ ਬਦਲ ਦਿੱਤਾ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਜ਼ਿਮੀਂਦਾਰ ਨੂੰ ਲਖਾਂ ਰੁਪਏ ਦਾ ਫਾਇਦਾ ਚੰਗੇਰੇ ਬੀਜਾਂ ਰਾਹੀਂ ਪਹੁੰਚ ਸਕਦਾ ਹੈ। ਅਤੇ ਜ਼ਿਮੀਂਦਾਰ ਆਪਣੀਆਂ ਬੀਜ ਦੀਆਂ ਲੋੜਾਂ ਨੂੰ ਸਹਿਜੇ ਹੀ ਪੂਰਾ ਕਰ ਸਕਦਾ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਅਰਜ਼ ਕਰਾਂ ਕਿ ਜਿਤਨੇ ਵੀ seed farm ਖੋਲੇ ਜਾਣੇ ਹਨ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਖੋਲ੍ਹਿਆ ਜਾਵੇ। ਸਰਕਾਰ ਵਲੋਂ ਦਸਿਆ ਗਿਆ ਹੈ ਕਿ ਇਕ ਹਜ਼ਾਰ ਰੁਪਏ ਏਕੜ ਤੋਂ ਜ਼ਮੀਨ ਲਈ ਜਾਵੇਗੀ ਮੈਂ ਨਹੀਂ ਸਮਝਦਾ ਕਿ ਇਸ ਭਾ ਤੇ ਜ਼ਮੀਨ ਮਿਲ ਸਕੇ ਪਰ ਫਿਰ ਵੀ ਕਿਸੇ ਤਰ੍ਹਾਂ ਜ਼ਮੀਨ ਲੈਕੇ ਜਾਂ requisition ਕਰਕੇ seed farm ਖੋਲ੍ਹੇ ਜਾਣੇ ਚਾਹੀਦੇ ਹਨ। ਇਸ ਤਰ੍ਹਾਂ ਅਨਾਜ ਦੀ ਉਪਜ ਵਿਚ ਅਸੀਂ ਹੋਰ ਵਾਧਾ ਕਰ ਸਕਾਂਗੇ।

ਇਸ ਤੋਂ ਇਲਾਵਾ irrigation facilities ਵੀ ਸਰਕਾਰ ਵਲੋਂ ਦਿੱਤੀਆਂ ਗਈਆਂ ਹਨ ਨਹਿਰਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ ਪਰ ਫਿਰ ਵੀ ਨਹਿਰਾਂ ਤੇ ਬਿਜਲੀ ਦੀ ਸਹੂਲਤ ਵਧ ਤੋਂ ਵਧ ਦਿੱਤੀ ਜਾਣੀ ਚਾਹੀਦੀ ਹੈ। ਖਾਸ ਕਰਕੇ ਉਨ੍ਹਾਂ ਇਲਾਕਿਆਂ ਵਿਚ ਜਿਥੇ ਅਜੇ ਤਕ ਨਹਿਰਾਂ ਨਹੀਂ ਪਹੁੰਚੀਆਂ ਅਤੇ irrigation facilities ਨਹੀਂ ਪਹੁੰਚੀਆਂ ਉਨ੍ਹਾਂ ਨੂੰ ਬਿਜਲੀ ਜੇਕਰ ਦਿੱਤੀ ਜਾਵੇ ਤਾਂ ਫਾਇਦਾ ਹੋ ਸਕਦਾ ਹੈ। ਇਹ ਠੀਕ ਹੈ ਕਿ ਬਿਜਲੀ ਪਿੰਡਾਂ ਵਿਚ ਪਹੁੰਚਾਈ ਜਾ ਰਹੀ ਹੈ ਪਰ ਮੈਂ ਸਮਝਦਾ ਹਾਂ ਕੁਝ ਇਲਾਕੇ ਅਜਿਹੇ ਹਨ ਜਿਥੇ ਜੇਕਰ ਬਿਜਲੀ ਦੀਆਂ facilities ਦੇਣ ਦਾ ਖਿਆਲ ਰਖਿਆ ਜਾਵੇ ਤਾਂ production ਵਿਚ ਇਜ਼ਾਫਾ ਕੀਤਾ ਜਾ ਸਕਦਾ ਹੈ। ਜਲੰਧਰ ਤੇ ਹੁਸ਼ਿਆਰਪੁਰ ਦੇ ਬੇਟ ਦੇ ਇਲਾਕੇ ਵਿਚ ਜਿਥੇ ਕੋਈ means of irrigation ਨਹੀਂ ਬਿਜਲੀ ਦੀ ਸਹੂਲਤ ਜੇਕਰ ਦਿੱਤੀ ਜਾਵੇ ਤਾਂ production ਵਧ ਸਕਦੀ ਹੈ।

ਇਸ ਤੋਂ ਇਲਾਵਾ ਚੇਅਰਮੈਨ ਸਾਹਿਬ fertilizers ਦੇ ਮੁਤਲਕ ਬਹੁਤ ਕੁਝ ਇਸ ਸਭਾ ਵਿਚ ਕਿਹਾ ਗਿਆ ਹੈ। ਇਸ ਸੰਬੰਧ ਵਿਚ ਮੈਂ ਸਮਝਦਾ ਹਾਂ ਕਿ fertilizers ਦੀ

[ਸਰਦਾਰ ਉਮਰਾਓ ਸਿੰਘ]

ਬਹੁਤ ਲੋੜ ਹੈ ਅਤੇ ਜੋ ਕਰਜ਼ੇ ਅਤੇ ਤਕਾਵੀਆਂ ਦਿੱਤੀਆਂ ਜਾ ਰਹੀਆਂ ਹਨ ਉਨ੍ਹਾਂ ਨਾਲ ਅਨਾਜ ਦੀ ਉਪਜ ਵਿਚ ਤਰੱਕੀ ਹੋ ਸਕਦੀ ਹੈ ਪਰ ਤਕਾਵੀਆਂ ਸਹੀ ਤੌਰ ਤੇ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ । ਤਾਂ ਜੋ ਕੋਈ ਸਕੈਂਡਲ ਨਾ ਹੋ ਸਕੇ । ਇਸ ਪਖ ਵਿਚ ਕਰਪਸ਼ਨ ਨੂੰ ਰੋਕਣ ਲਈ ਸੈਂਟਰ ਵਲੋਂ Fertilizers Control Order 1952 ਵਿਚ ਲਾਗੂ ਕੀਤਾ ਗਿਆ ਸੀ ਤਾਂ ਜੋ ਇਸ ਤਰ੍ਹਾਂ ਦੀ ਕੋਈ ਵੀ ਚੀਜ਼ ਨਾ ਹੋ ਸਕੇ ਜੋ ਅਸਾਡੀ ਉਪਜ ਨੂੰ ਹਾਨੀ ਪਹੁੰਚਾਵੇ ।

(*At this stage Mr. Speaker occupied the Chair.*)

ਅਤੇ ਜੋ ਚੀਜ਼ਾਂ fertilizer scandal ਵਿਚ involve ਕੀਤੀਆਂ ਜਾਂਦੀਆਂ ਹਨ ਅਤੇ ਹੋਰ ਜੋ ਖਰਾਬੀਆਂ ਹਨ ਉਨ੍ਹਾਂ ਨੂੰ ਰੋਕਿਆ ਜਾ ਸਕੇ । ਮੈਂ ਸਮਝਦਾ ਹਾਂ ਕਿ ਜੇਕਰ ਸਟਾਫ ਥੋੜਾ ਹੈ ਤਾਂ ਉਸ ਨੂੰ ਹੋਰ ਵਧਾ ਦੇਣਾ ਚਾਹੀਦਾ ਹੈ ਤਾਂ ਜੋ ਇਸ ਤਰੀਕੇ ਨਾਲ antinational activities ਨੂੰ ਰੋਕਿਆ ਜਾ ਸਕੇ ।

ਸਪੀਕਰ ਸਾਹਿਬ, ਇਹ ਜਿਹੜੀ 1,18,00,000 ਰੁਪਏ ਦੀ ਰਕਮ pests control equipment ਵਾਸਤੇ ਰਖੀ ਗਈ ਹੈ ਮੈਂ ਸਮਝਦਾ ਹਾਂ ਕਿ ਇਹ ਬਹੁਤ ਥੋੜੀ ਹੈ । ਸਾਡੇ ਦੇਸ਼ ਦੇ ਅਨਾਜ ਦਾ 30% ਹਿਸਾ ਖਾਧਾ ਜਾਂਦਾ ਹੈ । ਕੁਛ ਤਾਂ ਇਹ ਫਸਲ ਦੀਆਂ ਬੀਮਾਰੀਆਂ ਕਰਕੇ ਖ਼ਾਇਆ ਜਾਂਦਾ ਹੈ ਅਤੇ ਕੁਝ wild animals ਅਤੇ stray cattle ਇਸ ਨੂੰ ਖਰਾਬ ਕਰਦੇ ਹਨ । ਇਸ ਵਾਸਤੇ ਸਰਕਾਰ ਨੂੰ ਅਨਾਜ ਨੂੰ ਬਚਾਉਣ ਵਾਸਤੇ ਆਪਣਾ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ । ਇਹ ਰਕਮ ਕਾਫੀ ਨਹੀਂ ਹੈ । ਜਿਥੇ ਲਖਾਂ ਦੇ ਅਨਾਜ ਦਾ ਨੁਕਸਾਨ ਹੁੰਦਾ ਹੋਵੇ ਉਥੇ ਅਨਾਜ ਨੂੰ ਬਚਾਉਣ ਵਾਸਤੇ ਵੀ ਸਾਨੂੰ ਲੱਖਾਂ ਰੁਪਏ ਖਰਚਣੇ ਚਾਹੀਦੇ ਹਨ । ਪਿੰਡ ਪੰਚਾਇਤਾਂ ਨੂੰ agricultural implements subsidies ਤੇ ਦੇ ਦੇਣੇ ਚਾਹੀਦੇ ਹਨ ਤਾਂਕਿ ਪੂਰੀ ਤਰ੍ਹਾਂ ਨਾਲ ਰੋਕ ਥਾਮ ਕੀਤੀ ਜਾ ਸਕੇ । ਪਰ ਚੰਗੇ implements ਦਾ ਪਰਬੰਧ ਕਰਨ ਵਾਸਤੇ ਅੱਜ ਇਸ ਹੈਡ ਵਿੱਚ ਕੋਈ ਖਾਸ ਗੁੰਜਾਇਸ਼ ਨਹੀਂ ਹੈ । ਇਹ ਰਕਮ ਬੜੀ ਹੀ ਘਟ ਹੈ । ਜੇ stray cattle ਦਾ ਇੰਤਜ਼ਾਮ ਸਾਡੇ ਮੌਜੂਦਾ ਵਜ਼ੀਰ ਸਾਹਿਬ ਨਾ ਕਰ ਸਕੇ ਤਾਂ ਮੈਂ ਸਮਝਦਾ ਹਾਂ ਫੇਰ ਕੋਈ ਸਰਕਾਰ ਵੀ ਨਹੀਂ ਕਰ ਸਕਦੀ । ਭਾਵੇਂ ਕੋਈ ਵੀ ਤਰੀਕਾ ਵਰਤਿਆ ਜਾਵੇ ਸਾਡੇ ਸੂਬੇ ਦਾਂ ਅਨਾਜ ਕੁਝ ਤਾਂ ਫਸਲਾਂ ਦੀ ਬੀਮਾਰੀਆਂ ਨਾਲ ਖ਼ਾਇਆ ਹੋ ਜਾਂਦਾ ਹੈ ਅਤੇ ਕੁਝ stray cattle ਹਜ਼ਾਰਾਂ ਮਣ ਦੀ ਗਿਣਤੀ ਵਿਚ ਬਰਬਾਦ ਕਰ ਜਾਂਦੇ ਹਨ । ਸਾਨੂੰ ਕੋਈ ਐਸਾ ਢੰਗ ਇਖਤਿਆਰ ਕਰਨਾ ਚਾਹੀਦਾ ਹੈ ਜਿਸ ਨਾਲ ਇਹ ਅਨਾਜ ਬਚ ਸਕੇ ਕਿਉਂਕਿ ਇਸ ਨਾਲ ਹਜ਼ਾਰਾਂ ਫੈਮਿਲੀਜ਼ ਆਪਣਾ ਗੁਜ਼ਾਰਾ ਕਰ ਸਕਦੀਆਂ ਹਨ ।

ਇਸ ਤੋਂ ਇਲਾਵਾ Agriculture Department ਰਾਹੀਂ ਜਿਹੜੇ crop competition ਕੀਤੇ ਜਾਂਦੇ ਹਨ, ਇਹ ਠੀਕ ਹੈ ਕਿ ਇਨ੍ਹਾਂ ਨਾਲ ਪਿੰਡਾਂ ਦੇ ਜ਼ਿਮੀਦਾਰਾਂ ਨੂੰ ਬੜਾ ਉਤਸ਼ਾਹ ਹੁੰਦਾ ਹੈ । ਪਰ ਜੋ ਤਰੀਕਾ ਅਜ ਕਲ ਜ਼ਿਮੀਦਾਰ ਦੀ ਫਸਲ ਦਾ ਅੰਦਾਜ਼ਾ ਲਾਉਣ ਲਈ ਵਰਤਿਆ ਜਾ ਰਿਹਾ ਹੈ ਉਹ ਮੈਂ ਸਮਝਦਾ ਹਾਂ ਕਿ ਠੀਕ ਨਹੀਂ ਹੈ । ਉਹ ਇਹ ਹੁੰਦਾ ਹੈ ਕਿ ਜ਼ਿਮੀਦਾਰ ਦੀ 2-4 ਮਰਲੇ ਜ਼ਮੀਨ competition ਲਈ ਰਖ ਲਈ ਜਾਂਦੀ ਹੈ ਅਤੇ ਉਸ ਤੋਂ ਹੀ average ਉਪਜ ਦਾ ਅੰਦਾਜ਼ਾ ਲਾ ਲਿਆ ਜਾਂਦਾ ਹੈ ।

ਕਿਉਂਕਿ ਉਹ ਜਾਣਦਾ ਹੁੰਦਾ ਹੈ ਕਿ ਇਸ ਟੁਕੜੇ ਦੀ ਉਪਜ ਨੂੰ ਹੀ ਵੇਖਿਆ ਜਾਣਾ ਹੈ ਇਸ ਵਾਸਤੇ ਉਹ ਇਸ ਦੀ ਹੀ ਜ਼ਿਆਦਾ fertilization ਕਰਦਾ ਹੈ ਇਹ ਤਰੀਕਾ ਸਾਨੂੰ ਬਦਲਣਾ ਚਾਹੀਦਾ ਹੈ। ਇਸ ਦੀ ਬਜਾਏ ਉਸ ਦੇ ਸਾਰੇ ਟੁਕੜੇ ਵਿੱਚੋਂ ਹੀ ਕੋਈ ਜਗ੍ਹਾ ਆਪ ਮਹਿਕਮਾ ਛਾਂਟ ਕੇ ਉਸ ਤੇ average ਉਪਜ competition ਲਈ ਲਾਉਣੀ ਚਾਹੀਦੀ ਹੈ। ਇਹ ਤਰੀਕਾ ਜੋ ਵਰਤਿਆ ਜਾਂਦਾ ਹੈ ਇਹ ਸਰਾਸਰ ਨਾਜਾਇਜ਼ ਹੈ।

Fruit growing ਵਾਸਤੇ 12 ਲੱਖ ਰੁਪਏ ਦੀ ਰਕਮ ਰੱਖੀ ਗਈ ਹੈ। ਮੈਂ ਸਮਝਦਾ ਹਾਂ ਕਿ ਇਸ ਕੰਮ ਲਈ ਜਿਤਨੀ ਵੀ ਜ਼ਿਆਦਾ subside ਸਰਕਾਰ ਦੇਵੇਗੀ ਉਤਨੇ ਹੀ ਜ਼ਿਆਦਾ ਉਹ ਬਾਗ਼ ਲਗਾ ਸਕਦੇ ਹਨ। ਇਸ ਤੋਂ ਇਲਾਵਾ loan terms ਵੀ ਸਰਕਾਰ ਨੂੰ ਕੁਝ ਢਿਲੀਆਂ ਕਰ ਦੇਣੀਆਂ ਚਾਹੀਦਆਂ ਹਨ ਤਾਕਿ ਜ਼ਿਮੀਦਾਰ ਇਸ sub-sidie ਤੋਂ ਹੋਰ ਜ਼ਿਆਦਾ ਫਾਇਦਾ ਉਠਾ ਸਕਣ। ਇਸ ਵਾਸਤੇ loan term ਕੁਝ ਹੋਰ ਜ਼ਿਆਦਾ ਢਿਲੀ ਹੋਣੀ ਚਾਹੀਦੀ ਹੈ।

ਸਪੀਕਰ ਸਾਹਿਬ, ਇਸ ਤੋਂ ਬਾਅਦ ਮੈਂ agricultural education ਦੇ ਮੁਤੱਲਿਕ ਅਰਜ਼ ਕਰਦਾ ਹਾਂ। ਇਸ ਸਾਲ ਤੋਂ ਪਹਿਲਾਂ vernacular final ਦੀ ਪੜ੍ਹਾਈ ਵਿੱਚ ਇਕ class agriculture ਦੀ ਵੀ ਲਗਦੀ ਸੀ। ਪਰ ਮੈਨੂੰ ਅਫਸੋਸ ਹੈ ਕਿ ਉਹ ਇਸ ਸਾਲ ਤੋਂ ਬੰਦ ਕਰ ਦਿੱਤੀ ਗਈ ਹੈ। ਇਹ ਸਿਖਿਆ ਦੇਣੀ vernacular final ਤਕ ਹੀ ਦੇਣੀ ਲਾਜ਼ਮੀ ਨਹੀਂ ਸੀ ਸਗੋਂ ਇਹ ਤਾਂ higher classes ਵਿਚ ਵੀ ਦੇਣੀ ਜ਼ਰੂਰੀ ਸੀ ਸਰਕਾਰ ਨੂੰ ਇਸ ਪਾਸੇ ਉਚੇਚਾ ਧਿਆਨ ਦੇਣਾ ਚਾਹੀਦਾ ਹੈ ਅਤੇ agricultural ਸਿਖਿਆ ਦੇ ਸਕੂਲਾਂ ਵਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ।

ਪਿਛੇ ਜਿਹੇ ਅਸੀਂ ਸੁਣਿਆ ਸੀ ਕਿ ਸਰਕਾਰ ਲੁਧਿਆਣੇ ਵਿੱਚ ਇਕ agricultural university ਖੋਲ੍ਹਨ ਦਾ ਵਿਚਾਰ ਕਰ ਰਹੀ ਹੈ ਪਰ ਅਸੀਂ ਵੇਖਦੇ ਹਾਂ ਕਿ ਇਸ ਬਜਟ ਵਿੱਚ ਇਸ ਦਾ ਕਿਤੇ ਨਾਂ ਨਹੀਂ ਹੈ। ਅੱਜ M. A. Ph. D. ਦੀ study ਵਾਸਤੇ ਜਿਥੇ ਕਾਲਜ ਖੋਲ੍ਹੇ ਜਾ ਰਹੇ ਹਨ ਉਥੇ ਸਾਨੂੰ ਦੇਸ਼ ਦੀ ਜ਼ਰੂਰਤ ਨੂੰ ਪੂਰਾ ਕਰਨ ਵਾਸਤੇ ਇਕ agricultural university ਦੀ ਵੀ ਬੜੀ ਲੋੜ ਹੈ।

ਆਖੀਰ ਵਿਚ ਮੈਂ ਇਕ ਗੱਲ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜ਼ਿਮੀਂਦਾਰਾਂ ਨੂੰ ਉਨ੍ਹਾਂ ਦੀ ਫਸਲ ਦਾ ਪੂਰਾ ਮੁਆਵਜ਼ਾ ਨਹੀਂ ਮਿਲਦਾ ਅਤੇ ਉਨ੍ਹਾਂ ਨੂੰ ਕੋਈ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਦੀ ਫਸਲ ਕਿਸ ਭਾ ਵਿਕਣੀ ਹੈ। Purchasers ਜਿਹੜੇ ਹਨ ਉਨ੍ਹਾਂ ਦੀ ਬਾਕਾਇਦਾ set ਕੀਤੀਆਂ societies ਹੁੰਦੀਆਂ ਹਨ ਉਹ ਜਿਸ ਭਾ ਚਾਹੁਣ producer ਦਾ ਮਾਲ ਲੈ ਲੈਂਦੇ ਹਨ ਅਤੇ ਇਸ ਤਰ੍ਹਾਂ producer ਨੂੰ ਉਸ ਦੇ ਮਾਲ ਦੀ ਜਾਇਜ਼ ਕੀਮਤ ਨਹੀਂ ਮਿਲਦੀ। ਇਸ ਲਈ ਸਰਕਾਰ ਨੂੰ ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ।

अध्यक्ष महोदय : आज agriculture की demand पर तो बड़ी कम हाज़री है। कल general administration और Law and order की demand पर तो बड़ी गर्मा गर्मी थी। (The attendance of the hon. Members on the Demand for Agriculture is very thin as compared with that on

[Mr. Speaker]
the Demand relating to the General Administration and the Law and order yesterday.)

Minister for Consolidation and Health : This shows Sir, how much interest the hon. Members take on the Demand on agriculture.

श्री रूप सिंह फूल (हमीरपुर रिज़र्वड) : साहिबे सदर, तकसीमे मुल्क के बाद पाकिस्तान के हिस्से में वह पंजाब का इलाका आया जिस को हिन्दुस्तान की granary माना जाता है और हिंदुस्तान के हिस्सा में वह पंजाब का इलाका आया जहां बहुत ही कम अनाज पैदा होता है। मगर फिर भी यह कितनी हौसला अफज़ाई की बात है कि हुकूमतें वक्त मुल्क को पैदावार बढ़ाने की कितनी कोशिश कर रही है। ताहम कुछ ऐसी बातें भी हैं जिन की ओर सरकार कोई ध्यान नहीं दे रही। तामीरी Programme पंजाब के बाकी इलाका में तो चालू हैं ज़िला कांगड़ा में नहीं। ज़िला कांगड़ा जिसे पंजाब का सब से पसमांदा ज़िला कहा जा सकता है वहां का वातावरण पंजाब के बाकी ज़िलों से बिलकुल अलग है। hon. Members मुझे मुआफ फरमायेंगे अगर मैं अपनी बहस ज़िला कांगड़ा तक ही महदूद रखूं। आप ने देखा होगा कि ज़िला कांगड़ा एक पहाड़ी इलाका है। और साल भर में बहुत हद तक वहां एक किस्म की तकरीबन कहत साली ही रहती है। जहां तक पंजाब की पैदावार का सवाल है इस पहाड़ी इलाका को मैदानी इलाका का आभारी होना पड़ता है ताकि अहलियाने कांगड़ा अपना पेट पाल सकें। जहां तक ज़िला कांगड़ा का ताल्लुक है हम देखते हैं कि यहां की पैदावार को बढ़ाने के लिये हुकूमत ने आज तक कोई survey नहीं कराया। Government को शुरू में ही यहां पर जरई असलाहात करनी चाहियें थीं। जिन से लोगों की माली हालत अच्छी हो सके और जरई पैदावार को बढ़ाने के लिये वह और ढंग निकाल सकें। जिस से वह रुपया कमा सकें। और जब किसी के पास रुपया होता है तो वह अपनी ज़रूरियात जहां से जी चाही खरीद सकता है। Horticulture का अगर तजरुबा करना हो तो इस ज़िला में तहसील कुल्लू है, तहसील देहरा, तहसील कांगड़ा और नूरपुर तहसील पालमपुर है और तहसील हमीरपुर है जिस इलाका में यह आसानी से research की जा सकती है और माली हालत सुधारी जा सकती है।

इस के इलावा sericulture के लिये भी यहां पर काफी ज़मीन मिल सकती है। अगर यहां पर experts भेजे जाकर सरवे करवाया जाये तो मैं समझता हूं कि ज़िला कांगड़ा की गरीबी दूर हो सकती है। आपने देखा होगा कि यूरोप में जब agrarian reforms हुई तो ज़िमींदारों को subsidies के रूप में काफी funds मिले, मगर जिन के पास funds ही नहीं हैं वह कैसे तरक्की कर सकते हैं। हमारे हां agriculture पर जिन का दारोमदार है वह ज़्यादा तर हरिजन ही हैं अगर सारे नहीं तो बेश्तर हिस्सा हरिजनों का है जो कि मुजारे ही हैं। अगर मुजारे मौरूसी को मालकान हकूक दे दिये गये तो इस का मतलब यह नहीं कि मुजारों की तकालीफ को दूर कर दिया गया। क्योंकि गैर मौरूसी मुजारों के मुकाबले में मौरूसी मुजारे बहुत कम तादाद में हैं। हुकूमत ने कोई 10 या 12 किस्म के Acts पास किये जिन के लिये यह कहा जाता है कि they have

5 p.m.

served for the security of the land Tenure. अब सवाल यह है कि हमारी आबादी के एक बहुत बड़े हिस्से को यह तसल्ली नहीं है कि जिस ज़मीन पर वह आबाद है उस पर उन्हें रहने भी दिया जायेगा। इस लिये यह ज़रूरी हो जाता है कि उन के दिल में यह ख्याल पैदा हो कि मेहनत करने का क्या फायदा है।

इस के अलावा कांगड़ा जिला एक ऐसा इलाका है जहां पर नौतोड़ की जा सकती है और पैदावार बढ़ाई जा सकती है। लेकिन नौतोड़ के मुताल्लिक जो कवायद हैं अगर उन की तरमीम न हो तो वह मुजारयान या दीगर आदमी जिन के पास ज़मीन नहीं है उनको बराए कवायद वह नौतोड़ आराजी नहीं दी जा सकती। तो जो कवायद नौतोड़ के बने हैं उन की तरमीम करनी चाहिये।

एक बात और है कि इस बात का तजुर्बा नहीं किया गया कि खेती फसलें बदला २ कर बोनी चाहिए। मक्की के खेत में जरूर मक्की न बोई जाए किसी दूसरे अनाज का भी तजरबा किया जाए। जैसा कि अगर किसी खेत में गंदम पैदा होता है तो दूसरे साल उस में आलू पैदा करने का तजरुबा भी करना चाहिए इस से ज़िला कांगड़ा में पैदावार बढ़ सकती है। उससे ज़मींदारों को ज्यादा पैसे मिल सकते हैं। तो इस तरह का कोई तजुर्बा नहीं किया गया।

इस के अलावा एक बात यह है कि पहाड़ी इलाके में improved seeds उस वक्त पहुंचते हैं जब फसल बोए हुए दो-दो तीन-तीन महीने हो जाते हैं। पिछले दो डेढ़ साल का वाक्या है कि गंदम की फसल पकने को आई थी उस वक्त उस फसल के लिये बीज सदर मुकाम में पहुंचा। इस से पता चलता है कि हमारी सरकार की मशीनरी कितनी अजीब है। मैं समझता हूं कि इस किस्म की शिकायत नहीं होनी चाहिये। बीजों के लिये इन्हीं इलाकों में फार्म्स का इंतजाम होना चाहिये क्योंकि कांगड़ा के वातावरण में वह बीज फायदेमन्द साबित नहीं हो सकते जो हरियाने के वातावरण या climate में पैदा हुए हों। इस लिये climate का ख्याल करके ही यह फार्म्स बनाने चाहिये।

कांगड़ा जिला में ज़रायत के काम में आने वाले पशु बाहर से मंगाए जाते हैं। और बैलों की 500, 600 रुपये तक की एक एक जोड़ी मिलती है जिस का नतीजा यह होता है कि हमारे यहां के किसानों का रुपया बैल खरीदने में ही चला जाता है। इस लिये मैं दरखास्त करूंगा कि हमारे ज़िले की हालत देख कर वहां अच्छी नसल के बैल व गाय पैदा करने के लिये improved cow नसल पहुंचाई जाये। ताकि वहां पर ही अच्छे बैल पैदा हो सकें और लोगों का रुपया जो बाहर से बैल import करने में खर्च होता है वह बच सके।

जहां तक field staff, agriculture का ताल्लुक है उस के बारे में मैं कहना चाहता हूं कि जो काम वह करते हैं उसका supervision defective है।

It is physically impossible for an Agricultural Assistant to go from village to village and ascertain the facts there at the spot, because quite a large number of villages is placed under the supervision of a single Agricultural Assistant.

[श्री रूप सिंह फूल]

वह supervise भली भांति नहीं कर सकते कि फलां गांव में जो fields staff ने facts and figures मुहैय्या किये हैं वह दुरुस्त भी हैं या नहीं। इस लिये facts and figures जो हुकूमत के पास पहुंचते हैं वह गलत होते हैं। और गलत अन्दाजे की वजह से हम यह कह देते हैं कि भारतवर्ष या पंजाब के गांवों में इतनी तरक्की हुई है। इतनी पैदावार बढ़ी है। गलत अन्दाजों पर रोक लगानी चाहिए।

इस के इलावा आप ने देखा होगा कि हमारे जिले में जंगलात बहुत हैं और वह जंगली जानवरों से भरे पड़े हैं। लेकिन अभी-अभी एक टैक्स के जरिये हकूमत ने Arms license fees दुगनी कर दी है। सारे पंजाब के मुकाबले में हमारे ज़िले में Arms license की तादाद बहुत है। क्योंकि जंगली जानवर मारने पड़ते हैं। लेकिन इस टैक्स का असर अब वहां बुरा पड़ेगा। लोग दुगनी फीस लाइसेंस न दे सकेंगे। इस लिये इस सिलसिले में मेरी अर्ज़ है कि कांगड़ा जिले को इस टैक्स से मुस्तसना ही कर देना चाहिये।

आजकल चूहे मारने के लिये जो कैमीकल सरकार मुहैय्या कर रही है उन से कोई फायदा नहीं हो रहा है। इस लिये मैं अर्ज़ करूंगा कि ....

An improved variety of chemical may be supplied so that the menace of rats is totally eradicated.

चौधरी साहीराम बिशनोई (अबोहर) : स्पीकर महोदय, आज जिस डिमांड के विषय में यह बहस चल रही है, उसका ताल्लुक पंजाब के उस महकमें से है जिस की तरफ हमें सबसे ज्यादा ध्यान देने की आवश्यकता है।

सन् 1947 के बाद जब इस पंजाब का बंटवारा हुआ उस समय जो पैदावार होती थी वह अपनी ज़रूरत से भी कम थी। लेकिन देश की सारी समस्या पर विचार करने के पश्चात् और अनाज की कमी को सामने रखते हुए देहातों में रहने वाले किसानों ने अपना फर्ज़ समझा और उन्होंने अनाज की पैदावार बढ़ाने की कोशिश की। और इस में सरकार की तरफ से कुछ मदद मिली। लेकिन जहां तक मेरे इलाके का प्रश्न है मैं बतलाना चाहता हूं कि जो महकमा जरायत वहां काम कर रहा है उस को देखने से मालूम होता है कि इस पैदावार को बढ़ाने के लिये उस महकमें से इमदाद नहीं मिलती। हालांकि जमीन वहां की ज़रखेज़ है पर नहर का पानी या दूसरी सहूलतें न मिलने के कारण वहां की पैदावार नहीं बढ़ पाती। इस कारण वह इलाका तरक्की नहीं कर सकता।

यह जो एक करोड़ 30 लाख की मांग है, इस में से $52\frac{1}{2}$ लाख रुपया experiment और research पर खर्च किया जा रहा है। 18 लाख agriculture पर खर्च होगा और 20 लाख सिर्फ demonstration और propaganda के लिये रखा गया है। मैं यह नहीं कहता कि यह आवश्यक नहीं है लेकिन जो किसान पंजाब की पैदावार बढ़ा रहा है उस की हालत सुधारने के लिये जो ध्यान देना चाहिये वह नहीं दिया गया।

पिछले 10 सालों के अन्दर test experiment के बाद भी यही देखने में आता है कि वही फसलें मसलन कपास, बाजरा, गंदम, जो उस समय बोई जाती थीं वही आज भी देखने में आती हैं, उन का experiment से कोई लाभ नहीं हुआ लेकिन फिर भी experiment और research पर इतनी बड़ी रक्म रखी जा रही है। मैं यह कहूंगा कि पैदावार को बढ़ाने के लिये किसान अपना खून पसीना एक करके उस पर दिन रात काम कर रहा है । लेकिन मुझे अफसोस से कहना पड़ता है कि उस की हालत कुछ भी सुधर नहीं पाई। इस की वजह यह है कि हमारी सरकार जो आए दिन भूमि और मुज़ारों के कानून ले आती है उन कानूनों ने उस को परेशानी में डाल रखा है, उस को हर वक्त इस बात का डर रहता है कि आया उस की जो ज़मीन है वह उस के पास रहेगी या नहीं रहेगी क्योंकि हर साल कानून में कुछ न कुछ तबदीली होती रहती है। जो मुज़ारे हैं उन को भी चैन नहीं है। काश्त तो वह करते हैं लेकिन मालकान गिरदावरियां अपने नाम पर करवाने की कोशिश करते हैं। इस लिये उन का भी झगड़ा रहता है। दूसरी तरफ जो ज़मीन का मालिक है उस को भी यह विश्वास नहीं कि मेरी ज़मीन मेरे पास रहेगी या नहीं रहेगी। इन सब चीज़ों का नतीजा यह हो रहा है कि किसान लोग ज़मीन को बेहतर बनाने के लिये बहुत कम interest ले रहे हैं और उन का आपस में लड़ाई झगड़ा होता रहता है। वह सारा समय लड़ाई झगड़े में ही लगे रहते हैं और ज़मीन की improvement की तरफ कोई ध्यान नहीं दे सकते। इस लिये मैं कहूंगा कि अगर Government चाहती है कि यहां की ज़रायती पैदावार बढ़े तो उसे इस किस्म के कानून नहीं पास करने चाहियें जिस से ज़मीदारों के दिलों में अशान्ति पैदा हो।

इस के इलावा स्पीकर साहिब मैं निवेदन करना चाहता हूं कि मेरे इलाके में consolidation अभी तक नहीं हुई है। इस लिये वहां के लोगों को यह पता नहीं है कि उन की ज़मीनों का क्या बनेगा और उन्हें कहां कहां ज़मीन मिलेगी। इस वजह से वह लोग अपनी जमीनों को अच्छा बनाने में interest नहीं ले रहे हैं। न कोई ज़मीदार उन में वृक्ष लगा रहा है और न ही ज़मीनों में खाद डाल [कर उसे अच्छी पैदावार देने वाली बनाने की कोशिश करते हैं। वह बेचारे दिन रात इसी ख्याल में रहते हैं। पता नहीं वहां पर कब consolidation होगी और उन लोगों को सुख का सांस मिलेगा और वह अपनी पैदावार बढ़ाने की कोशिश करेंगे। इस के इलावा उन की ज़मीनों पर हर साल जो surcharge और special charge में इज़ाफा होता जा रहा है वह भी उन के लिये परेशानी का बायस बना हुआ है। अब जिन इलाकों में नया पानी मिलना है उन पर जो betterment-tax लग रहा है उस की वजह से भी लोगों में बड़ी घबराहट हो रही है। जनाब स्पीकर साहिब, इस तरह से किसानों पर अनेक किस्म की मुसीबतें पड़ी रहती हैं। इस लिए वह शांति के साथ काम नहीं कर सकता। स्पीकर साहिब, पैदावार को बढ़ाने के लिये सब से ज़रूरी चीज़ पानी की supply होती है। यह Demand irrigation के मुतल्लिक तो नहीं है लेकिन जब Agriculture का सवाल आता है तो उस के साथ ही irrigation का भी हवाला देना जरूरी हो जाता है। वह किसान जो पहले छः महीने ज़मीन में हल जोतता है, उस पर मेहनत करता है, अच्छी किस्म का

[चौधरी साहोराम बिशनोई]

बीज लाकर बोता है अगर उस को बाद में पानी न मिल सके, वहां पर नहर होते हुए भी उसे पानी न मिले और उस की फसल सूख जाए तो उस को जो दु:ख होता है उस का अंदाज़ा वही लगा सकता है जो उन हालात में से गुज़र चुका हो। जब उसे पानी नहीं मिलता तो वह बेचारा बेबस हो कर बैठ जाता है। वह पैदावार बढ़ाना चाहता है, हर तरह से मेहनत करता है लेकिन पानी न मिलने की वजह से उन की फसल सूख जाती है। जनाब, मेरे इलाके में नहर है लेकिन वहां उस में पानी पूरा नहीं दिया जाता। लोगों को विश्वास हो चुका है नहर का महक्मा जो है यह तो एक भैंस है जिस को जितना चारा कोई डालेगा उतना ही यह दूध देगी। इस Department में Corruption बहुत ज्यादा बढ़ी हुई है। जो लोग उन को पैसे दे देते हैं उन को तो पानी मिल जाता है और जो नहीं देते उन की फसल सूख जाती है। इस के इलावा लोगों के पानी की वाराबन्दी पर झगड़े चलते हैं और वह उन झगड़ों पर हज़ारों रुपये नाश कर देते हैं और वह शान्तिपूर्वक काम नहीं कर सकते। लोग जब नहर के महकमें की शिकायत करते हैं कि हमारी टेल पर पानी नहीं पहुंच रहा तो वह जवाब देते हैं कि रजिस्टर पनसाल में दर्ज है कि उन्हें पानी पूरा मिल रहा है। जब पनसालिए से पूछा जाए कि तुम ने झूठी पनसाल क्यों की तो वह कहता है कि मैं बेबस हूं मुझे जैसे मेरे अफसर कहते हैं वैसे ही करना पड़ता है। अगर मैं उन की मर्ज़ी के मुताबक न चलूं तो अफसर मेरे खिलाफ action लेते हैं। स्पीकर साहिब, यह हालत तो हमारी Government के irrigation Department की है। कई दफा अफसरान के पास यह शिकायत की गई है कि हमारी टेल पर पानी नहीं पहुंच रहा और फलां फलां टेल पर डेढ़ा पानी चल रहा है तो उस पर officers कह देते हैं कि यह नहीं हो सकता। जब अफसर को ले जा कर मौका दिखाया गया और बात ठीक निकली तो कहने लगा कि मैं इस पर कोई action नहीं ले सकता क्योंकि उस जमींदार की भेजी हुई भैंस अब भी मेरे द्वार पर बन्धी खड़ी है। मेरा कहने का मतलब यह है कि ऐसे इलाके में जहां की ज़मीन ज़रखेज़ है और जहां पर पैदावार बढ़ सकती है, वहां पानी न मिलने की वजह से बेचारे किसान बेबस हो कर बैठे हुए हैं मैं यह बात पहले भी अर्ज़ कर चुका हूं कि पानी के बगैर न खाद का फायदा है और न मेहनत करने का लाभ है परन्तु फिर भी जो खाद बांटी गई है उस में ज़मीदारों को जो मुश्किल पेश आई है उस की तरफ मैं Government का ध्यान दिलाना चाहता हूं। महकमें वालों ने ज़मीदारों को खाद तकावी जो दी उस की वसूली अगले साल करनी थी। लेकिन, स्पीकर साहिब, फीरोज़पुर में यह हालत है कि लोगों को जो 1947 में खाद दी गई थी उस की वसूली आज तक नहीं की गई और उन के ऊपर तावान लगता जा रहा है। उन लोगों को इस बात का कोई पता नहीं कि हमारे ऊपर किस कदर तावान पड़ रहा है। वे बेचारे रुपया ले कर जाते हैं लेकिन उसे न कोई Bank लेने के लिए तैयार है और न ही तहसील में कोई लेता है। उन बेचारों का कोई कसूर नहीं है लेकिन उन पर तावान लग रहा है। इस चीज़ से सरकार को भी नुक्सान उठाना पड़ रहा है और ज़मीदारों

को भी भारी मुश्किल पेश ग्रा रही है ।

इस के इलावा एक बात ग्रौर है जो मैं Government के notice में लाना चाहता हूं। वह यह है कि ग्रगर मेरे इलाके में कोई ज़मीदार ज्यादा पैदावार बढ़ा लेता है तो वह उसे मण्डी तक नहीं ले जा सकता क्योंकि वहां पर कोई सड़क नहीं है । रास्ते कच्चे हैं जहां से बैल गाड़ी वगैरह नहीं ग्रा सकती । पिछले साल के budget में ग्रबोहर से ले कर सीतो डबवाली तक एक कच्ची सड़क जाती है, उस को पक्की करने के लिए budget में एक लाख रुपया का provision किया गया था । लेकिन ग्राज तक उस पर एक पाई खर्च नहीं हुई है। इस साल फिर उस के लिए एक लाख रुपया रखा गया है मगर इस का तब फायदा है ग्रगर इस को उस सड़क पर खर्च किया जाए। मैं Government से प्रार्थना करूंगा कि वह इस सड़क को जल्दी से जल्दी पक्की करवाने का यत्न करे ताकि लोगों की तकलीफ दूर हो सके । इस के साथ ही मैं यहां पर यह भी बताना चाहता हूं कि जब कोई ज़मीदार कोशिश करके ग्रपनी produce ले कर market में चला जाए तो वहां पर 10/12 दिन तक उस की produce की बोली नहीं की जाती। कई कई हफ्ते उसे खराब करके बाद में जब वह बेचारा तंग ग्रा जाता है तो फिर सस्ते भाग्रों पर उस की produce को नीलाम कर देते हैं। इस का नतीजा यह होता है कि जितने पैसे उस किसान को उस की produce के मिलते है वह सब के सब वहीं उसी मण्डी में ही खा कर ग्रपने घर खाली हाथ लौट कर ग्रा जाता है। इस के इलावा जब फसल तौली जाती है तो उस वक्त काफी झगड़ा होता हैं। जब market committee के पास शिकायत की जाती है तो वह सुनने के लिए तैयार नहीं होते ।

तो ऐसी सूरत में मैं समझता हूं कि market committee के नुमायंदे चूंकि nominated होते हैं इस लिए वह कोई परवाह नहीं करते हैं ग्रौर सही ढंग से काम नहीं चलाते हैं । इस लिए मैं समझता हूं कि वह नुमायंदे चुने हुए होने चाहिएं। इस के इलावा गरीबों के सामने बीमारियों का मसला है। मलेरिया के दिनों में लोग बगैर दवा दारू के पड़े रहते हैं। हस्पताल वगैरह नज़दीक नहीं हैं ग्रौर दूर से डाक्टर वहां पहुंच नहीं पाते हैं। वहां उनको जाने के लिए बड़ी मुश्किल पेश ग्राती है । सरकार की तरफ से इस किस्म का प्रबंध होना चाहिए कि वह कुछ ऐसी गाड़ियां रखे जिन में दवाइयां वगैरह हों ग्रौर डाक्टर उन में, गांव में जाया करें । इस तरीके से वह दौरा लगाया करें कि हरेक गांव में वह तीन-चार दिन के बाद पहुंच जाया करें। जो लोग बीमार हैं उनको देख कर दवाई दे कर टीका वगैरह लगा कर उनका इस तरह से इलाज करें (घंटी) इसी तरह से उनके पशु जो हैं उनकी भी बड़ी भारी समस्या है (घंटी) वह भी बीमार हो जाते हैं ग्रौर उन का भी इलाज नहीं हो पाता है । इस तरह पशु धन को नुकसान होता है ।

(*At this stage the bell was again sounded and the hon. Member resumed his seat.*)

श्री श्री कृष्ण शास्त्री वैद्य (सफीदों) : स्पीकर साहिब, आज सुबह से इस सदन में खेती बाड़ी के सम्बन्ध में वादविवाद चला हुआ है । इस सम्बन्ध में मैं यह ज़रूर कहूंगा कि हमारे खेती बाड़ी के महकमे ने काफी तरक्की की और दूसरे बहुत से सूबों से ज्यादा तरक्की इस ने की है । यह किसी से पीछे नहीं है बल्कि आगे है । लेकिन कुछ इलाकों के जो हालात हैं उन को देख कर तो मैं यह कहूंगा कि यह उस कहावत वाली बात है कि "आगे दौड़ और पीछे चौड़" (हंसी) आगे आगे तो लड्डू बंटते रहे हैं और पीछे पीछे खुसते रहे हैं । यह हाल है । यह बड़ी खेदजनक बात है और यह बात मैं पिछले साल भी कह चुका हूं और अब फिर कहने लगा हूं मगर कोई ध्यान नहीं दिया गया है । मेरे इलाका के अन्दर वह उमदा और नामी कनक पैदा होती थी कि जिस को सारे पंजाब में सराहनीय रुतबा दिया जाता था और वहां धान की फसल इतनी अच्छी होती थी कि बाहर से दूर दूर के इलाकों के लोग वहां से तुहफा के तौर पर मंगा कर खाते थे और खुश होते थे । वह इलाके भी थे मेरे इलाका के अन्दर कि जिन इलाकों के ज़मींदार गर्व किया करते थे कि हम सब से सुखी हैं । और तो और दूर दूर से लोग दौड़ दौड़ कर वहा रिश्तेदारियां करने आते थे कि जहां बड़ी अनाज की पैदावार होती है, इस लिए उनकी लड़कियां बहुत सुखी रहेंगी । आज मैं उसकी क्या हालत बताऊं? अभी पिछले दिन मैं ने स्पीकर साहिब, पूछा कि मेरे इलाके सफीदों जुलाना के लिए क्या चीज़ बजट में रखी है तो उन्होंने बतलाया कि तुम्हारे इलाके का बजट तो पैप्सू में बना था । अब जैसे गड्डा चलता है चलाओ । खैर तो स्पीकर साहिब, मैं आप के द्वारा यह कहना चाहता हूं कि मेरे इलाके की तरफ ध्यान देने की ज़रूरत है । वहां सफीदों से ले कर जुलाना तक सेम को रोकने के लिए नहर के दोनों तरफ सेम नालियां होना ज़रूरी हैं। सुन्दर ब्रांच पर ऐचरा खुर्द और कला के बीच की घोड़ा पुली टूटी हुई है । इस को बनाया जाए । सेम इतनी है कि जिस ज़मीन में मशहूर कनक और धान पैदा होते थे वहां अब एक दाना अनाज का नहीं पैदा होता है और वहां के ज़मीदार जो बाहर अनाज भेजते थे अब इतने तंग हैं कि खुद उनको अनाज खरीद कर खाना पड़ता है । ठीक है कि tube-wells लगे हैं लेकिन आज तक बिजली के connections देने का इन्तज़ाम नहीं हुआ है और वह बेकार पड़े हुए हैं । गवर्नमेंट लाखों रुपए उन पर खर्च कर चुकी है—शायद करोड़ों भी लगे हों लेकिन कोई भी tube-well चलता नहीं है, बेकार पड़े हैं । फिर जनाब वहां आठ महीने तक पानी खड़ा रहता है और तमाम रास्ता बंद रहता है । ज़मींदार जो थोड़ी बहुत फसल लेकर मंडी में आते हैं तो रास्ता कोई नहीं होता है । Market Committee के पास 20 हज़ार रुपया रखा पड़ा है मगर वह रुपया खर्च करने के लिए उसे इजाज़त नहीं मिलती है । पता नहीं चलता है कि वह इजाज़त कहां से मिलती है । काफी लिखा पढ़ी कर चुके हैं । यहां Secretariat को भी लिख चुके हैं, Resolution भी पास हो चुके हैं और अफसरों को भी लिखा जा चुका है, मगर अभी तक कहीं से भी इजाज़त नही मिल सकी है और वह रुपया उसी तरह पड़ा है और लोग तकलीफें

उठा रहे हैं । चूंकि अब खेती-बाड़ी का वादविवाद चल रहा है इस लिए इस के साथ साथ मैं पशुओं का भी ज़िक्र करना चाहता हूं क्योंकि यह भी agriculture के लिए बहुत ज़रूरी साधन है। पशु धन जो है इस का कृषि के साथ सीधा सम्बन्ध है और आदमी के जीवन के साथ गहरा सम्बन्ध है। मैं निवेदन करूंगा कि पशु धन की हमारे इलाके में बहुत बुरी गति है और वह यह है कि ज़मींदार यह करते हैं कि दूध पिया और फिर डंडा मार कर गऊ को बाहर निकाल दिया। इस तरह से सैंकड़ों पशु बे रोक टोक धक्के खाते फिरते हैं और यू. पी. में ले जा कर मरवाए जाते हैं। हालत यह है कि बीड़ों के अन्दर बछड़े और बछड़ियां सैंकड़ों की तादाद में आवारा शक्ल में फिरते हैं और लोगों के खेतों को खाते हैं और फसलें उजाड़ते हैं । लोग बहुत तंग हैं और फिर भाले वगैरह उनको मारते हैं। फिर जब यह हालत होती है तो यह गऊ माता के रक्षक शोर मचाते हैं कि देखो भाले मारते हैं । इस लिए मैं अर्ज़ करूंगा कि पशु धन की तरफ ध्यान देने की आवश्यकता है। फिर एक तरफ तो हम उपज बढ़ाने की स्कीमें बना रहे हैं और दूसरी तरफ जो पैदावार हो भी रही है उसको उजाड़ा जा रहा है । इस के साथ साथ एक बात और भी है । वह यह है कि पशुओं के चमड़े की तरफ कोई ख्याल नहीं किया जा रहा है । जितने भी पशु ज़मींदारों के पास मरते हैं उनको ज़मीन में गाड़ दिया जाता है और इस तरह से चमड़ा बेकार चला जाता है । इस बात की तरफ भी ध्यान देने की ज़रूरत है। तो मेरे कहने का मतलब है कि जहां हम पैदावार बढ़ाने का ख्याल करते हैं वहां यह भी ज़रूरी है जो पैदावार बढ़ी हुई है और पहले ही होती है उसकी भी तो रक्षा की जाए। यह बात ठीक नहीं कि एक तरफ पैदावार बढ़ाई जाने के प्रयत्न किए जा रहे हैं और दूसरी जो पैदावार होती भी है उस का इन आवारा पशुओं द्वारा नुकसान हो रहा है।

इस के साथ साथ मैं नहरों का भी ज़िक्र करना चाहता हूं क्योंकि कृषि के साथ इन का भारी ताल्लुक है। जनाब कम से कम मेरे आधे इलाके की जो ज़मीन है वह बहुत अच्छी और उपजाऊ है । लोग भी बड़ी दिलचस्पी के साथ खेती-बाड़ी का काम करते हैं। पैसे लगा कर खाद वगैरह खरीदते हैं और डालते हैं । यह सब कुछ करने के बाद जब पानी का सवाल आता है तो इस के न मिलने की वजह से फसलें सूख जाती हैं और मेहनत व्यर्थ जाती है। मेरा सफीदों जुलाने का एक ऐसा इलाका है कि जहां से सुन्दर सब ब्रांच से दो-तीन रजबाहे निकलते हैं। यह सिंचाई वाले जो हैं पहले थोड़ा सा पानी देते हैं फिर बंद कर देते हैं, फिर थोड़ा सा पानी छोड़ देते हैं और फिर बंद कर देते हैं। इस लिए रजबाहों और नहर को एक ही S. D.O. के अधीन रखना चाहिए । इस तरह से फसलें खत्म हो जाती हैं। सिंचाई के बारे में देखा जाता है कि कुछ जगहों पर थोड़ा पानी दिखाया जाता है और बाज़ जगहों पर पानी खत्म हो जाता है। कहीं मिलता है और कहीं मिलता नहीं है। अगर एक दफा मिल गया तो दूसरी दफा वक्त पर नहीं मिलता है और इस तरह पैदावार नष्ट हो जाती है । जब तक सिंचाई की सुविधाएं पूरी नहीं दी जाती हैं तब तक यह पैदावार कैसे बढ़ सकती है । फिर

[श्री श्री कृष्ण शास्त्री वैद्य]

नहरों की ऐसी हालत है कि वहां पर एक पुली रीटो खेड़ी के पास टूटी हुई है मगर कोई उस की मुरम्मत नहीं करवाता है। पिछले साल भी मैं ने कहा था और पचासों डंगरों की टांगें वहां टूट चुकी हैं मगर कोई ख्याल नहीं करता है। कई दफा Chief Engineer को लिख चुके हैं, Superintending Engineer और दूसरे अफसरों को लिख चुके हैं। सिंचाई मंत्री जी से भी कहा मगर वह घोड़ा पुली Sundar जो sub-Branch पर है आज तक नहीं बनी है (घंटी) तो स्पीकर साहिब यह जो समस्याएं हैं जब तक इन का इलाज नहीं करेंगे तब तक agriculture की कोई तरक्की नहीं हो सकती है और अनाज का खसारा पूरा नहीं हो सकता है। (घंटी) मैं जनाब इतना कहता हुआ आखिर में इतना कहूंगा कि जहां हम पैदावार बढ़ाने की तरफ ध्यान दे रहे हैं वहां यह भी ज़रूरी है कि जो फसलों का नुकसान होता है उस की भी रक्षा की जाए। तब कृषि की हालत ठीक हो सकती है।

मास्टर नान्हूं राम (कलानौर): स्पीकर साहिब, आज agriculture की demand पर इस हाऊस में बहस चल रही है। यह महकमा खेती-बाड़ी से ताल्लुक रखता है इस लिए यह बड़ा ज़रूरी और अहम महकमा है। आज हमारे मुल्क में पैदावार के मामले में बड़ी दिक्कत पेश आ रही है। हमारे बड़े-बड़े नेता देश के किसानों से अपील कर रहे हैं कि वह पैदावार को बढ़ाएं। आज हालत यह है कि हमें करोड़ों रुपया बाहर भेजना पड़ता है और इस तरह बाहर से अनाज मंगवाया जाता है। इस लिए यह ज़रूरी है कि देश की पैदावार बढ़ाई जाए और इस लिहाज़ से भी इस महकमा को ज्यादा अहमियत दी जानी चाहिए। इस महकमा का ताल्लुक गरीब किसानों से है। इस सिलसिले में मैं बताना चाहता हूं कि पैदावार को बढ़ाने के लिए consolidation का जो महकमा है उसकी मदद की भी ज़रूरत है। consolidation के महकमे के बारे में मैं बताना चाहता हूं कि वह अब भी किसानों के चार-चार और पांच-पांच खेत बनाते हैं। इस से पैदावार को बहुत हानि होती है।

यह महकमा बहुत अहमियत रखता है और मैं इस महकमा के अफसरान की तारीफ करता हूं कि वे लोगों से मिलते हैं, लोगों को अच्छे बीज इस्तेमाल करने के और फसलों को बेहतर बनाने के नए नए तरीके बताते हैं। पंजाब के अन्दर सब से ज़्यादा इस महकमा के तजरबे से किसान ने फायदा उठाया है। Agricultural Research की वजह से सेब और बेर में बहुत improvement हुई है। पहले निकम्मी किस्म की गन्दम हमारे सूबे में होती थी लेकिन अब हम बढ़िया गन्दम सूबे के अन्दर देखते हैं और अच्छी किस्म की होने की वजह से बीमारियों का हमला भी उन पर कम होता है। मैं इस महकमे का बहुत अहसानमन्द हूं और मैं देखता हूं कि इस महकमें ने कैसे अच्छे अच्छे तजरुबे किए हैं। जब किसी दूसरी डीमांड पर बहस होती है तो यह हाउस भरा होता है लेकिन बहुत अफसोस के

साथ कहना पड़ता है कि यह पैदावार की डीमांड इतनी जरूरी है लेकिन बहुत से साहिबान तशरीफ नहीं रखते और कुछ साहिबान ऐसे हैं जिन्हें यह मालूम नहीं चना कैसे बोया जाता है, गन्दम कैसे बोई जाती है। स्पीकर साहिब, मैं आप के द्वारा सरकार से गुज़ारिश करूंगा कि महकमा एग्रीकल्चर के लिए काफी रुपया रखा जाय।

दूसरे मैं यह अर्ज करना चाहता हूं कि हमारे इलाका में नहर के साथ साथ की ज़मीन कल्लर से खराब हो रही है। नहर के नीचे जो ज़मीन आई है उस का मुआवजा सरकार से लिया था लेकिन उस के साथ साथ को लाखों एकड़ ज़मीन ख़राब हो चुकी है। इस का मुआवज़ा भी देना चाहिए और इस जमीन के कल्लर को दूर करने के लिए जल्दी से जल्दी कार्रवाई करनी चाहिए। इस के साथ ही मैं एक मांग और करूंगा कि जिस तरह से Agriculture College लुधियाना में है उसी प्रकार हरियाना में भी एक कालेज होना चाहिए।

इन शब्दों के साथ स्पीकर साहिब, मैं आप का शुक्रिया अदा करता हुआ बैठता हूं।

ਜ਼ਰਾਇਤ ਅਤੇ ਜੰਗਲਾਤ ਮੰਤਰੀ (ਸਰਦਾਰ ਗੁਰਬੰਤਾ ਸਿੰਘ) : ਸਪੀਕਰ ਸਾਹਿਬ, ਅਜ ਖੇਤੀ ਬਾੜੀ ਦੇ ਇਕ ਅਹਿਮ ਮਹਿਕਮੇ ਤੇ ਬਹਿਸ ਹੋਈ ਹੈ ਔਰ ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਸਾਡੇ ਹਾਊਸ ਦੇ ਉਸ ਧੜੇ ਦੇ ਮੈਂਬਰ ਇਸ ਗਲ ਤੇ ਲੰਮੀਆਂ ਲੰਮੀਆਂ ਤਕਰੀਰਾਂ ਕੀਤਾ ਕਰਦੇ ਹਨ—ਪਬਲਿਕ ਵਿਚ ਵੀ ਔਰ ਹਾਊਸ ਵਿਚ ਵੀ—ਕਿ ਅਸੀਂ ਮੁਲਕ ਨੂੰ ਅਗੇ ਲਜਾਣ ਲਈ ਬੜਾ ਕੁਝ ਕਰਦੇ ਹਾਂ। ਸਪੀਕਰ ਸਾਹਬ, ਮੁਲਕ ਨੂੰ ਅਗੇ ਲਜਾਣ ਵਾਲੀ ਚੀਜ਼ ਖੇਤੀ ਬਾੜੀ ਹੈ। ਅਗਰ ਅਸੀਂ ਮੁਲਕ ਨੂੰ ਜ਼ਿੰਦਾ ਰਖਣਾ ਹੈ, ਅਗਰ ਅਸੀਂ ਮੁਲਕ ਦੇ ਜੋ ਵਡੇ ਵਡੇ ਪ੍ਰੋਗਰਾਮ ਬਣਾਂਦੇ ਹਾਂ ਕਿ ਸਾਡੇ ਦੇਸ਼ ਵਿਚ ਚੰਗੀਆਂ ਸੜਕਾਂ ਹੋਣ ਸਕੂਲ ਜਾਂ ਕਾਲਜ ਹੋਣ, ਬਿਜਲੀ ਹੋਵੇ, ਨਹਿਰਾਂ ਹੋਣ, ਜਿਨੀਆਂ ਦੁਨੀਆਂ ਦੀਆਂ ਚੰਗੀਆਂ ਚੀਜ਼ਾਂ ਹਨ ਸਾਰੀਆਂ ਸਾਡੇ ਦਸ਼ ਵਿਚ ਹੋਣ ਔਰ ਅਸੀਂ ਯਤਨ ਕਰਦੇ ਹਾਂ ਕਿ ਇਨ੍ਹਾਂ ਚੀਜ਼ਾਂ ਨੂੰ ਅਸੀਂ ਆਪਣੇ ਦੇਸ਼ ਵਿਚ ਪੈਦਾ ਕਰੀਏ ਲੇਕਿਨ ਇਹ ਚੀਜ਼ਾਂ ਕਿਸਤਰ੍ਹਾਂ ਅਸੀਂ ਆਪਣੇ ਦੇਸ਼ ਵਿਚ ਹਾਸਲ ਕਰ ਸਕਦੇ ਹਾਂ ਜਦ ਤਾਣੀ ਅਸੀਂ ਆਪਣੀ ਖੇਤੀ ਬਾੜੀ ਤੇ ਕਾਬੂ ਪਾ ਕੇ ਅਗੇ ਨਾ ਵਧਾਈਏ ਔਰ ਮੁਲਕ ਵਿਚ ਜੋ ਅਨਾਜ ਦੀ ਕਮੀ ਹੈ ਉਸ ਨੂੰ ਪੂਰਾ ਨਾ ਕਰੀਏ ? ਸਾਡੇ ਦੇਸ਼ ਵਿਚ ਹੋਰ ਦੇਸ਼ਾਂ ਤੋਂ ਚੰਗੀ ਜ਼ਮੀਨ ਹੈ, ਸੋਹਣੇ ਕੰਮ ਕਰਨ ਵਾਲੇ ਹਨ, ਚੰਗੀ ਸੋਹਣੀ ਆਬੋ ਹਵਾ ਹੈ, ਨਹਿਰਾਂ ਹਨ ਟਿਊਬਵੈਲ ਹਨ ਕਿਤੇ ਕੁਛ ਹੈ ਕਿਤੇ ਕੁਛ ਫ਼ੇਰ ਵੀ ਸਾਡੇ ਦੇਸ਼ ਦਾ ਲਖਾਂ ਨਹੀਂ ਕਰੋੜਾਂ ਰੁਪਿਆ ਦਾ ਅਨਾਜ ਬਿਦੇਸ਼ ਤੋਂ ਮੰਗਾਈਏ ਔਰ ਜੋ ਸੋਨਾ ਔਰ ਚਾਂਦੀ ਹੈ ਉਹ ਬਿਦੇਸ਼ੀਆਂ ਨੂੰ ਦਈਏ ਤਾਂ ਫ਼ੇਰ ਅਸੀਂ ਕਿਸ ਤਰੀਕੇ ਨਾਲ ਹੋਰ ਪ੍ਰੋਗਰਾਮਾਂ ਵਿਚ ਅਤੇ ਹੋਰਨਾਂ ਸਕੀਮਾਂ ਵਿਚ ਕਾਮਯਾਬ ਹੋ ਸਕਦੇ ਹਾਂ। ਇਸ ਲਈ, ਸਪੀਕਰ ਸਾਹਿਬ, ਮੈਨੂੰ ਸਚਮੁਚ ਬੜਾ ਦੁਖ ਮਹਿਸੂਸ ਹੁੰਦਾ ਹੈ ਕਿ ਮੇਰੇ ਉਸ ਧੜੇ ਦੇ ਭਰਾ ਜਿਹੜੇ ਇਸ ਗਲ ਦੇ ਠੇਕੇਦਾਰ ਹਨ ਕਿ ਅਸੀਂ ਲੋਕਾਂ ਦੀ ਖੈਰ ਖਾਹੀ ਕਰਨ ਵਾਲੇ ਹਾਂ, ਅਸੀਂ ਲੋਕਾਂ ਨੂੰ ਸਹੀ ਰਸਤੇ ਤੇ ਲੇਜਾ ਰਹੇ ਹਾਂ, ਉਹ ਜਿਸ ਵੇਲੇ ਅਸਲ ਪਰੋਗਰਾਮ discuss ਹੋਣ ਲਗਾ ਹੈ ਜਿਸ ਨਾਲ ਵਾਕਈ ਦੇਸ਼ ਦੀ ਤਰੱਕੀ ਹੋਣੀ ਹੈ ਤਾਂ ਉਹ ਇਸ ਵਿਚ ਦਿਲਚਸਪੀ ਨਹੀਂ ਲੇ ਰਹੇ। ਸਾਡੇ ਦੇਸ਼ ਦੇ ਪ੍ਰਧਾਨ ਮੰਤ੍ਰੀ ਪੰਡਿਤ

[ਜ਼ਰਾਇਤ ਅਤੇ ਜੰਗਲਾਤ ਮੰਤ੍ਰੀ]

ਜਵਾਹਰ ਲਾਲ ਨਹਿਰੂ ਇਕ ਵਾਰ ਨਹੀਂ ਕਈ ਵਾਰੀ ਕਹਿ ਚੁਕੇ ਹਨ ਕਿ ਅਗਰ agriculture ਠੀਕ ਤਰ੍ਹਾਂ ਨਾਲ ਕਾਬੂ ਵਿਚ ਨਾ ਲਿਆਇਆ ਜਾ ਸਕਿਆ ਤਾਂ ਜਿਨੀਆਂ ਸਕੀਮਾਂ ਹਨ, ਜਿਨੇ ਪ੍ਰੋਗਰਾਮ ਹਨ, ਜਿਨੀਆਂ ਪਲੈਨਾਂ ਹਨ ਸਾਰੀਆਂ ਦੀਆਂ ਸਾਰੀਆਂ ਧਰੀਆਂ ਰਹਿ ਜਾਣਗੀਆਂ। ਅਗਰ ਏਸੇ ਵਡੇ ਆਦਮੀ, ਏਸੇ ਸਿਆਣੇ ਆਦਮੀ ਜਿਨ੍ਹਾਂ ਤੋਂ ਦੁਨੀਆਂ ਦੇ ਦੇਵਤੇ ਵੀ ਡਰ ਜਾਂਦੇ ਹਨ ਇਹ ਕਹਿੰਦੇ ਹਨ ਤਾਂ ਕਿਨੇ ਅਫਸੋਸ ਦੀ ਗਲ ਹੈ ਕਿ ਸਾਡੇ ਦੋਸਤਾਂ ਨੇ ਇਸ ਗਲ ਵਿਚ ਹਿਸਾ ਨਹੀਂ ਲਿਆ, ਕੋਈ ਸਾਨੂੰ ਸਲਾਹ ਨਹੀਂ ਦਿੱਤੀ ਕੋਈ suggestion ਨਹੀਂ ਦਿੱਤੀ। ਮੈਂ ਆਸ ਕਰਦਾ ਸੀ ਕਿ ਮੇਰੇ ਦੋਸਤ ਅਪੋਜ਼ੀਸ਼ਨ ਵਾਲੇ ਕੋਈ ਚੰਗੀ ਸਲਾਹ ਮੈਨੂੰ ਦੇਣਗੇ ਜਿਸ ਨਾਲ ਅਗਰ ਮੇਰੇ ਮਹਿਕਮੇ ਵਿਚ ਕੋਈ ਨੁਕਸ ਹੋਇਆ ਤਾਂ ਦੂਰ ਕਰਾਂਗਾ ਲੇਕਿਨ ਸਿਵਾਏ ਕਾਮਰੇਡ ਸਾਹਿਬ ਦੇ ਹੋਰ ਕਿਸੇ ਨੇ ਕੋਈ ਕੰਮ ਦੀ ਗਲ ਨਹੀਂ ਕਹੀ। ਸਪੀਕਰ ਸਾਹਬ, ਮੈਨੂੰ ਸੁਣ ਕੇ ਬੜੀ ਸ਼ਰਮ ਆਈ ਕਿ ਏਨੇ ਪੜ੍ਹੇ ਲਿਖੇ ਆਦਮੀ ਵੀ ਕਈ ਦਫਾ ਗ਼ੈਰ ਜ਼ਿਮੇਦਾਰੀ ਦੀਆਂ ਗਲਾਂ ਕਰਦੇ ਹਨ। ਇਸ ਹਾਊਸ ਵਿਚ ਸਾਡੇ ਇਕ ਸਾਥੀ ਹਨ। ਮੈਂ ਪਿਛਲੇ ਦਿਨਾਂ ਵਿਚ ਉਨ੍ਹਾਂ ਦੇ ਹਲਕੇ ਦੇ ਇਕ ਪਿੰਡ ਵਿਚ ਗਿਆ। ਉਥੇ ਦਸ ਪੰਦਰਹਾਂ ਹਜ਼ਾਰ ਆਦਮੀ ਕੱਠੇ ਹੋਏ। ਉਨ੍ਹਾਂ ਨੇ ਬੜੀ ਆਉ ਭਗਤ ਕੀਤੀ ਉਸ ਇਲਾਕੇ ਦੀ ਸਾਰੀ ਬਰਾਦਰੀ ਨੇ ਸਵਾਗਤ ਕੀਤਾ, ਚੰਗੀ ਤਰ੍ਹਾਂ ਸੁਣਿਆਂ, ਜੋ ਗੱਲਾਂ ਉਨ੍ਹਾਂ ਨੇ ਕਹੀਆਂ ਉਨ੍ਹਾਂ ਨੂੰ ਪੂਰਾ ਕਰਨ ਦਾ ਮੈਂ ਯਤਨ ਕੀਤਾ ਲੇਕਿਨ ਉਹ ਇਸ ਗਲ ਨੂੰ ਬਰਦਾਸ਼ਤ ਨਾ ਕਰ ਸਕੇ। ਕੋਈ ਐਸਾ ਕੈਰੈਕਟਰ ਵਾਲਾ ਜਾਂ ਤਹਿਜ਼ੀਬ ਯਾਫ਼ਤਾ ਆਦਮੀ ਨਹੀਂ ਹੋ ਸਕਦਾ ਜਿਹੜਾ ਰੋਸ ਪ੍ਰਗਟ ਨਾ ਕਰਦਾ। ਮੈਂ ਸਮਝਦਾ ਹਾਂ ਕਿ ਸਮਝ ਵਾਲੇ ਲੋਗ ਹੋਣ ਤਾਂ ਉਸ ਨੂੰ ਆਪਣੇ ਪਿੰਡ ਵਿਚ ਨਾ ਰਹਿਣ ਦੇਣ। ਕੁਝ ਸਜਣਾ ਵਲੋਂ ਕਿਹਾ ਗਿਆ ਕਿ ਸਾਡੇ ਪੰਜਾਬ ਨੇ ਜ਼ਰਾਇਤ ਵਿਚ ਤਰਕੀ ਨਹੀਂ ਕੀਤੀ। ਅਗਰ ਅਸੀਂ ਦੇਖੀਏ ਕਿ ਅਸੀਂ ਪਹਿਲੇ ਕਿੰਨੀ ਪੈਦਾਵਾਰ ਕਰਦੇ ਸੀ ਔਰ ਹੁਣ ਕਿੰਨੀ ਕਰਦੇ ਹਾਂ ਤਾਂ ਇਨ੍ਹਾਂ ਨੂੰ ਅਸਲ ਪੁਜ਼ੀਸ਼ਨ ਦਾ ਪਤਾ ਲਗ ਜਾਏਗਾ। ਸਪੀਕਰ ਸਾਹਿਬ, ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ 1950-51 ਵਿਚ ਸਾਡੀ ਜਿਨੀ ਕਪਾਹ ਦੀ ਪੈਦਾਵਾਰ ਸੀ ਉਸ ਤੋਂ ਹੁਣ ਅਸੀਂ ਤਿੰਨ ਗੁਣਾ ਪੈਦਾਵਾਰ ਕਰਨ ਲਗ ਪਏ ਹਾਂ। ਇਹ ਕਹਿੰਦੇ ਹਨ ਕਿ ਥੋੜੀ ਤਰਕੀ ਕੀਤੀ ਹੈ। ਜਿਨਸ ਦੀ ਪੈਦਾਵਾਰ ਤਿੰਨ ਗੁਣਾ ਕਰ ਦਿਆਂਗੇ। ਮੈਂ ਕੁਝ figures foodgrains ਦੀਆਂ ਮੰਗਵਾਈਆਂ ਹਨ ਜਿਹੜੀਆਂ ਸਾਡੇ ਪਲੈਨਿੰਗ ਕਮਿਸ਼ਨ ਨੇ ਸਾਰੇ ਹਿੰਦੁਸਤਾਨ ਵਿਚ ਇਕਠੀਆਂ ਕੀਤੀਆਂ ਹਨ। ਉਨ੍ਹਾਂ ਨੇ ਦਸਿਆ ਹੈ ਕਿ ਦੂਜੀ ਪਲੈਨ ਵਿਚ ਏਨੀ percentage foodgrains ਵਿਚ ਤਰਕੀ ਕੀਤੀ ਹੈ। ਸਪੀਕਰ ਸਾਹਿਬ, ਮੈਨੂੰ ਇਕ ਗਲ ਬਗ਼ੈਰ ਝਿਜਕ ਦੇ ਕਹਿਣੀ ਪੈਂਦੀ ਹੈ ਉਹ ਇਹ ਕਿ ਜੋ percentage ਆਉਂਦੀ ਹੈ ਉਸ ਵਿਚ ਸਾਡਾ ਪੰਜਾਬ ਦਾ ਸੂਬਾ ਸਿਰੇ ਤੇ ਨਹੀਂ। ਮਦਰਾਸ ਦਾ ਸੂਬਾ ਸਿਰੇ ਤੇ ਹੈ। ਲੇਕਿਨ ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਮੈਂ ਪਿਛਲੇ ਸਾਲ ਮਦਰਾਸ ਦੇ ਸੂਬੇ ਦੇ ਕਾਸ਼ਤਕਾਰਾਂ ਅਤੇ ਜ਼ਮੀਂਦਾਰਾਂ ਨੂੰ ਦੇਖ ਆਇਆ ਹਾਂ। ਮੈਂ ਸਮਝਦਾ ਹਾਂ ਕਿ ਉਹ ਪਹਿਲੇ ਐਨੇ ਪਿਛੜੇ ਹੋਏ ਹੋਣਗੇ ਕਿ ਹੁਣ ਉਨ੍ਹਾਂ ਨੇ ਆਪਣੀ ਪੈਦਾਵਾਰ ਵਿਚ 51.8 percentage ਸਾਬਤ ਕੀਤੀ ਹੈ।

ਮਦਰਾਸ ਨੇ 51.8% ਦੀ ਜ਼ਿਆਦਤੀ ਕੀਤੀ ਹੈ। ਲੇਕਿਨ ਦੂਜੇ ਨੰਬਰ ਤੇ ਸਾਡਾ ਪੰਜਾਬ ਆਉਂਦਾ ਹੈ। ਜਿਸ ਨੇ ਆਪਣੀਆਂ ਖਾਣ ਪੀਣ ਵਾਲੀਆਂ ਚੀਜ਼ਾਂ ਨੂੰ 36.3% ਵਧਾਇਆ ਹੈ। ਉਸ ਤੋਂ ਬਾਦ ਮਧ ਪ੍ਰਦੇਸ਼ ਆਉਂਦਾ ਹੈ ਜਿਸ ਨੇ ਇਹ ਚੀਜ਼ਾਂ 32.7% ਵਧਾਈਆਂ ਨੇ।

ਏਸ ਤੋਂ ਬਾਦ ਆਂਧਰਾ ਪ੍ਰਦੇਸ਼ ਨੇ 22.1% ਵਧਾਈਆਂ ਨੇ । ਫੇਰ ਮੈਸੂਰ ਹੈ ਜਿਸ ਨੇ ਆਪਣੀ ਪੈਦਾਵਾਰ ਨੂੰ 17.6% ਵਧਾਇਆ ਹੈ । ਫੇਰ ਵੈਸਟ ਬੰਗਾਲ ਹੈ ਜਿਸ ਨੇ 7% ਵਧਾਇਆ ਹੈ । ਫੇਰ ਉੜੀਸਾ ਆਉਂਦਾ ਹੈ ਜਿਸ ਨੇ 4.4% ਵਧਾਇਆ ਹੈ । ਫੇਰ ਉੱਤਰ ਪ੍ਰਦੇਸ਼ ਆਉਂਦਾ ਹੈ ਜਿਸ ਨੇ ਆਪਣੀ ਪੈਦਾਵਾਰ ਨੂੰ 4.4% ਵਧਾਇਆ ਹੈ । ਅੱਗੇ ਇਕ ਵਡਾ ਸੂਬਾ ਬੰਬਈ ਆਉਂਦਾ ਹੈ ਜਿਸ ਨੇ ਆਪਣੀ ਪੈਦਾਵਾਰ ਨੂੰ 1.8% ਵਧਾਇਆ ਹੈ ਏਸ ਤੋਂ ਬਾਅਦ ਆਸਾਮ, ਬਿਹਾਰ ਤੇ ਹੋਰ ਛੋਟੇ ਛੋਟੇ ਸੂਬੇ ਨੇ, ਜਿਨ੍ਹਾਂ ਨੇ minus ਤਰੱਕੀ ਕੀਤੀ ਹੈ 2.3%, 12.3% ਔਰ 13.6% ਯਾਨੀ Planning Commission ਦੇ ਇਕੱਠੇ ਕੀਤੇ ਹੋਏ ਅੰਕੜਿਆਂ ਤੋਂ ਪਤਾ ਲਗਦਾ ਹੈ ਕੇ ਪੰਜਾਬ ਚਾਰ ਪੰਜ ਸਾਲਾਂ ਵਿਚ ਕਿੰਨਾ ਛੜੱਪਾ ਲਾਕੇ ਆਪਣੀ ਪੈਦਾਵਾਰ ਨੂੰ ਅੱਗੇ ਲੈ ਗਿਆ ਹੈ । ਏਥੇ ਕਿਹਾ ਜਾਂਦਾ ਹੈ ਕਿ ਨਹੀਂ ਜੀ, ਇਹ ਨਹੀਂ । ਅਸੀਂ ਆਪਣੇ ਪਿਛਲੇ ਪੰਜ ਸਾਲਾ ਪਲੈਨ ਤੇ ਜ਼ਰਾ ਧਿਆਨ ਮਾਰੀਏ । ਸਾਡੇ ਪਿਛਲੇ ਪੰਜ ਸਾਲਾ ਪਲੈਨ ਵਿਚ ਹਿੰਦ ਸਰਕਾਰ ਨੇ ਇਹ target ਮੁਕੱਰਰ ਕੀਤਾ ਸੀ ਕਿ ਅਸੀਂ ਪੰਜਾਬ ਵਿਚ ਤਕਰੀਬਨ 39 ਲੱਖ ਟਨ ਖਾਣ ਪੀਣ ਵਾਲੀਆਂ ਚੀਜ਼ਾਂ ਪੈਦਾ ਕਰਨੀਆਂ ਨੇ । ਲੇਕਿਨ ਮੇਰੇ ਪੰਜਾਬ ਦੇ ਜ਼ਿਮੀਂਦਾਰਾਂ ਨੇ ਪੰਜਾਬ ਦੇ Agriculture ਮਹਿਕਮੇਂ ਦੇ ਕਰਮਚਾਰੀਆਂ ਦੀ ਮਦਦ ਨਾਲ 39 ਲੱਖ ਟਨ ਦੀ ਬਜਾਏ 44 ਲੱਖ ਟਨ ਇਹ ਚੀਜ਼ਾਂ ਪੈਦਾ ਕੀਤੀਆਂ । (*Voices of hear, hear*) ਇਹ ਸ਼ਾਨਦਾਰ ਤਰੱਕੀ ਸੀ । ਹੁਣ Planning Commission ਨੇ ਇਨ੍ਹਾਂ ਪੰਜ ਸਾਲਾਂ ਲਈ ਸਾਡੇ ਪੰਜਾਬ ਲਈ 59 ਲੱਖ ਟਨ ਦਾ target ਮੁਕਰਰ ਕੀਤਾ ਸੀ ਜਿਹੜਾ ਅਸੀਂ 1961-62 ਵਿਚ ਪੂਰਾ ਕਰਨਾ ਸੀ । ਸਪੀਕਰ ਸਾਹਿਬ ਤੁਸੀਂ ਸੁਣ ਕੇ ਖੁਸ਼ ਹੋਵੋਗੇ ਕਿ ਜਿਹੜਾ Planning Commission ਨੇ 5 ਸਾਲਾਂ ਲਈ 59 ਲੱਖ ਟਨ target ਮੁਕੱਰਰ ਕਰਨਾ ਸੀ, ਜਿਹੜਾ ਅਸੀਂ 1961-62 ਵਿਚ ਪੂਰਾ ਕਰਨਾ ਸੀ, ਉਸ ਵਿਚੋਂ ਅਸੀਂ ਪਿਛਲੇ ਇਕ ਸਾਲ ਵਿਚ ਹੀ 55 ਲੱਖ ਟਨ ਤੇ ਚਲੇ ਗਏ ਹਾਂ । (*Cheers*) ਯਾਨੀ ਖਾਣ ਪੀਣ ਵਾਲੀਆਂ ਚੀਜਾਂ ਨੂੰ ਇਕ ਸਾਲ ਵਿਚ 11 ਲੱਖ ਟਨ ਵਧਾ ਲਿਆ ਹੈ । ਏਸ ਸਾਲ ਦੇ ਅੰਕੜੇ ਅਜੇ ਇਕੱਠੇ ਨਹੀਂ ਹੋਏ । ਤੁਸੀਂ ਸੁਣ ਕੇ ਖੁਸ਼ ਹੋਵੋਗੇ ਕਿ ਜਿਹੜਾ ਖਾਣ ਪੀਣ ਵਾਲਿਆਂ ਚੀਜ਼ਾਂ ਦੀ ਉਪਜ ਦਾ target 1961-62 ਤੱਕ ਪੂਰਾ ਕਰਨਾ ਮੁਕਰਰ ਕੀਤਾ ਹੈ ਉਹ ਅਸੀਂ ਇਸ ਸਾਲ ਵਿਚ ਹੀ ਪੂਰਾ ਕਰ ਦੇਣਾ ਹੈ । ਏਸ ਸਾਲ ਵਿਚ ਹੀ ਸਾਡੀ food production 59 ਲੱਖ ਟਨ ਪੂਰੀ ਹੋ ਜਾਵੇਗੀ । (*Cheers*) ਜਿਹੜੀ ਇਹ ਚੀਜ਼ ਕਹੀ ਗਈ ਹੈ ਕਿ ਐਗਰੀਕਲਚਰ ਮਨਿਸਟਰ ਕਮਜ਼ੋਰ ਹੈ, ਐਗਰੀਕਲਚਰ ਮਨਿਸਟਰ ਨੇ ਫਸਲ ਪੈਦਾ ਨਹੀਂ ਕਰਨੀ । ਫਸਲ ਤਾਂ ਜ਼ਿਮੀਂਦਾਰ ਨੇ ਪੈਦਾ ਕਰਨੀ ਹੈ ਅਤੇ ਐਗਰੀਕਲਚਰ ਦੇ ਕਰਮਚਾਰੀਆਂ ਨੇ ਦੱਸਣਾ ਹੈ, ਸਲਾਹ ਦੇਣੀ ਹੈ । ਐਗਰੀਕਲਚਰ ਮਨਿਸਟਰ ਨੇ ਤਾਂ ਦੇਖਣਾ ਹੈ ਕਿ ਕੰਮ ਠੀਕ ਹੋ ਰਿਹਾ ਹੈ । ਏਸ ਕਰਕੇ ਮੈਂ ਬੜੇ ਫਖਰ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਬੜੀ ਤੇਜ਼ੀ ਨਾਲ ਤਰੱਕੀ ਕਰੀ ਜਾਂਦਾ ਹੈ ।

ਅਨਾਜ ਹੀ ਨਹੀਂ ਕਪਾਹ ਲੈ ਲਉ । ਹੋਰ ਤੇਲ ਕੱਢਣ ਵਾਲੇ ਬੀਜ ਲੈ ਲਉ ਜਿੰਨੀਆਂ ਵੀ ਫਸਲਾਂ ਹਨ ਉਨ੍ਹਾਂ ਵਿਚੋਂ ਕੋਈ ਲੈ ਲਉ । ਅਸੀਂ ਬੜੀ ਤੇਜ਼ੀ ਨਾਲ ਆਪਣੀਆਂ ਫਸਲਾਂ ਵਿਚ ਬੜ੍ਹੋਤਰੀ ਕਰਦੇ ਚਲੇ ਜਾਂਦੇ ਹਾਂ ।

ਸਪੀਕਰ ਸਾਹਿਬ, ਮੈਂ ਗੰਨੇ ਦੇ ਮੁਤੱਲਿਕ ਕਹਿਣਾ ਚਾਹੁੰਦਾ ਹਾਂ ਕਿ ਕੁਛ ਲੋਕਾਂ ਨੇ ਗੰਨੇ ਦੇ ਵਾਸਤੇ ਕੁਛ ਲਿਖ ਕੇ ਵੀ ਦਿੱਤਾ ਸੀ, ਲੇਕਿਨ ਅਫਸੋਸ ਹੈ ਉਹ ਆਏ ਨਹੀਂ ਤੇ ਨਾ ਉਨ੍ਹਾਂ

[ਜ਼ਰਾਇਤ ਅਤੇ ਜੰਗਲਾਤ ਮੰਤ੍ਰੀ]

ਕੁਝ ਕਿਹਾ ਹੈ । ਪੰਜਾਬ ਵਿਚ ਪਾਰਟੀਸ਼ਨ ਤੋਂ ਲੈਕੇ ਗੰਨੇ ਲਈ ਇਕ ਮਿਲ ਸੀ ਅਤੇ ਪੈਪਸੂ ਵਿਚ ਦੋ ਮਿਲਾਂ ਸਨ। ਪੈਪਸੂ ਵਿਚ ਇਕ ਮਿਲ ਬੰਦ ਹੋ ਗਈ ਸੀ। ਹੁਣ ਪੰਜਾਬ ਵਿਚ ਤਿੰਨ ਤਾਂ ਕੋਆਪਰੇਟਿਵ ਸੋਸਾਈਟੀ ਦੀਆਂ ਮਿੱਲਾਂ ਨੇ ਅਤੇ ਦੋ ਮਿੱਲਾਂ ਪਰਾਈਵੇਟ ਨੇ । ਕੁਲ ਪੰਜ ਨੇ । ਅਤੇ ਛੇਵੀ ਮਿਲ ਬੰਦ ਹੋ ਗਈ ਹੈ ਜਿਹੜੀ ਅਗਲੇ ਸਾਲ ਜ਼ਰੂਰ ਚਲੇਗੀ । (ਪ੍ਰਸੰਸਾ) ਅਸੀਂ ਦੋ ਮਿੱਲਾਂ ਨੂੰ ਹੋਰ ਲਾਇਸੈਂਸ ਦੇ ਦਿਤੇ ਹੈ, ਬਠਿੰਡੇ ਵਾਲੀ ਨੂੰ ਅਤੇ ਬਟਾਲੇ ਵਾਲੀ ਨੂੰ । ਨਵੇਂ ਸ਼ਹਿਰ ਦੀ ਮਿੱਲ ਨੂੰ ਲਾਇਸੈਂਸ ਦੇਣ ਦੀ ਕੋਸ਼ਿਸ਼ ਕਰਦੇ ਹਾਂ । ਏਸ ਤੋਂ ਇਲਾਵਾ ਅਸੀਂ ਦੋ ਮਿਲਾਂ ਹੋਰ ਏਸ ਪਲੈਨ ਵਿਚ ਖੋਲ੍ਹਣੀਆਂ ਹਨ। (ਪ੍ਰਸੰਸਾ) (ਪੰਡਤ ਰਾਮ ਕਿਸ਼ਨ ਭੜੋਲੀਆਂ : ਹਮੀਰਾ ਮਿਲ ਦੇ ਮੁਤਾਲਿਕ ਵੀ ਦੱਸ ਦਿਉ) । ਮੇਰੇ ਦੋਸਤ ਨੇ ਕਿਹਾ ਹੈ ਕਿ ਮਿਲਾਂ ਵਿਚ ਗੰਨਾਂ ਲੈਣ ਦਾ ਚੰਗਾ ਇੰਤਜ਼ਾਮ ਨਹੀਂ । 1952-53 ਵਿਚ ਅਸੀਂ 60 ਜਾਂ 62 ਲੱਖ ਮਨ ਗੰਨਾਂ ਮਿੱਲਾਂ ਨੂੰ ਦਿਤਾ । ਲੇਕਿਨ, ਸਪੀਕਰ ਸਾਹਿਬ, ਤੁਸੀਂ ਸੁਣ ਕੇ ਖੁਸ਼ ਹੋਵੋਗੇ ਕਿ ਜਿਹੜਾ ਅਸੀਂ 1952-53 ਵਿਚ 60 ਜਾਂ 62 ਲੱਖ ਮਣ ਗੰਨਾਂ ਦਿੱਤਾ ਸੀ ਏਸ ਸਾਲ ਅਸੀਂ ਦੋ ਸੋ ਲੱਖ ਮਣ ਗੰਨਾਂ ਮਿੱਲਾਂ ਨੂੰ ਦੇਣਾ ਹੈ। (ਪ੍ਰਸੰਸਾ) । ਸਾਡੇ ਜ਼ਿਮੀਂਦਾਰਾਂ ਦੀ, ਸਾਡੇ ਕਿਸਾਨਾਂ ਦੀ ਇਹ ਖਾਹਸ਼ ਹੈ ਕਿ ਏਸ ਸਾਲ ਦੋ ਸੌ ਲੱਖ ਮਣ ਗੰਨਾ ਮਿੱਲਾਂ ਵਿਚ ਜਾਕੇ ਪੀੜਿਆ ਜਾਣਾ ਹੈ। ਮੇਰੇ ਦੋਸਤ ਨੇ ਦਸਿਆ ਹੈ ਕਿ ਹਮੀਰੇ ਦਾ ਗੰਨਾ ਕਿਥੇ ਗਿਆ ਹੈ । ਮੇਰਾ ਦੋਸਤ ਤਾਂ ਪਹਾੜਾਂ ਵਿਚ ਬੈਠਾ ਹੈ, ਉਸ ਨੂੰ ਕੀ ਪਤਾ ਹੈ। ਮੈਂ ਆਪ ਹਮੀਰੇ ਦੇ ਇਲਾਕੇ ਵਿਚ ਰਹਿਣ ਵਾਲਾ ਹਾਂ ਔਰ ਮੈਂ ਉਸ ਮਿਲ ਨੂੰ ਗੰਨਾ ਦੇਣ ਵਾਲਾ ਹਾਂ। (ਵਿਘਨ) (ਸ੍ਰੀ ਸਪੀਕਰ : ਆਰਡਰ ਪਲੀਜ਼ ।

ਸਪੀਕਰ ਸਾਹਿਬ, ਮੈਂ ਪੁਹਾਡੀ ਮਾਰਫਤ ਮੈਂਬਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਬਦਕਿਸਮਤ ਨਾਲ ਅਸੀਂ ਹਮੀਰੇ ਵਾਲੀ ਮਿਲ ਦੇ ਮਾਲਕ ਨੂੰ ਤੰਗ ਕੀਤਾ । ਉਸ ਤੋਂ ਪੈਸੇ ਲਏ । ਤੰਗ ਹੋ ਕੇ ਉਸ ਨੇ ਮਿੱਲ ਬੰਦ ਕਰ ਦਿਤੀ । ਅਸੀਂ ਕੋਸ਼ਿਸ਼ ਕੀਤੀ ਕਿ ਮਿਲ ਚਾਲੂ ਹੋ ਜਾਏ, ਪਰ ਉਹ ਚਾਲੂ ਨਹੀਂ ਹੋ ਸਕੀ । ਗੌਰਮਿੰਟ ਆਫ ਇੰਡੀਆ ਦੇ ਟੈਕਨੀਕਲ ਅਫਸਰ ਨੇ ਸਾਨੂੰ ਦਸਿਆ ਕਿ ਇਹ ਮਿਲ ਏਸ ਸਾਲ ਚਾਲੂ ਨਹੀਂ ਹੋ ਸਕਦੀ । ਅਸੀਂ ਉਸ ਮਿਲ ਦਾ ਗੰਨਾ ਜਿਥੋਂ ਤਕ ਕੋਸ਼ਿਸ਼ ਹੋ ਸਕੀ ਹੈ, ਭੋਗਪੁਰ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ। ਸਪੀਕਰ ਸਾਹਿਬ ਮੈਨੂੰ ਏਸਗਲ ਦੀ ਉਮੀਦ ਹੈ ਕਿ ਹਮੀਰੇ ਦੇ ਇਲਾਕੇ ਦਾ ਤਕਰੀਬਨ ਚਾਰ ਲੱਖ ਮਣ ਗੰਨਾ ਭੋਗਪੁਰ ਮਿਲ ਦੇ ਕੰਡੇ ਤੇ ਪਹੁੰਚ ਗਿਆ ਹੈ। ਸਪੀਕਰ ਸਾਹਿਬ, ਤੁਸੀਂ ਇਕ ਹੋਰ ਗੱਲ ਸੁਣ ਕੇ ਬੜੇ ਖੁਸ਼ ਹੋਵੋਗੇ ਕਿ ਇਸ ਸਾਲ ਗੁੜ ਦਾ ਭਾ ਕੁਝ ਤੇਜ਼ ਹੈ ਔਰ ਦੁਆਬੇ ਦੇ ਲੋਕ ਗੁੜ ਜ਼ਿਆਦਾ ਪਾਉਣਾ ਚਾਹੁੰਦੇ ਨੇ । ਮੈਂ ਪਿਛਲੀ ਦਿਨੀ ਆਪਣੇ ਪਿੰਡ ਗਿਆ ਹਾਂ। ਮੈਨੂੰ ਉਥੋਂ ਦੇ ਮੇਰੇ ਭਰਾਵਾਂ ਨੇ ਦਸਿਆ ਕਿ ਅਸੀਂ ਗੰਨਾ ਕਿਸੇ ਮਿਲ ਤੇ ਨਹੀਂ ਲੈਕੇ ਗਏ, ਕਿਉਂ ਜੋ ਗੁੜ ਦਾ ਭਾ 18 ਜਾਂ 20 ਰੁਪਏ ਮਣ ਹੈ। ਏਸ ਕਰਕੇ ਗੰਨਾ ਪੀੜ ਕੇ ਗੁਜ਼ਾਰਾ ਕਰ ਲਿਆ । ਦੂਸਰੀ ਗਲ ਜਿਹੜੀ ਖੁਸ਼ੀ ਦੀ ਦੱਸੀ ਹੈ ਉਹ ਇਹ ਹੈ ਕਿ ਐਤਕੀ ਗੰਨੇ ਦਾ ਝਾੜ ਜ਼ਿਆਦਾ ਨਿਕਲਿਆ ਹੈ । ਏਸ ਕਰਕੇ ਹਮੀਰੇ ਦੇ ਗੰਨੇ ਦਾ ਕੋਈ ਪਰਾਬਲਮ ਨਹੀਂ, ਕੋਈ ਐਜੀਟੇਸ਼ਨ ਨਹੀਂ ਕੀਤੀ । ਇਨ੍ਹਾਂ ਨੇ ਫੇਰ ਕੋਸ਼ਿਸ਼ ਕੀਤੀ ਹੈ ਕਿ ਫੇਰ ਐਜੀਟੇਸ਼ਨ ਕਰਾਈਏ, ਹੜਤਾਲ ਕਰਾਈਏ, ਲੇਕਿਨ ਲੋਕ ਇਨ੍ਹਾਂ ਦੇ ਕਹਿਣੇ ਨਹੀਂ ਲਗੇ ਕਿਉਂਕਿ ਉਨ੍ਹਾਂ ਦਾ ਗੰਨਾ ਵਿਕਦਾ ਜਾਂਦਾ ਹੈ । (ਪ੍ਰਸੰਸਾ) ।

ਸਪੀਕਰ ਸਾਹਿਬ, ਏਸ ਤੋਂ ਇਲਾਵਾ ਏਸੇ ਤਰ੍ਹਾਂ ਗੰਨੇ ਦੇ ਮੁਤਲਿਕ ਬੀਮਾਰੀਆਂ ਦਾ ਜ਼ਿਕਰ ਕੀਤਾ ਗਿਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਅੱਗੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਥੋਂ

ਤਕ ਸਾਡੇ ਦੇਸ਼ ਵਿਚ ਗੰਨੇ ਦੇ ਝਾੜ ਦਾ ਤਅੱਲੁਕ ਹੈ । 1950-51 ਵਿਚ ਜਿਹੜਾ ਆਮ ਜਨਤਾ ਦਾ ਗੰਨਾ ਸੀ ਉਸ ਦਾ ਝਾੜ ਯਾ ਰਿਕਵਰੀ ਜਿਸ ਨੂੰ ਕਹਿੰਦੇ ਨੇ ਉਹ ਤਕਰੀਬਨ ਸਾਢੇ ਤਿੰਨ ਸੌ ਮਣ ਏਕੜ ਦੀ ਸੀ । ਲੇਕਿਨ ਆਪ ਸੁਣ ਕੇ ਖੁਸ਼ ਹੋਵੋਗੇ ਕਿ ਜਿਹੜਾ ਆਮ ਜਨਤਾ ਦਾ ਗੰਨਾ ਹੈ ਉਸ ਵੇਲੇ ਉਸ ਦੀ ਰਿਕਵਰੀ ਸਾਢੇ ਪੰਜ ਸੌ ਮਣ ਏਕੜ ਹੋ ਗਈ ਹੈ । ਦੋ ਸੌ ਮਣ ਫੀ ਏਕੜ ਦੀ ਰਿਕਵਰੀ ਜ਼ਿਆਦਾ ਹੋ ਗਈ ਹੈ ਆਮ ਜਨਤਾ ਦੇ ਗੰਨੇ ਵਿਚ ਅਤੇ ਜੋ ਮਿਲ ਦੇ ਏਰੀਏ ਵਿਚ ਗੰਨਾ ਹੈ ਇਸ ਦੀ 300 ਮਣ ਫੀ ਏਕੜ ਦੀ ਜ਼ਿਆਦਾ ਰਿਕਵਰੀ ਹੋ ਗਈ ਹੈ । ਪਿਛਲੇ ਸਾਲ ਸਾਡੇ ਆਪਣੇ ਫਾਰਮ ਵਿਚ 1,600 ਮਣ ਫੀ ਏਕੜ ਦੀ ਰਿਕਵਰੀ ਹੋਈ, ਉਹ ਹੁਣ 1,800 ਮਣ ਤਕ ਹੋ ਗਈ ਹੈ । ਇਸ ਲਈ ਜਿਥੋਂ ਤਕ ਗੰਨੇ ਦੀ ਫਸਲ ਦਾ ਤਅੱਲੁਕ ਹੈ ਅਸੀਂ ਬੜੀ ਕਾਮਯਾਬੀ ਨਾਲ, ਬੜੇ ਧਿਆਨ ਨਾਲ ਇਸ ਵਿਚ ਵਾਧਾ ਕਰ ਰਹੇ ਹਾਂ ਪੰਜਾਬ ਦਾ ਜ਼ਿਮੀਂਦਾਰ ਬੜੀ ਹੁਸ਼ਿਆਰੀ ਨਾਲ ਗੰਨੇ ਦੀ ਫਸਲ ਨੂੰ ਪਾਲਦਾ ਹੈ । ਇਸ ਦੇ ਵਿਚ ਕੋਈ ਸ਼ੱਕ ਨਹੀਂ ਕਿ ਸਾਡੇ ਪੰਜਾਬ ਵਿਚ ਗੰਨੇ ਦੀਆਂ ਇਕ ਦੋ ਬੀਮਾਰੀਆਂ ਨੇ । ਇਕ ਟਾਪ ਬੋਰਰ ਅਤੇ ਦੂਜੀ ਗੁਰਦਾਸਪੁਰ ਬੋਰਰ, ਗੁਰਦਾਸਪੁਰ ਬੋਰਰ ਦਾ ਅਸੀਂ ਇਲਾਜ ਕੀਤਾ ਹੈ । ਸਬਸਿਡੀਜ਼ ਦੀ ਉਥੇ ਉਨ੍ਹਾਂ ਨੂੰ ਮਦਦ ਦਿੱਤੀ ਹੈ । ਇਸ ਸਰਕਾਰ ਨੇ ਮਦਦ ਦਿੱਤੀ ਹੈ । ਅਸੀਂ ਜਗਾਧਰੀ ਦੇ ਇਲਾਕੇ ਵਿਚ ਤਕਰੀਬਨ ਪੰਜ ਹਜ਼ਾਰ ਏਕੜ ਵਿਚੋਂ ਇਹ ਗੰਨਾ ਕਟਵਾਇਆ ਹੈ । ਦੋ ਹਜ਼ਾਰ ਏਕੜ ਵਿਚ ਅਸੀਂ ਇਹ ਗੰਨਾ ਸੋਸਾਇਟੀਆਂ ਕੋਲੋਂ ਕਟਵਾਇਆ ਇਸੇ ਤਰ੍ਹਾਂ ਹੀ ਜਿਹੜਾ ਟਾਪ ਬੋਰਰ ਹੈ ਇਸ ਦੇ ਮੁਤੱਲਿਕ ਅਸੀਂ ਧੂਰੀ ਅਤੇ ਭੋਗਪੁਰ ਦੇ ਇਲਾਕੇ ਵਿਚ ਇਸ ਦਾ ਇੰਤਜ਼ਾਮ ਕੀਤਾ ਹੈ । ਧੂਰੀ ਦੇ ਇਲਾਕੇ ਵਿਚ ਹਵਾਈ ਜਹਾਜ਼ ਨਾਲ ਦਵਾਈਆਂ ਛਿੜਕੀਆਂ । ਭੋਗਪੁਰ ਦੇ ਇਲਾਕੇ ਵਿਚ ਅਸੀਂ ਸਪਰੇ ਕਰਕੇ ਆਏ ਹਾਂ ਤਾਕਿ ਲੋਕਾਂ ਦਾ ਗੰਨਾ ਬਚ ਜਾਵੇ।

ਸਾਡਾ ਇਹ ਤਜਰਬਾ ਬੜਾ ਚੰਗਾ ਤਜਰਬਾ ਰਿਹਾ ਹੈ ਔਰ ਜ਼ਿਮੀਂਦਾਰਾਂ ਨੂੰ ਇਸ ਤਜਰਬੇ ਨਾਲ ਬੜਾ ਹੌਸਲਾ ਹੋਇਆ ਹੈ । ਅਗੋਂ ਲਈ ਜੇ ਇਹੋ ਜਿਹੀਆਂ ਬੀਮਾਰੀਆਂ ਹੋ ਗਈਆਂ ਤਾਂ ਉਮੀਦ ਕੀਤੀ ਜਾ ਸਕਦੀ ਹੈ ਕਿ ਅਸੀਂ ਉਨ੍ਹਾਂ ਉਤੇ ਬੜੀ ਜਲਦੀ ਕਾਬੂ ਪਾ ਲਵਾਂਗੇ । ਜਿਥੋਂ ਤਕ growers ਦੇ ਹਕੂਕ ਦੀ ਹਿਫ਼ਾਜ਼ਤ ਦਾ ਤਅੱਲੁਕ ਹੈ ਇਹ ਗਲ ਨਹੀਂ ਕਿ ਉਨ੍ਹਾਂ ਦੀ ਹਿਫ਼ਾਜ਼ਤ ਨਹੀਂ ਕੀਤੀ ਗਈ । ਇਕਲੀ ਜਗਾਧਰੀ ਦੀ sugar factory ਨੇ ਸਾਲ ਵਿਚ 350 ਲਖ ਰੁਪਏ co-operative societies ਨੂੰ ਆਪਣੇ funds ਵਿਚੋਂ ਕਢ ਕੇ ਦਿਤੇ ਹਨ ।

श्री देव दत्त पुरी : फगवाड़ा वालों ने कुछ भी नहीं दिया ।

ਜ਼ਰਾਇਤ ਅਤੇ ਜੰਗਲਾਤ ਮੰਤਰੀ : ਫਗਵਾੜਾ ਤੇ ਧੂਰੀ ਦੀਆਂ ਮਿੱਲਾਂ ਪੈਪਸੂ ਵਿਚ ਸਨ । ਹੁਣ ਇਹ ਵੀ 9 ਪਾਈ ਫੀ ਮਨ Grovers ਦੀ Co-operative Societies ਨੂੰ ਦੇਣਗੀਆਂ । ਇਹ ਇਕ ਬੜੀ ਭਾਰੀ ਰਕਮ ਹੈ ਜਿਸ ਨਾਲ Co-operative Societies Finance ਵੀ ਹੋਣਗੀਆਂ ਤੇ ਗੰਨੇ ਦੀ development ਵੀ ਜ਼ਿਆਦਾ ਹੋ ਸਕੇਗੀ ।

ਇਸ ਤੋਂ ਅਲਾਵਾ ਮੈਂ ਚਾਵਲਾਂ ਦੇ ਮੁਤੱਅਲਕ ਅਰਜ਼ ਕਰਨੀ ਹੈ । ਕਈ ਸਾਹਿਬਾਨ ਨੇ ਚਾਵਲਾਂ ਦੇ ਬਾਰੇ ਕਿਹਾ ਹੈ । ਕਈਆਂ ਨੇ ਲਿਖ ਕੇ ਵੀ ਦਿੱਤਾ ਹੈ ਕਿ ਚਾਵਲ ਪੈਦਾ ਕਰਨ ਵਾਲਾ ਇਲਾਕਾ ਪੰਜਾਬ ਵਿਚ ਨਹੀਂ ਰਿਹਾ । ਪਰ ਸਪੀਕਰ ਸਾਹਿਬ ਤੁਹਾਨੂੰ ਇਹ ਸੁਣ ਕੇ ਖੁਸ਼ੀ ਹੋਵੇਗੀ

[ਜ਼ਰਾਇਤ ਅਤੇ ਜੰਗਲਾਤ ਮੰਤ੍ਰੀ]

ਕਿ ਇਸ ਸਾਲ ਤਕਰੀਬਨ 3 ਲਖ ਟਨ ਚਾਵਲ ਪੈਦਾ ਕੀਤਾ ਗਿਆ ਜਿਸ ਦਾ ਬਹੁਤ ਸਾਰਾ ਹਿੱਸਾ ਪੰਜਾਬ ਤੋਂ ਬਾਹਰ ਭੇਜਿਆ ਜਾਣਾ ਹੈ। ਇਸੇ ਤਰ੍ਹਾਂ ਕਣਕ ਵੀ ਕਾਫ਼ੀ ਮਿਕਦਾਰ ਵਿਚ ਪੈਦਾ ਕੀਤੀ ਹੈ। ਮੈਂ ਪਹਿਲਾਂ ਹੀ ਦਸ ਚੁਕਿਆ ਹਾਂ ਕਿ ਕਿਸ ਤਰ੍ਹਾਂ ਅਸੀਂ ਆਪਣੇ targets ਤੋਂ ਵਧੇ ਹਾਂ (ਸਰਦਾਰ ਅੱਛਰ ਸਿੰਘ ਛੀਨਾ: ਛੋਨਾ ਜੁ ਮਰ ਗਿਆ ਹੈ) ਸਪੀਕਰ ਸਾਹਿਬ, ਜਿਥੇ ਫ਼ਸਲ ਚੰਗੀ ਹੋਏ ਉਥੇ ਖਰਾਬ ਵੀ ਹੋ ਸਕਦੀ ਹੈ ਪਰ ਮੈਂ ਆਪ ਦੀ ਰਾਹੀਂ ਕਾਮਰੇਡ ਛੀਨਾ ਸਾਹਿਬ ਨੂੰ ਦਸ ਦੇਣਾ ਚਾਹੁੰਦਾ ਹਾਂ ਕਿ ਉਹ ਇਹ ਸੁਣ ਕੇ ਖੁਸ਼ ਹੋਣਗੇ ਕਿ ਚੂੰਕਿ ਛੋਨਾ ਹੜ੍ਹਾਂ ਦੇ ਆਉਣ ਕਰਕੇ ਮਰ ਜਾਂਦਾ ਹੈ ਇਸ ਲਈ ਕਪੂਰਥਲੇ ਵਿਚ ਅਸੀਂ experiment ਕੀਤਾ ਹੈ ਕਿ ਮਈ ਜੂਨ ਵਿਚ ਛੋਨਾ ਬੀਜ ਕੇ ਜੁਲਾਈ ਵਿਚ ਹੜ੍ਹਾਂ ਦੇ ਆਉਣ ਤੋਂ ਪਹਿਲਾਂ ਕਟ ਲਈਏ। ਇਸ ਦਾ ਬੜਾ ਚੰਗਾ ਨਤੀਜਾ ਨਿਕਲਿਆ ਹੈ ਤੇ ਇਸ ਦੇ ਤੌਰ ਤੇ 35 ਮਨ ਫ਼ੀ ਏਕੜ ਦੀ ਉਪਜ ਨਿਕਲੀ ਹੈ। ਸਾਡੇ ਸਰਦਾਰ ਆਤਮਾ ਸਿੰਘ ਅਤੇ ਦੂਜੇ ਸਾਥੀ ਬੜੀ ਕੋਸ਼ਿਸ਼ ਕਰ ਰਹੇ ਹਨ ਕਿ ਇਹ ਤਜਰਬਾ ਪੂਰੀ ਤਰ੍ਹਾਂ ਕਾਮਯਾਬ ਰਹੇ। ਸਾਡੀ ਇਹ ਕੋਸ਼ਿਸ਼ ਹੈ ਕਿ ਇਸ ਵਾਰੀ ਬਹੁਤ ਜ਼ਿਆਦਾ ਮਿਕਦਾਰ ਵਿਚ ਛੋਨਾ ਬੀਜਿਆ ਜਾਵੇ। ਫਿਰ, ਸਪੀਕਰ ਸਾਹਿਬ, ਪੰਜਾਬ ਲਈ ਇਸ ਤੋਂ ਜ਼ਿਆਦਾ ਫ਼ਖਰ ਵਾਲੀ ਕੀ ਗਲ ਹੋ ਸਕਦੀ ਹੈ ਕਿ ਅਜ ਜਿਸ ਵੇਲੇ ਹਿੰਦੁਸਤਾਨ ਦੇ ਦੂਜੇ ਹਿੱਸਿਆਂ ਵਿਚ ਚੌਲਾਂ ਦੀ ਬੜੀ ਲੋੜ ਹੈ ਅਸੀਂ ਆਪ ਚੌਲ ਘਟ ਖਾ ਕੇ ਉਨ੍ਹਾਂ ਲੋਕਾਂ ਨੂੰ ਜਿਹੜੇ ਚੌਲਾਂ ਬਗੈਰ ਜੀ ਨਹੀਂ ਸਕਦੇ ਉਨ੍ਹਾਂ ਨੂੰ ਚੌਲ ਭੇਜਦੇ ਹਾਂ। (*Cheers*) ਮੇਰੇ ਦੋਸਤਾਂ ਨੂੰ ਫ਼ਖਰ ਹੋਣਾ ਚਾਹੀਦਾ ਹੈ ਕਿ ਪੰਜਾਬ ਜਿਥੇ ਸਾਰੇ ਹਿੰਦੁਸਤਾਨ ਦੇ ਬਾਰਡਰ ਦੀ ਰਖਿਆ ਕਰਦਾ ਹੈ ਸਿਪਾਹੀ ਬਣ ਕੇ ਪੰਜਾਬ ਦੇ ਲੋਕ ਹਿੰਦੁਸਤਾਨ ਦੀ ਰਖਿਆ ਕਰਦੇ ਹਨ, ਜਿਥੇ ਪੰਜਾਬ ਦੀ ਪੁਲਿਸ ਦੇ ਸਪਾਹੀ ਦੂਜਿਆਂ ਸੂਬਿਆਂ ਵਿਚ ਜਾਕੇ ਅਮਨ ਕਾਇਮ ਕਰਦੇ ਹਨ ਉਥੇ ਪੰਜਾਬ ਦੇ ਕਿਸਾਨ ਸਾਰੇ ਹਿੰਦੁਸਤਾਨ ਦੀ ਰੋਟੀ ਦੀ ਭੁਖ ਨੂੰ ਪੂਰਾ ਕਰਦੇ ਹਨ (*Cheers*) ਇਸ ਲਈ ਮੇਰੇ ਦੋਸਤਾਂ ਨੂੰ ਫਖਰ ਹੋਣਾ ਚਾਹੀਦਾ ਹੈ ਕਿ ਅਸੀਂ ਇਸ ਕੰਮ ਵਿਚ ਕਿਤਨੀ ਤੇਜ਼ੀ ਨਾਲ ਤਰੱਕੀ ਕਰ ਰਹੇ ਹਾਂ।

ਕੰਵਰਾਨੀ ਜਗਦੀਸ਼ ਕੌਰ: ਜਨਾਬ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਕਿ ਗੁਰੂ ਮਹਾਰਾਜ ਨੇ ਇਹ ਫੈਸਲਾ ਕੀਤਾ ਸੀ। ਗੁਰੂ ਗਰੰਥ ਸਾਹਿਬ ਦੀ ਬਾਣੀ ਫਰਮਾਉਂਦੀ ਹੈ......

"ਭੁਖੈ ਭਗਤਿ ਨਾ ਕੀਜੈ
ਯੇਹ ਮਾਲਾ ਆਪਣੀ ਲੀਜੈ"

ਮੈਂ ਪੁਛਦੀ ਹਾਂ ਕਿ ਕੀ ਇਸ ਤਰ੍ਹਾਂ ਦੀਆਂ ਬਾਤਾਂ ਬਣਾ ਬਣਾਕੇ ਵੀ ਜਨਤਾ ਦੀ ਅਸਲੀ ਭੁਖ ਦੂਰ ਹੋ ਸਕੇਗੀ? ਹੁਣ ਪੰਜਾਬ ਦੀ ਜਨਤਾ ਵਜ਼ੀਰ ਸਾਹਿਬ ਦੇ ਆਖੇ ਲੱਗ ਕੇ ਭੁਖੀ ਮਰਨ ਨੂੰ ਤਿਆਰ ਨਹੀਂ।

ਜ਼ਰਾਇਤ ਅਤੇ ਜੰਗਲਾਤ ਮੰਤਰੀ: ਸਪੀਕਰ ਸਾਹਿਬ, ਮੈਂ ਕੰਵਰਾਣੀ ਸਾਹਿਬ ਨੂੰ ਕੀ ਕਹਿ ਸਕਦਾ ਹਾਂ..

अध्यक्ष महोदय: गुरदासपुर borer का मुक़ाबला तो आप के महकमा ने कर लिया, अब आप इस side borer का भी समझ लें। (हंसी)

(Your department has of course fought the menace of Gurdaspur borer but now the Minister should face a side borer here also.) (*Laughter*)

ਜ਼ਰਾਇਤ ਅਤੇ ਜੰਗਲਾਤ ਮੰਤਰੀ: ਸਪੀਕਰ ਸਾਹਿਬ ਇਥੇ ਇਕ ਕਮੇਟੀ ਆਈ ਸੀ Food Enquiry Committee ਹਿੰਦੁਸਤਾਨ ਦੀਆਂ ਬਾਕੀ ਸਾਰੀਆਂ ਸੂਬਾਈ ਸਰਕਾਰਾਂ ਨੇ ਉਸ ਕਮੇਟੀ ਨੂੰ ਆਖਿਆ ਕਿ ਅਸੀਂ ਇਸ ਪੈਸੇ ਵਿਚ ਆਪਣੇ food production ਦੇ targets ਨੂੰ ਪੂਰਾ ਨਹੀਂ ਕਰ ਸਕਦੇ ਪੰਜਾਬ ਦੀ ਸਰਕਾਰ ਨੇ ਆਪ ਨੂੰ ਇਹ ਸੁਣ ਕੇ ਖੁਸ਼ੀ ਹੋਵੇਗੀ, ਕਿਹਾ ਕਿ ਸਾਨੂੰ ਭਾਵੇਂ ਹੋਰ ਪੈਸਾ ਨਾ ਦਿਉ ਅਸੀਂ ਆਪਣੇ targets ਇਸੇ ਪੈਸੇ ਵਿਚ ਚੰਗੀ ਤਰ੍ਹਾਂ ਪੂਰਾ ਕਰ ਲਵਾਂਗੇ (*Cheers*)

ਸਪੀਕਰ ਸਾਹਿਬ, ਕਾਮਰੇਡ ਸਾਹਿਬ ਨੇ ਇਸ ਗਲ ਦਾ ਵੀ ਜ਼ਿਕਰ ਕੀਤਾ ਸੀ ਕਿ ਸਾਡੇ ਸੂਬੇ ਵਿਚ Agricultural Education ਦਾ ਚੰਗਾ ਇੰਤਜ਼ਾਮ ਨਹੀਂ। ਮੈਂ ਅਰਜ਼ ਕਰਦਾ ਹਾਂ ਕਿ ਜਿਸ ਵੇਲੇ ਅਸੀਂ partition ਵੇਲੇ ਆਪਣਾ ਸਭ ਕੁਝ ਪਾਕਿਸਤਾਨ ਵਿਚ ਛਡਕੇ ਇਧਰ ਚਲੇ ਆਏ ਤਾਂ ਸਾਡਾ Agriculture ਦਾ ਕਾਲਜ ਜਿਹੜਾ ਕਿ ਲਾਇਲਪੁਰ ਵਿਚ ਸੀ ਜਿਹੜਾ ਇਕ ਬੜਾ ਮਸ਼ਹੂਰ ਕਾਲਜ ਸੀ ਉਹ ਪਾਕਿਸਤਾਨ ਵਿਚ ਹੀ ਰਹਿ ਗਿਆ। ਇਥੇ ਆਕੇ ਪਹਿਲਾਂ ਅਸੀਂ ਉਸ ਕਾਲਜ ਨੂੰ ਅੰਮ੍ਰਿਤਸਰ ਵਿਚ ਅਬਾਦ ਕੀਤਾ ਔਰ ਹੁਣ ਉਸ ਨੂੰ ਲੁਧਿਆਨੇ ਵਿਚ ਚਲਾ ਰਹੇ ਹਾਂ। ਜਿਥੇ ਪਹਿਲਾਂ ਅਸੀਂ ਉਥੇ 40 ਮੁੰਡੇ ਦਾਖਲ ਕਰਦੇ ਸੀ ਹੁਣ ਲਖਾਂ ਰੁਪਿਆ ਖਰਚ ਕਰਕੇ ਉਸ ਕਾਲਜ ਲਈ ਇਕ ਬੜੀ ਸ਼ਾਨਦਾਰ building ਬਣਾਈ ਹੈ; ਬੜਾ ਸ਼ਾਨਦਾਰ hostel ਬਣਾਇਆ ਹੈ ਜਿਸ ਦੇ ਨਤੀਜੇ ਦੇ ਤੌਰ ਤੇ ਤੁਸੀਂ ਸੁਣ ਕੇ ਖੁਸ਼ ਹੋਵੋਗੇ ਕਿ 40 ਦੀ ਬਜਾਇ 100 ਲੜਕੇ ਦਾਖਲ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਤੁਸੀਂ ਇਹ ਵੀ ਸੁਣ ਕੇ ਖੁਸ਼ ਹੋਵੋਗੇ ਕਿ Government of India ਨੇ ਸਾਰੇ ਹਿੰਦੋਸਤਾਨ ਵਿਚ ਜਿਨ੍ਹਾਂ 5 ਕਾਲਜਾਂ ਨੂੰ agriculture ਦੀਆਂ post graduate classes ਦਿੱਤੀਆਂ ਹਨ ਸਾਡਾ ਲੁਧਿਆਣੇ ਦਾ ਕਾਲਜ ਵੀ ਉਨ੍ਹਾਂ ਵਿਚੋਂ ਇਕ ਹੈ (*Cheers*) ਜਿਸ ਵਿਚ 120 ਮੁੰਡੇ ਦਾਖਲ ਕੀਤੇ ਜਾਇਆ ਕਰਨਗੇ। ਇਸੇ ਤਰ੍ਹਾਂ ਜੋ village level workers ਹਨ ਇਨ੍ਹਾਂ ਨੂੰ training ਦੇਣ ਲਈ ਸਾਡਾ ਇਕ ਸਕੂਲ ਸਿਰਸਾ ਵਿਚ ਹੈ। ਇਸ ਵਿਚ 120 ਮੁੰਡੇ ਹਰ ਸਾਲ train ਕੀਤੇ ਜਾਣਗੇ। ਇਹ ਸਾਰੇ ਪੰਜਾਬ ਦੇ Community Project Areas ਵਿਚ ਕੰਮ ਕਰਨਗੇ। ਸਾਡੇ ਕੋਲ, ਮੈਂਬਰ ਸਾਹਿਬ ਇਹ ਜਾਣ ਕੇ ਖੁਸ਼ ਹੋਣਗੇ ਕਿ research ਦੇ ਬੜੇ ਚੰਗੇ ਚੰਗੇ ਅਫ਼ਸਰ ਹਨ। ਉਨ੍ਹਾਂ ਨੇ ਸਾਡੇ ਦੇਸ਼ ਵਿਚ ਕਣਕ, ਕਪਾਹ ਅਤੇ ਕਮਾਦ ਦੇ ਬੀਜਾਂ ਦੀ ਐਡੀ ਚੰਗੀ research ਕੀਤੀ ਹੈ ਕਿ ਉਨ੍ਹਾਂ ਬੀਜਾਂ ਲਈ ਸਾਰੇ ਹਿੰਦੁਸਤਾਨ ਵਿਚੋਂ ਮੰਗ ਆ ਰਹੀ ਹੈ ਜਿਸ ਦੇ ਨਤੀਜੇ ਦੇ ਤੌਰ ਤੇ ਫਸਲ ਜ਼ਿਆਦਾ ਹੁੰਦੀ ਹੈ, yield ਜ਼ਿਆਦਾ ਹੁੰਦੀ ਹੈ। ਇਸ ਲਈ, ਸਪੀਕਰ ਸਾਹਿਬ, ਮੈਂ ਇਸ ਮੌਕੇ ਤੇ ਉਨ੍ਹਾਂ research ਕਰਨ ਵਾਲਿਆਂ ਨੂੰ ਵੀ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਸਾਰੇ ਹਿੰਦੁਸਤਾਨ ਵਿਚ ਪੰਜਾਬ ਦਾ ਨਾ ਉੱਚਾ ਕੀਤਾ ਹੈ।

ਸਪੀਕਰ ਸਾਹਿਬ ਖੇਤੀ ਨੂੰ ਇਸ ਵੇਲੇ ਜ਼ਰੂਰਤ ਹੈ ਨਹਰੀ ਪਾਣੀ ਦੀ ਜ਼ਰੂਰਤ ਹੈ ਖਾਦ ਦੀ, ਜ਼ਰੂਰਤ ਹੈ ਹੋਰ ਕਈ ਚੀਜ਼ਾਂ ਦੀ ਜਿਥੋਂ ਤਕ ਪਾਣੀ ਦਾ ਤਾਲੁਕ ਹੈ ਸਾਡੇ ਪਾਸ ਬੜੀਆਂ ਵਡੀਆਂ ਵਡੀਆਂ ਸਕੀਮਾਂ ਹਨ ਨਹਿਰਾਂ ਦੇ ਮਾਮਲੇ ਵਿਚ ਤਾਂ ਮੈਂ ਕੁਝ ਨਹੀਂ ਕਹਿੰਦਾ ਕਿਉਂਕਿ ਉਹ ਕੰਮ ਦੂਜੇ ਮਿਨਿਸਟਰ ਸਾਹਿਬ ਦਾ ਹੈ; Agriculture ਵਿਚ ਵੀ ਕਈ ਅਜਿਹੀਆਂ ਛੋਟੀਆਂ ਛੋਟੀਆਂ ਸਕੀਮਾਂ ਹਨ ਜਿਹੜੀਆਂ ਕਿ ਅਸਾਂ ਕਿਸਾਨ ਤੇ ਜ਼ਿਮੀਦਾਰ ਦੀ ਸਹੂਲਤ ਲਈ ਮਨਜ਼ੂਰ ਕੀਤੀਆਂ

[ਜ਼ਰਾਇਤ ਅਤੇ ਜੰਗਲਾਤ ਮੰਤ੍ਰੀ]

ਹਨ । ਮੈਨੂੰ ਉਸ ਵੇਲੇ ਇਹ ਸੁਣਕੇ ਬੜਾ ਦੁਖ ਹੋਇਆ ਜਿਸ ਵਕਤ ਮੇਰੇ ਦੋਸਤ ਭੜੋਲੀਆਂ ਨੇ ਕਿਹਾ ਕਿ ਤੁਸੀਂ ਕੀ ਕੀਤਾ ਹੈ ਜਿਹੜਾ ਕੁਝ ਰੁਪਿਆ tube-wells ਲਈ ਮੰਜ਼ੂਰ ਕਰ ਦਿੱਤਾ ਤੇ ਕੁਝ ਰੁਪਿਆ ਖੂਹਾਂ ਲਈ ਮੰਜ਼ੂਰ ਕਰ ਦਿੱਤਾ । ਇਹ ਅਮੀਰ ਆਦਮੀ ਹੀ ਲੈ ਜਾਣਗੇ । ਮੈਨੂੰ ਸਮਝ ਨਹੀਂ ਆਈ ਕਿ ਉਹ ਕਿਹੋ ਜਹੀਆਂ ਗਲਾਂ ਕਰਦੇ ਹਨ । ਉਹ ਬੜੇ ਸਿਆਣੇ ਹਨ ਬਜ਼ੁਰਗ ਹਨ, ਮੈਂ ਉਨ੍ਹਾਂ ਦੀ ਇੱਜ਼ਤ ਕਰਦਾ ਹਾਂ ।

ਅਰਥ ਮੰਤਰੀ : ਬਹੁਤ ਸਾਰੀਆਂ ਭੜੋਲੀਆਂ ਵਿਚੋਂ ਨਿਕਲੇ ਹਨ ।

ਜ਼ਰਾਇਤ ਅਤੇ ਜੰਗਲਾਤ ਮੰਤਰੀ : ਮੈਨੂੰ ਸਮਝ ਨਹੀਂ ਆਉਂਦੀ ਕਿ ਜੇ ਇਸ ਕੰਮ ਲਈ ਰੁਪਿਆ ਮੰਜ਼ੂਰ ਨਾ ਕਰਦੇ ਤਾਂ ਕਰਦੇ ਕਿਸ ਕੰਮ ਲਈ ? ਜੋ ਲੋਕ Co-operative societies ਬਣਾਕੇ tube-well ਲਗਾਉਣ ਉਨ੍ਹਾਂ ਲਈ ਅਸੀਂ ਛੋਟੇ ਛੋਟੇ ਕਰਜ਼ੇ ,.. (Interruptions from Sardar Achhar Singh Chhina) (Order order) ਉਠ ਕੇ ਜੋ ਕੁਝ ਕਹਿਣਾ ਹੈ ਕਹਿ ਲਉ ਬੈਠਿਆਂ ਬੈਠਿਆਂ ਟੋਕਣ ਦਾ ਕੀ ਫ਼ਾਇਦਾ ਹੈ ?

अध्यक्ष महोदय : न उन्हों ने खुद कुछ कहना है और न ही आप को कहने देना है । (He would neither say any thing himself nor allow you to speak.)

ਜ਼ਰਾਇਤ ਅਤੇ ਜੰਗਲਾਤ ਮੰਤਰੀ: ਮੈਂ ਸਮਝਦਾ ਹਾਂ ਕਿ ਇਕ ਸਿਆਣੇ ਆਦਮੀ ਨੂੰ ਇਹੋ ਜਹੀ ਗਲ ਨਹੀਂ ਕਰਨੀ ਚਾਹੀਦੀ । ਅਸੀਂ ਛੋਟੇ ਛੋਟ ਜ਼ਿਮੀਂਦਾਰਾਂ ਨੂੰ ਜਿਨ੍ਹਾਂ ਪਾਸ ਪੰਜ ਪੰਜ ਸਤ-ਸਤ ਘੁਮਾਂ ਜ਼ਮੀਨ ਹੈ ਖੂਹਾਂ ਲਈ ਪੈਸੇ ਦਿਤੇ ਹਨ ਮਹਿੰਦਰਗੜ੍ਹ ਵਿਚ 3 ਹਜ਼ਾਰ ਤੇ ਬਾਕੀਆਂ ਜ਼ਿਲਿਆਂ ਵਿਚ ਦੋ ਦੋ ਹਜ਼ਾਰ । ਉਹ ਇਕ ਇਕ ਨੂੰ ਕੱਲਿਆਂ ਕੱਲਿਆਂ ਨਹੀਂ ਬਲਕਿ ਉਨ੍ਹਾਂ ਦੀਆਂ ਬਣਾਈਆਂ ਹੋਈਆਂ ਛੋਟੀਆਂ ਛੋਟੀਆਂ co-operative ਸੁਸਾਇਟੀਆਂ ਨੂੰ । ਇਹ ਇਸ ਲਈ ਕੀਤਾ ਗਿਆ ਹੈ ਤਾਂ ਜੋ ਜਿਥੇ ਨਹਿਰ ਦਾ ਪਾਣੀ ਨਹੀਂ ਪੁਜ ਸਕਦਾ ਉਥੇ ਵੀ ਆਬਪਾਸ਼ੀ ਹੋ ਸਕੇ । ਮੈਨੂੰ ਇਸ ਗਲ ਦਾ ਹੋਰ ਵੀ ਅਫ਼ਸੋਸ ਹੋਇਆ ਜਿਸ ਵਕਤ ਕਾਮਰੇਡ ਸਾਹਿਬ ਨੇ ਕਿਹਾ ਕਿ ਤੁਸੀਂ ਟਰੈਕਟਰਾਂ ਲਈ ਕਿਉਂ ਰੁਪਿਆ ਦੇਂਦੇ ਹੋ । ਮੈਂ ਅਰਜ਼ ਕਰਾਂ ਕਿ ਟਰੈਕਟਰਾਂ ਲਈ ਵੀ ਅਸਾਂ ਜੋ ਰੁਪਿਆ ਮੰਜ਼ੂਰ ਕੀਤਾ ਹੈ ਉਹ ਵੀ ਛੋਟੇ ਛੋਟੇ ਪੰਜ-ਪੰਜ ਛੇ ਛੇ ਘੁਮਾਂ ਜ਼ਮੀਨ ਦੇ ਮਾਲਕਾਂ ਦੀ ਸਹੂਲਤਾਂ ਲਈ ਕੀਤੀ ਹੈ । ਜੇ ਉਹ ਮਿਲਕੇ ਆਪਣੀਆਂ co-operative societies ਬਣਾ ਲੈਣ ਅਤੇ ਮਿਲਕੇ ਇਕੋ tractor ਖਰੀਦ ਕੇ ਆਪਣੇ ਖੇਤਾਂ ਵਿਚ ਵਾਹੀ ਕਰਨ ਲਈ ਤਿਆਰ ਹੋਣ ਤਾਂ ਅਸੀਂ ਜ਼ਰੂਰ ਉਨ੍ਹਾਂ ਦੀ ਮਦਦ ਕਰਾਂਗੇ ਜ਼ਰੂਰ ਮਦਦ ਕਰਾਂਗੇ । ਉਨ੍ਹਾਂ ਦੀ ਮਦਦ ਕੀਤੇ ਬਗੈਰ ਸਰਕਾਰ ਨਹੀਂ ਰਹਿ ਸਕਦੀ (*Cheers*) ਅਸੀਂ ਇਨ੍ਹਾਂ ਛੋਟੀਆਂ ਛੋਟੀਆਂ ਸਕੀਮਾਂ ਲਈ ਰੁਪਿਆ ਦਿੱਤਾ ਹੈ ਔਰ ਲਖਾਂ ਰੁਪਿਆਂ ਦੀ ਗਿਣਤੀ ਵਿਚ ਦਿਤਾ ਹੈ ਤਾਕਿ ਜਿਨ੍ਹਾਂ ਜ਼ਮੀਨਾਂ ਵਿਚ ਨਹਿਰਾਂ ਦਾ ਪਾਣੀ ਨਹੀਂ ਪਹੁੰਚ ਸਕਦਾ ਉਥੋਂ ਦੇ ਜ਼ਿਮੀਂਦਾਰ ਆਪਣੀਆਂ ਪੈਲੀਆਂ ਵਾਹ ਸਕਣ ।

ਸਪੀਕਰ ਸਾਹਿਬ, seed farming ਦੀ ਵੀ ਇਕ ਬੜੀ ਵਡੀ item ਹੈ । ਖੇਤੀ ਕਰਨ ਵਾਸਤੇ ਅੱਛੇ ਬੀਜ ਦੀ ਲੋੜ ਹੈ । ਮੇਰੇ ਇਕ ਦੋਸਤ ਨੇ ਕਿਹਾ ਹੈ ਕਿ seed farms ਲਈ ਤੁਸੀਂ ਰੁਪਿਆ ਨਹੀਂ ਖਰਚ ਕਰ ਸਕੇ । ਅਸਲ ਵਿਚ ਸਪੀਕਰ ਸਾਹਿਬ, ਗਲ

ਇਹ ਹੈ ਕਿ seed farms ਲਈ ਜ਼ਮੀਨ ਦੀ ਕੀਮਤ 500 ਰੁਪਿਆ ਫੀ ਏਕੜ ਹੈ । 500 ਰੁਪਏ ਏਕੜ ਦੀ ਜ਼ਮੀਨ ਸਾਡੇ ਪੰਜਾਬ ਵਿਚ ਬਹੁਤ ਘਟ ਮਿਲਦੀ ਹੈ । ਸ੍ਰੀਨਗਰ ਵਿਚ Agriculture ਦੇ ਮਿਨਿਸਟਰਾਂ ਦੀ ਇਕ conference ਹੋਈ । ਅਸੀਂ ਉਥੇ ਇਹ ਸਵਾਲ ਉਠਾਇਆ ਕਿ ਕਿ 500 ਰੁਪਿਏ ਏਕੜ farm ਵਾਸਤੇ ਸਾਡੇ ਪੰਜਾਬ ਵਿਚ ਕੋਈ ਜ਼ਮੀਨ ਨਹੀਂ ਮਿਲੀ । ਹੋਰ ਵੀ ਬਹੁਤ ਸਾਰੀਆਂ ਸਟੇਟਾਂ ਨੇ ਇਹ ਮੰਗ ਕੀਤੀ । ਇਸ ਲਈ ਉਥੇ ਇਹ ਫੈਸਲਾ ਕੀਤਾ ਗਿਆ ਕਿ 1000 ਰੁਪਿਆ ਏਕੜ ਦਾ ਬੇਸ਼ਕ ਖਰਚ ਕਰ ਲਉ । ਪਿਛਲੇ ਸਾਲ ਅਸੀਂ 17 seed Farms ਬਣਾਈਆਂ ਹਨ ।

ਇਸ ਸਾਲ ਸਾਡਾ target 105 ਬਨਾਉਣ ਦਾ ਹੈ । ਅਸੀਂ ਕੋਸ਼ਸ਼ ਬੜੀ ਕੀਤੀ ਹੈ ।

6-00 p.m.

ਮੇਰੇ ਮਹਿਕਮਾ ਜ਼ਰਾਇਤ ਦੇ ਕਰਮਚਾਰੀਆਂ ਨੂੰ ਦਿਨ ਰਾਤ ਜ਼ਿਮੀਂਦਾਰਾਂ ਦੇ ਮਗਰ ਨਠ ਭਜ ਕਰਕੇ 85 seeds farms ਹੋਰ ਬਨਾਉਣ ਦਾ ਜਤਨ ਕੀਤਾ ਹੈ । ਮੈਨੂੰ ਆਸ ਹੈ ਕਿ 31 ਮਾਰਚ ਤੋਂ ਪਹਿਲਾਂ ਪਹਿਲਾਂ ਅਸੀਂ ਉਹ ਬਣਾ ਲਵਾਂਗੇ । ਇਸੇ ਤਰੀਕੇ ਨਾਲ ਅਸੀਂ ਅਗਲੇ ਸਾਲ 50 ਜਾਂ 51 seeds farms ਹੋਰ ਬਨਾਉਣੇ ਹਨ । ਇਸ ਮਤਲਬ ਲਈ ਇਸ ਬਜਟ ਵਿਚ provision ਕਰ ਦਿੱਤੀ ਗਈ ਹੈ । ਇਤ ਤਰ੍ਹਾਂ ਸਾਨੂੰ ਜਿਹੜੀ ਚੰਗੇ ਬੀਜਾਂ ਦੀ ਥੁੜ ਰਹਿੰਦੀ ਸੀ ਉਹ ਘਟ ਹੋ ਜਾਏਗੀ।

ਸਰਦਾਰ ਗੁਰਮੀਤ ਸਿੰਘ ਨੇ ਕਿਹਾ ਹੈ ਕਿ ਇਸ ਸਾਲ ਸਾਡੇ Inspectors ਫਿਰੋਜ਼ਪੁਰ ਵਿਚ ਗਏ ਅਤੇ ਉਥੇ ਉਨ੍ਹਾਂ ਕੋਈ ਹੇਰਾ ਫੇਰੀ ਕੀਤੀ ਸੀ । ਮੈਂ ਉਨ੍ਹਾਂ ਨੂੰ ਦਸ ਦੇਣਾ ਚਾਹੁੰਦਾ ਹਾਂ ਕਿ ਅਸਾਂ ਆਪਣੇ ਲਈ ਕੋਈ ਬੀਜ ਨਹੀਂ ਸੀ ਖਰੀਦੇ । ਸਾਡੇ ਪਾਸੋਂ Government of India ਨੇ ਬੀਜ ਮੰਗੇ ਸੀ । ਅਸੀਂ ਉਨ੍ਹਾਂ ਨੂੰ ਕਿਹਾ ਸੀ ਕਿ ਤੁਸੀਂ ਆਪਣੇ expert ਭੇਜ ਦਿਉ । ਉਹ ਉਨ੍ਹਾਂ ਭੇਜ ਦਿੱਤੇ । ਅਸੀਂ ਉਨ੍ਹਾਂ ਦੇ ਨਾਲ District Agricultural Officer ਭੇਜ ਦਿੱਤਾ ਸੀ । ਉਨ੍ਹਾਂ ਨੇ ਆਪਣੇ ਤੌਰ ਤੇ ਬੀਜ ਖਰੀਦੇ ਸੀ। ਇਸ ਲਈ ਸਪੀਕਰ ਸਾਹਿਬ ਮੈਂ ਤੁਹਾਡੀ ਮਾਰਫਤ ਸਰਦਾਰ ਗੁਰਮੀਤ ਸਿੰਘ ਨੂੰ ਦਸਣਾ ਚਾਹੁੰਦਾ ਹਾਂ ਕਿ ਮੇਰੇ Agriculture Department ਵਿਚ ਇਹੋ ਜਹੀ ਕੋਈ ਹੇਰਾ ਫੇਰੀ ਨਹੀਂ ਹੋ ਸਕਦੀ। ਹੋਰ ਕਈ ਮਹਿਕਮੇ ਹੋਣਗੇ ਜਿਨ੍ਹਾਂ ਬਾਰੇ ਲੋਕਾਂ ਦੇ ਕੁਝ ਕਹਿਣ ਦੀ ਗੁੰਜਾਇਸ਼ ਹੋਵੇਗੀ। (ਹਾਸਾ) ।

ਸਪੀਕਰ ਸਾਹਿਬ, ਮੈਂ ਆਪ ਦੀ ਮਾਰਫਤ ਇਸ ਏਵਾਨ ਦੇ ਮੈਂਬਰਾਂ ਦਾ ਧਿਆਨ ਇਸ ਪਾਸੇ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜੇ ਮੇਰੇ ਮਹਿਕਮੇ ਹਨ ਉਨ੍ਹਾਂ ਵਿਚ ਜੇਕਰ ਕੋਈ ਇਹੋ ਜਹੀ ਗੱਲ ਹੋਈ ਹੋਵੇਗੀ ਤਾਂ ਉਸ ਨੂੰ ਉਸੇ ਹੀ ਵੇਲੇ ਰਫਾ ਦਫਾ ਕਰ ਦਿੱਤਾ ਜਾਏਗਾ । ਮੈਨੂੰ ਇਕ ਦੋ ਮੈਂਬਰਾਂ ਨੇ ਦਸਿਆ ਸੀ । ਸਪੀਕਰ ਸਾਹਿਬ ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਜਿਸ ਵੇਲੇ ਉਨ੍ਹਾਂ ਮੈਨੂੰ ਇਹ ਗੱਲ ਦੱਸੀ ਸੀ ਤਾਂ ਮੈਂ ਉਨ੍ਹਾਂ ਨੂੰ ਉਸੇ ਵੇਲੇ ਕਿਹਾ ਕਿ ਤੁਸੀਂ ਮੇਰੇ ਨਾਲ ਕਾਰ ਤੇ ਬੈਠ ਕੇ ਮੌਕੇ ਤੇ ਚਲੋ । ਉਨ੍ਹਾਂ ਵਿਚੋਂ ਇਕ ਮੈਂਬਰ ਤਾਂ ਮੇਰੇ ਨਾਲ ਕਾਰ ਵਿਚ ਬੈਠ ਗਏ ਤੇ ਉਥੇ ਜਾ ਕੇ ਉਸ ਚੀਜ਼ ਨੂੰ ਦੇਖਿਆ । ਮੈਨੂੰ ਇਹ ਦਸਣ ਵਿਚ ਖੁਸ਼ੀ ਹੈ ਕਿ ਉਨ੍ਹਾਂ ਦੀ ਉਹ ਗੱਲ ਵੀ ਸਚੀ ਨਹੀਂ ਨਿਕਲੀ । ਇਸ ਕਰ ਕੇ, ਸਪੀਕਰ ਸਾਹਿਬ, ਮੈਂ ਆਪ ਦੀ ਮਾਰਫਤ ਸਰਦਾਰ ਗੁਰਮੀਤ ਸਿੰਘ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਇਸ ਗੱਲ ਵਿਚ ਕੋਈ ਸਚਾਈ ਨਹੀਂ ।

ਸਰਦਾਰ ਹਰਗੁਰਨਾਦ ਸਿੰਘ : On a point of Order, Sir. ਕੀ ਵਜ਼ੀਰ ਸਾਹਿਬਾਨ ਦੀ ਜ਼ਿੰਮੇਵਾਰੀ ਸਾਂਝੀ ਹੈ ਜਾਂ ਵੱਖਰੀ ਵੱਖਰੀ ਹੁੰਦੀ ਹੈ ?

ਸ਼੍ਰੀ ਸਪੀਕਰ : ਇਸ ਵੇਲੇ ਸਾਰਿਆਂ ਨੂੰ ਆਪੋ ਆਪਣੀ ਪਈ ਹੋਈ ਹੈ । (At present every Minister is after saving his own skin.)

ਜ਼ਰਾਇਤ ਅਤੇ ਜੰਗਲਾਤ ਮੰਤ੍ਰੀ : ਮੈਂ ਤਾਂ ਸਪੀਕਰ ਸਾਹਿਬ ਆਪਣੇ ਦੋਸਤ ਨੂੰ ਜਵਾਬ ਦਿੱਤਾ ਹੈ । ਮੈਨੂੰ ਸਚ ਮੁਚ ਉਨ੍ਹਾਂ ਦੀ ਗੱਲ ਸੁਣ ਕੇ ਬੜਾ ਗੁੱਸਾ ਆਇਆ ਸੀ ।

ਪਿਛਲੇ ਸਾਲ ਅਸੀਂ 53 ਹਜ਼ਾਰ ਮਨ ਕਣਕ ਦੇ ਚੰਗੇ ਬੀ ਜ਼ਿਮੀਂਦਾਰਾਂ ਨੂੰ ਦਿੱਤੇ ਸੀ ਅਤੇ ਕਰੀਬਨ 143 ਹਜ਼ਾਰ ਮਨ ਕਪਾਹ ਦੇ ਚੰਗੇ ਬੀ ਉਨ੍ਹਾਂ ਨੂੰ ਦਿੱਤੇ ਸੀ । ਇਸੇ ਤਰ੍ਹਾਂ ਅਮਰੀਕਨ ਮੱਕੀ ਦੇ ਬੀ ਇਕ ਹਜ਼ਾਰ ਮਨ ਵੀ ਉਨ੍ਹਾਂ ਨੂੰ ਦਿੱਤੀ ਸੀ । ਸਪੀਕਰ ਸਾਹਿਬ, ਇਹ ਗੱਲ ਦਸਣੀ ਮੈਂ ਭੁਲ ਗਿਆ ਹਾਂ ਕਿ ਸਾਡੇ ਦੇਸ਼ ਵਿਚ ਜਿਹੜਾ ਬੀ 'ਮੱਕੀ ਦਾ ਆਇਆ ਹੈ, ਉਸ ਦਾ ਨਮੂਨਾ ਆਪਣੇ ਉਨ੍ਹਾਂ ਭਰਾਵਾਂ ਨੂੰ ਜਿਹੜੇ ਜ਼ਿਮੀਂਦਾਰੀ ਦਾ ਕੰਮ ਕਰਦੇ ਹਨ ਵਿਖਾਉਣ ਲਈ ਮੈਂ ਇਕ ਛੱਲੀ ਵਿਖਾਉਣਾਂ ਸੀ ਜਿਹੜੀ ਮੈਂ ਇਥੇ ਲੈ ਆਉਣੀ ਭੁਲ ਗਿਆ ਹਾਂ । ਸਪੀਕਰ ਸਾਹਿਬ, ਉਹ ਇਤਨੀ ਵਡੀ ਛੱਲੀ ਹੈ । (ਆਪਣੀ ਬਾਂਹਾਂ ਵਿਖਾ ਕੇ) (ਬੜਾ ਹਾਸਾ) ।

ਸ਼੍ਰੀ ਸਪੀਕਰ : Order Please. ਉਸ ਦੀ ਲੰਬਾਈ ਸਿਰਫ਼ ਮੈਨੂੰ ਅਕਲੇ ਨੂੰ ਨਾ ਵਿਖਾਓ । ਉਹ ਸਾਰੇ ਹਾਊਸ ਨੂੰ ਵਿਖਾਓ । (ਹਾਸਾ) Order, please. The hon. Minister should not show its length only to me but he should also show it the rest of the House.)

ਸਰਦਾਰ ਭੁਪਿੰਦਰ ਸਿੰਘ ਮਾਨ : On a point of information, Sir. ਅਸੀਂ ਜਿਹੜੇ ਮੈਂਬਰ ਮਨਿਸਟਰ ਸਾਹਿਬ ਦੇ ਪਿਛਲੇ ਪਾਸੇ ਬੈਠੇ ਹਾਂ, ਉਸ ਛੱਲੀ ਦੀ ਲੰਬਾਈ ਨਹੀਂ ਦੇਖ ਸਕੇ । ਉਹ ਸਾਨੂੰ ਵੀ ਵਿਖਾਈ ਜਾਏ ।

ਜ਼ਰਾਇਤ ਅਤੇ ਜੰਗਲਾਤ ਮੰਤ੍ਰੀ : ਜੇ ਉਸ ਦੀ ਅਸਲੀ ਲੰਬਾਈ ਵੇਖਣੀ ਹੈ ਤਾਂ ਮੇਰੇ ਦਫ਼ਤਰ ਵਿਚ ਆ ਜਾਇਓ । (ਜ਼ੋਰਦਾਰ ਹਾਸਾ) ਸਪੀਕਰ ਸਾਹਿਬ, ਖੇਤੀ ਬਾੜੀ ਦੇ ਕੰਮ ਵਿਚ fertilizers ਦੀ ਬੜੀ ਲੋੜ ਹੁੰਦੀ ਹੈ ਅਸੀਂ . . . .

ਸ਼੍ਰੀ ਕਰਮ ਚੰਦ : On a point of Order, Sir. ਇਹ ਛੱਲੀ ਦਾ ਲਫ਼ਜ਼ debate ਵਿਚ ਨਹੀਂ ਆਉਣਾ ਚਾਹੀਦਾ ਕਿਉਂਕਿ ਅਜ ਇਨ੍ਹਾਂ ਛੱਲੀ ਦੀ ਲੰਬਾਈ ਇਤਨੀ ਵਡੀ ਦਸੀ ਹੈ ਤਾਂ ਕਲ ਨੂੰ ਇਹ ਕਣਕ ਦੇ ਸਿਟੇ ਦੀ ਲੰਬਾਈ ਇਸ ਤੋਂ ਵੀ ਵਡੀ ਦਸਣਗੇ ।

Mr. Speaker: Order, please.

ਜ਼ਰਾਇਤ ਅਤੇ ਜੰਗਲਾਤ ਮੰਤ੍ਰੀ : ਸਪੀਕਰ ਸਾਹਿਬ, ਖੇਤੀ ਬਾੜੀ ਦੇ ਕੰਮ ਵਿਚ ਖਾਦ ਦੀ ਬੜੀ ਲੋੜ ਹੁੰਦੀ ਹੈ । ਅਸੀਂ partition ਤੋਂ ਪਹਿਲੇ ਚਾਰ ਹਜ਼ਾਰ ਮਨ ਮਸਨੂਈ ਖਾਦ ਇਸਤੇਮਾਲ ਕਰਦੇ ਸੀ ਜਿਹੜਾ ਸਾਡੇ ਪੰਜਾਬ ਦੇ ਕਿਸਾਨ ਸਾਡੇ ਕੋਲ ਖਰੀਦ ਕੇ ਇਸਤੇਮਾਲ ਕਰਦੇ ਸੀ । ਹੁਣ ਉਸ ਦੀ ਵਰਤੋਂ ਬਹੁਤ ਵਧ ਗਈ ਹੈ । ਇਸ ਸਾਲ ਅਸੀਂ ਚਾਰ ਹਜ਼ਾਰ ton ਖਾਦ ਵੇਚੀ ਹੈ ।

ਮੇਰੇ ਕਈ ਦੋਸਤ ਕਹਿੰਦੇ ਨੇ ਕਿ ਖਾਦ ਦੀ black market ਹੁੰਦੀ ਹੈ । ਦਰਅਸਲ, ਸਪੀਕਰ ਸਾਹਿਬ, ਗੱਲ ਇਹ ਹੈ ਕਿ ਕਈ ਪਿੰਡਾਂ ਦੇ ਗਰੀਬ ਕਿਸਾਨ ਜਿਹੜੇ ਵਿਚਾਰੇ ਭੁਖੇ ਹੁੰਦੇ ਹਨ, ਉਹ ਖਾਦ ਦੇ permit ਲੈ ਕੇ, ਖਾਦ ਖਰੀਦ ਲੈਂਦੇ ਹਨ ਜਿਹੜਾ ਕਿ ਉਨ੍ਹਾਂ ਨੂੰ 30 ਜਾਂ 32 ਰੁਪਏ ਫੀ ਮਨ ਦੇ ਹਿਸਾਬ ਨਾਲ ਉਧਾਰ ਮਿਲਦਾ ਹੈ । ਉਹ ਉਸ ਨੂੰ 27 ਜਾਂ 28 ਰੁਪਏ ਮਨ ਦੇ ਹਿਸਾਬ ਨਾਲ ਅਗੇ ਵੇਚ ਦਿੰਦੇ ਹਨ । ਪਰ ਜਿਹੜਾ ਖਾਦ ਉਹ ਇਸ ਤਰ੍ਹਾਂ ਵੇਚ ਦਿੰਦੇ ਹਨ ਉਹ ਸਾਰੇ ਦਾ ਸਾਰਾ ਖੇਤਾਂ ਵਿਚ ਹੀ ਇਸਤੇਮਾਲ ਹੁੰਦਾ ਹੈ ਹੋਰ ਕਿਧਰੇ ਨਹੀਂ ਜਾਂਦਾ । ਇਸ ਤਰ੍ਹਾਂ ਅਸਾਂ ਇਸ ਸਾਲ ਚਾਰ ਹਜ਼ਾਰ ton ਖਾਦ ਵੇਚਿਆ ਹੈ । ਇਸ ਤੋਂ ਇਲਾਵਾ ਅਸਾਂ green manure ਦੀ ਵਰਤੋਂ ਵੀ ਕਰਾ ਰਹੇ ਹਾਂ । ਪਿਛਲੇ ਸਾਲ 53 ਹਜ਼ਾਰ ਏਕੜ ਜ਼ਮੀਨ ਵਿਚ green manuring ਕਰਾਈ ਗਈ ਸੀ । ਇਸ ਸਾਲ 90 ਹਜ਼ਾਰ ਏਕੜ ਜ਼ਮੀਨ ਵਿਚ green manuring ਕਰਾਉਣ ਦਾ ਸਾਡਾ target ਹੈ । ਪਰ ਇਸ ਵਿਚ ਸਾਨੂੰ ਇਕ ਮੁਸ਼ਕਲ ਪੇਸ਼ ਆ ਰਹੀ ਹੈ ਕਿ ਸਾਡੇ ਜ਼ਿਮੀਂਦਾਰ green manuring ਕਰਨ ਲਈ ਜ਼ਮੀਨ ਛਡਨ ਲਈ ਤਿਆਰ ਨਹੀਂ ਹੁੰਦੇ । ਇਸੇ ਤਰ੍ਹਾਂ ਅਸਾਂ ਪਿੰਡਾਂ ਤੇ ਸ਼ਹਿਰਾਂ ਵਿਚ ਜਿਹੜਾ Compost ਖਾਦ ਹੁੰਦਾ ਹੈ ਉਸ ਦੀ ਠੀਕ ਤਰ੍ਹਾਂ ਰਖਣ ਤੇ ਵਰਤੋਂ ਲਈ ਵੀ ਕਦਮ ਉਠਾ ਰਹੇ ਹਾਂ । 1950-51 ਵਿਚ 8 ਲੱਖ ton Compost ਖਾਦ ਵਰਤਿਆ ਗਿਆ ਸੀ ਪਰ ਇਸ ਸਾਲ ਇਹ 5,185 ਹਜ਼ਾਰ ton ਇਸਤੇਮਾਲ ਕੀਤਾ ਗਿਆ ਹੈ । ਅਸੀਂ ਇਸ ਕੰਮ ਲਈ ਇਕ ਨਵਾਂ ਮਹਿਕਮਾ ਖੋਲ੍ਹਿਆ ਹੈ ਜਿਸ ਹੇਠ 34 Inspectors ਰਖੇ ਗਏ ਹਨ, ਜਿਹੜੇ ਪਿੰਡਾਂ ਵਿਚ ਜਾ ਜਾ ਕੇ ਲੋਕਾਂ ਨੂੰ ਦਸਣਗੇ ਕਿ ਕਿਸ ਤਰ੍ਹਾਂ ਇਸ ਨੂੰ ਚੰਗਾ ਬਣਾਇਆ ਜਾ ਸਕਦਾ ਹੈ ਅਤੇ ਕਿਸ ਤਰ੍ਹਾਂ ਇਸ ਨੂੰ ਚੰਗੀ ਤਰ੍ਹਾਂ ਵਰਤਿਆ ਜਾ ਸਕਦਾ ਹੈ । ਇਸ ਤੋਂ ਇਲਾਵਾ ਮੈਂ ਦਸਦਾ ਹਾਂ ਕਿ ਸਰਕਾਰ ਨੇ ਕਈ ਹੋਰ ਗੱਲਾਂ ਫਸਲਾਂ ਦੀ ਬਿਮਾਰੀਆਂ ਨੂੰ ਹਟਾਉਣ ਲਈ ਕੀਤੀਆਂ ਹਨ । ਇਸ ਸਾਲ ਇਸ ਮਹਿਕਮੇ ਨੇ 34 ਲੱਖ ਏਕੜ ਜ਼ਮੀਨ ਵਿਚੋਂ ਚੂਹੇ ਮਾਰੇ ਹਨ । (ਹਾਸਾ) ਚੂਹੇ ਵੀ ਇਕ ਬਲਾ ਹਨ । ਜੇਕਰ ਚੂਹਿਆਂ ਦੇ ਇਕ ਜੋੜੇ ਨੂੰ ਪੂਰੀਆਂ facilities ਦਿੱਤੀਆਂ ਜਾਣ ਤਾਂ ਇਨ੍ਹਾਂ ਦਾ ਇਕ ਜੋੜਾ ਇਕ ਸਾਲ ਵਿਚ 1,200 ਬੱਚੇ ਪੈਦਾ ਕਰ ਸਕਦਾ ਹੈ । (ਹਾਸਾ) ਇਸ ਲਈ ਇਨ੍ਹਾਂ ਨੂੰ ਬਿਲਕੁਲ ਮੁਕਾ ਦੇਣਾ ਅਸਾਨ ਨਹੀਂ ਫਿਰ ਵੀ ਮਹਿਕਮੇ ਦੇ ਸੱਜਣਾਂ ਨੇ ਬੜੀ ਹਿੰਮਤ ਕੀਤੀ ਅਤੇ 34 ਲੱਖ ਏਕੜ ਜ਼ਮੀਨ ਵਿਚੋਂ ਚੂਹਿਆਂ ਨੂੰ ਖਤਮ ਕੀਤਾ ਹੈ (ਇਕ ਅਵਾਜ਼: ਜੋੜੇ ਮਾਰੇ ਸਨ ਜਾਂ ਉਨ੍ਹਾਂ ਦੇ ਬੱਚੇ ।) ਪਹਿਲਾਂ ਜੋੜੇ ਮਰਦੇ ਹਨ ਤਾਂ ਬੱਚੇ ਮਰਦੇ ਹਨ । ਫਿਰ 32 ਲਖ ਏਕੜਾਂ ਵਿਚੋਂ ਗਿਦੱੜ ਮਾਰੇ ਹਨ । (ਹਾਸਾ) ਇਸੇ ਤਰ੍ਹਾਂ ਬਿਮਾਰੀਆਂ ਜਿਹੜੀਆਂ ਫਸਲਾਂ ਨੂੰ ਲਗਦੀਆਂ ਹਨ ਉਨ੍ਹਾਂ ਨੂੰ ਖਤਮ ਕਰਨ ਦੀ ਦਵਾ ਗੁਰਦਾਸਪੁਰ, ਹੁਸ਼ਿਆਰਪੁਰ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿਚ 25,000 ਰੁਪਏ ਦੀ ਮੁਫਤ ਵੰਡੀ ਹੈ । ਪਿਛਲੇ ਸਾਲ 55,000 ਏਕੜ ਕਪਾਹ ਵਿਚ ਹਵਾਈ ਜਹਾਜ਼ਾਂ ਰਾਹੀਂ spray ਕੀਤੀ ਹੈ । ਆਪ ਨੂੰ ਇਹ ਸੁਣ ਕੇ ਖੁਸ਼ੀ ਹੋਵੇਗੀ ਕਿ ਜਿਥੇ ਫਸਲ ਜ਼ਿਆਦਾ ਹੋਣ ਕਰ ਕੇ ਬਿਮਾਰੀਆਂ ਵੀ ਜ਼ਿਆਦਾ ਹੁੰਦੀਆਂ ਹਨ ਉਥੇ ਅਸੀਂ ਹਰ ਗਰਾਂ ਪੰਚਾਇਤ ਨੂੰ, ਹਰ ਚੰਗੇ ਜ਼ਮੀਂਦਾਰ ਨੂੰ ਜਾਂ ਜ਼ਮੀਂਦਾਰਾਂ ਦੀ ਹਰ Co-operative Society ਨੂੰ ਇਕ ਇਕ spraying machine ਦਿੱਤੀ ਹੈ । (ਘੰਟੀ) ਜਿਸ ਨਾਲ ਉਹ ਜ਼ਰੂਰਤ ਵੇਲੇ spray ਕਰ ਲੈਣ । ਅਸੀਂ ਇਹ ਵੀ ਫੈਸਲਾ ਕੀਤਾ ਹੈ ਕਿ ਇਸ ਮਸ਼ੀਨ ਦੀ ਅਧੀ ਕੀਮਤ ਇਹ ਲੋਕ ਦੇਣਗੇ ਤੇ ਅਧੀ ਕੀਮਤ ਸਰਕਾਰ ਦੇਵੇਗੀ । ਅਸੀਂ ਹੋਰ ਵੀ ਬਹੁਤ ਸਾਰੀਆਂ ਚੀਜ਼ਾਂ ਇਸੇ

[ਚਰਾਇਤ ਅਤੇ ਜੰਗਲਾਤ ਮੰਤ੍ਰੀ]

ਤਰ੍ਹਾਂ ਦੀਆਂ ਕੀਤੀਆਂ ਹਨ ਪਰ ਹੁਣ ਚੂੰਕਿ ਤੁਸੀਂ ਘੰਟੀ ਬਜਾਉਣੀ ਸ਼ੁਰੂ ਕਰ ਦਿੱਤੀ ਹੈ, ਮੈਂ ਉਹ ਸਾਰੀਆਂ ਨਹੀਂ ਕਹਿ ਸਕਾਂਗਾ। ਪਹਿਲਾਂ ਪਤਾ ਹੁੰਦਾ ਤਾਂ ਮੈਂ ਪਹਿਲਾਂ ਉਹ ਕਹਿ ਦਿੰਦਾ (ਹਾਸਾ) 15 ਮਿੰਟ ਪਹਿਲਾਂ ਬੋਲਣਾ ਸ਼ੁਰੂ ਕਰ ਦਿੰਦਾ ।

ਸ੍ਰੀ ਸਪੀਕਰ : ਜੇਕਰ Demands ਪਾਸ ਨਹੀਂ ਕਰਾਉਣੀਆਂ ਤਾਂ ਬੋਲ ਲਵੋ 15 ਮਿੰਟ ਹੋਰ (ਹਾਸਾ) । (The hon. Minister may continue for another 15 minutes if he is not anxious to get these Demands passed.)

ਚਰਾਇਤ ਅਤੇ ਜੰਗਲਾਤ ਮੰਤ੍ਰੀ : ਮੈਂ ਛੇਤੀ ਹੀ ਬੈਠ ਜਾਵਾਂਗਾ । ਮੈਂ ਆਪਣੇ ਦੋਸਤਾਂ ਅਗੇ ਬੇਨਤੀ ਕਰਾਂਗਾ ਕਿ ਉਹ ਸਿਰਫ ਉਹ ਗੱਲਾਂ ਹੀ ਕਿਹਾ ਕਰਨ ਜਿਹੜੀਆਂ ਜਾਇਜ਼ ਹੋਣ । Publicity ਬਾਰੇ ਅਰਜ਼ ਹੈ ਕਿ ਜਿਸ ਵਕਤ ਅਸੀਂ ਪਾਕਿਸਤਾਨ ਤੋਂ ਆਏ ਸੀ ਤਾਂ ਖੇਤੀ ਬਾੜੀ ਬਾਰੇ ਕਿਤਾਬਾਂ ਸਿਰਫ 365 ਵਿਕਦੀਆਂ ਸਨ ਅਜ 1750 ਵਿਕਦੀਆਂ ਹਨ । ਫਿਰ 20 ਲੱਖ ਰੁਪਿਆ ਵੀ ਆਪ ਨੂੰ ਪਤਾ ਹੈ ਕਿ ਕਿਸ ਲਈ ਮਨਜ਼ੂਰ ਕੀਤਾ ਸੀ ।

over ਕਰ ਲਿਆ ਜਾਵੇ ਔਰ ਜੇ ਕਰ ਸਰਕਾਰ ਕਿਸੇ ਤਰ੍ਹਾਂ Constitution ਵਿਚ ਇਸ ਤਰ੍ਹਾਂ ਦੀ ਚੀਜ਼ ਵੇਖਦੀ ਹੈ ਜਿਸ ਨਾਲ ਉਹ ਸਮਝੇ ਕਿ ਅਸੀਂ take over ਨਹੀਂ ਕਰ ਸਕਦੇ ਔਰ ਕਿਰਾਏਦਾਰਾਂ ਨੂੰ ਮਾਲਕ ਨਹੀਂ ਬਣਾ ਸਕਦੇ ਤਾਂ Government as Government ਉਨ੍ਹਾਂ ਨੂੰ take over ਕਰ ਸਕਦੀ ਹੈ ਔਰ ਸਹੀ ਤੌਰ ਤੇ ਉਨ੍ਹਾਂ ਦੀ ਮੁਨਾਸਬ ਤਕਸੀਮ ਕਰਵਾ ਸਕਦੀ ਹੈ । ਮੈਂ ਤਾਂ ਇਹ ਸਮਝਦਾ ਹਾਂ ਅਤੇ ਬੜੀ ਗੰਭੀਰਤਾ ਨਾਲ ਸਮਝਦਾ ਹਾਂ ਕਿ ਜਿਥੇ ਕਿਰਾਏਦਾਰਾਂ ਨੂੰ ਮਾਲਕ ਬਣਾਉਣ ਦੀ ਕੋਸ਼ਿਸ਼ ਕੀਤੀ ਜਾਏ ਉਥੇ ਇਸ ਦੇ ਨਾਲ ਜੇਕਰ ਵਡੇ ਵਡੇ ਮਕਾਨਾਂ ਦੀ rationing ਵੀ ਕੀਤੀ ਜਾਏ ਤਾਂ ਮਾੜੀ ਗੱਲ ਨਹੀਂ ਹੋਵੇਗੀ । ਭਾਵੇਂ Opposition ਵਾਲੇ ਇਸ ਬਾਰੇ ਕਹਿੰਦੇ ਹਨ—ਕੁਝ ਕਹਿੰਦੇ ਹਨ ਪਰ - ਦਿਮਾਗ ਉਨ੍ਹਾਂ ਦਾ ਵੀ ਇਸੇ ਪਾਸੇ ਜਾਂਦਾ ਹੈ ; ਉਹ ਪੰਜਾਬ ਦੀ ਇਸ problem ਨੂੰ, ਜਿਹੜੀ ਕਿ ਇਕ ਬੜੀ ਜ਼ਰੂਰੀ tackle ਕਰਨ ਵਾਲੀ problem ਹੈ ਉਸ ਨੂੰ understand ਕਰਦੇ ਹਨ ਔਰ ਉਸ ਨੂੰ ਹਲ ਕਰਨ ਲਈ House ਵਿਚ ਆਪਣੀਆਂ ਤਜਵੀਜ਼ਾਂ ਦਿੰਦੇ ਹਨ । ਭਾਵੇਂ ਤਜਵੀਜ਼ ਕਿਸੇ ਹੋਰ ਢੰਗ ਦੀ ਹੋਵੇ ਲੇਕਿਨ ਹੈ ਇਸੇ ਗੱਲ ਲਈ ਕਿ ਉਨ੍ਹਾਂ ਵਿਚ feeling ਹੈ ਕਿ ਜੋ problem ਸਾਡੇ ਸਾਹਮਣੇ ਹੈ ਉਸ ਨੂੰ ਸੁਚੱਜੇ ਤਰੀਕੇ ਨਾਲ ਹਲ ਕਰਨਾ ਹੈ, ਇਸ ਲਈ, ਮੈਂ ਅਰਜ਼ ਕਰਦਾ ਹਾਂ ਕਿ ਮਤਾ ਜੋ House ਦੇ ਸਾਹਮਣੇ ਹੈ ; ਇਹ ਨਿਹਾਇਤ ਅਹਿਮ ਹੈ—ਇਸ ਨੁਕਤਾ ਖਿਆਲ ਨਾਲ ਕਿ ਬਹੁਤ ਸਾਰੇ ਲੋਕ ਬਾਹਰ ਇਸ ਗੱਲ ਦਾ ਪ੍ਰਚਾਰ ਕਰ ਰਹੇ ਹਨ ਕਿ ਇਸ ਮਤੇ ਨਾਲ ਸ਼ਹਿਰੀਆਂ ਉਤੇ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਇਹ ਕਾਨੂੰਨਨ ਇਕ ਗ਼ਲਤ ਗੱਲ ਹੈ । ਸ਼ਹਿਰੀਆਂ ਔਰ ਦੇਹਾਤੀਆਂ ਵਿਚ ਕਿਸੇ ਤਰ੍ਹਾਂ ਦੀ ਤਮੀਜ਼ ਪੈਦਾ ਕਰਨਾ socialistic pattern ਦੀ ਪਰੋੜ੍ਹਤਾ ਨਹੀਂ ਕਰਦਾ । ਜੋ ਲੋਕ ਇਹ ਗੱਲ ਕਹਿੰਦੇ ਹਨ—ਭਾਵੇਂ House ਵਿਚ ਤੇ ਭਾਵੇਂ House ਤੋਂ ਬਾਹਰ—ਉਹ ਉਸ policy ਨੂੰ follow ਨਹੀਂ ਕਰਦੇ ਜਿਸ ਨੂੰ follow ਕਰਨ ਲਈ ਅਤੇ ਜਿਸ ਨੂੰ ਪੂਰਾ ਕਰਨ ਲਈ ਅਸੀਂ ਇਸ House ਵਿਚ ਆਏ ਹਾਂ ਅਤੇ ਜਿਸ ਨੂੰ achieve ਕਰਨ ਲਈ ਅਸੀਂ ਇਹ legislation ਬਨਾਉਣੀ ਹੈ । ਇਸ ਲਈ ਸਾਡਾ ਇਹ ਕੌਮੀ ਫਰਜ਼ ਹੈ ਕਿ ਸ਼ਹਿਰੀ ਅਤੇ ਦੇਹਾਤੀ ਦੇ ਸਵਾਲ ਨੂੰ ਆਪਣੇ ਦਿਮਾਗ ਵਿਚੋਂ ਕਢ ਕੇ ਕਿਸਾਨ, ਮਜ਼ਦੂਰ ਅਤੇ ਗ਼ਰੀਬ ਦੀ problems ਨੂੰ ਹਲ ਕਰੀਏ । ਜਦ ਇਕ ਚੀਜ਼ fix ਕੀਤੀ ਗਈ ਹੈ, ਇਕ ਟੀਚਾ ਮੁਕੱਰਰ ਕੀਤਾ ਗਿਆ ਹੈ ਤਾਂ ਕਿਉਂ ਨਾ ਉਸ ਨੂੰ ਪੂਰਾ ਕਰਨ ਲਈ ਜਤਨ ਕੀਤੇ ਜਾਣ । ਸਪੀਕਰ ਸਾਹਿਬ, ਮੈਂ ਇਸ ਗੱਲ ਦੇ ਕਤਅਨ ਖਿਲਾਫ਼ ਹਾਂ ਕਿ ਜੇ ਕਿਸੇ ਪਾਸ ਮਕਾਨ ਹੈ ਤੇ ਉਹ ਬਾਹਰ ਨੌਕਰੀ ਤੇ ਗਿਆ ਹੋਇਆ ਹੈ ਉਸ ਤੋਂ ਮਕਾਨ ਲੈ ਲਿਆ ਜਾਵੇ । ਇਹ ਗ਼ਲਤ ਬਾਤ ਹੈ । ਮੈਂ ਤਾਂ ਇਸ ਗੱਲ ਉਤੇ ਜ਼ੋਰ ਦੇਂਦਾ ਹਾਂ ਕਿ ਇਸ ਸਿਲਸਲੇ ਵਿਚ ਕੋਈ ਹੱਦ ਮੁਕਰਰ ਹੋਣੀ ਚਾਹੀਦੀ ਹੈ । ਮਕਾਨ ਇਕ bare necessity of life ਹੈ । ਹਰ ਇਕ ਨੂੰ ਇਹ ਲੋੜ ਹੈ । ਪਰ ਜੇ ਕਿਸੇ ਕੋਲ, ਮਿਸਾਲ ਦੇ ਤੌਰ ਤੇ, ਦਸ ਮਕਾਨ ਹਨ ਤਾਂ naturally ਉਹ ਉਸ ਦੀਆਂ bare necessities of life ਦੇ in excess ਹਨ, ਫਾਲਤੂ ਹਨ । ਇਸ ਹਾਲਤ ਵਿਚ ਉਸ ਦੀ ਆਪਣੀ ਲੋੜ ਤੋਂ ਵਾਧੂ ਜੋ ਮਕਾਨਾਤ ਹਨ ਕਿਉਂ ਨਾ ਉਨ੍ਹਾਂ ਨੂੰ ਸਰਕਾਰ ਆਪਣੀ ਤਹਿਵੀਲ ਵਿਚ ਲੈ ਲਵੇ ਔਰ ਉਨ੍ਹਾਂ ਨੂੰ ਦੇਵੇ ਜਿਹੜੇ ਕਿ ਕਈਆਂ ਸਾਲਾਂ ਤੋਂ ਬਤੌਰ ਕਰਾਏਦਾਰ ਅਤੇ tenants ਰਹਿ ਰਹੇ ਹਨ ਅਤੇ

ਜਿਨ੍ਹਾਂ ਨੇ ਸੈਂਕੜਿਆਂ ਨਹੀਂ ਹਜ਼ਾਰਾਂ ਰੁਪਏ ਮਾਲਕ ਮਕਾਨ ਨੂੰ ਇਸ ਗੱਲ ਲਈ ਦਿੱਤੇ ਹਨ ਕਿ ਉਨ੍ਹਾਂ ਨੂੰ shelter ਮਿਲ ਸਕੇ ? ਇਸ ਲਈ ਜ਼ਰੂਰੀ ਹੈ ਕਿ ਉਨ੍ਹਾਂ ਗਰੀਬਾਂ ਨੂੰ ਭਾਵੇਂ ਉਹ ਕਿਸੇ ਥਾਂ ਦੇ ਹੋਣ ਇਨ੍ਹਾਂ ਮਕਾਨਾਤ ਦਾ ਮਾਲਕ ਕਰਾਰ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਅਸੀਂ ਆਪਣਾ ਮੁੱਦਾ ਤੇ ਮਨਸ਼ਾ ਪੂਰਾ ਕਰਦੇ ਹਾਂ ਕਿ ਹਰ ਗਰੀਬ ਨੂੰ—ਭਾਵੇਂ ਉਹ ਪੇਂਡੂ ਹੈ ਭਾਵੇਂ ਸ਼ਹਿਰੀ—ਰੋਟੀ, ਕਪੜਾ ਔਰ ਮਕਾਨ ਮਿਲਣਾ ਚਾਹੀਦਾ ਹੈ । ਅਜ ਜੇ ਅਸੀਂ ਆਪਣੇ ਇਸ socialistic pattern of society ਦੇ ਅਦਰਸ਼ ਵਲ ਕਦਮ ਨਾ ਚੁਕੀਏ ਅਤੇ ਇਸ ਦੀ ਥਾਂ ਅਜਿਹੇ ਤਰੀਕੇ ਨੂੰ ਚਲਦੇ ਰਹਿਣ ਦਵੀਏ ਜਿਸ ਨਾਲ ਇਕ ਪਾਸੇ ਜ਼ਿਆਦਾ ਸੱਟ ਪੈਂਦੀ ਹੋਵੇ ਅਤੇ ਦੂਜੇ ਪਾਸੇ ਕਿਸੇ ਨੂੰ ਛੇੜਿਆ ਨਾ ਜਾਵੇ ਤਾਂ ਫਿਰ ਸਰਮਾਇਆ ਦਾਰੀ ਦਾ ਦੌਰ ਦੌਰਾ ਖਤਮ ਕਰਨ ਦਾ ਹੋਰ ਕੋਈ ਉਪਰਾਲਾ ਜਾਂ ਚਾਰਾ ਨਹੀਂ । ਬਲਕਿ ਅਸੀਂ ਇਹ ਚਾਹੁੰਦੇ ਹਾਂ ਕਿ ਜੋ capitalists ਹਨ, ਉਨ੍ਹਾਂ ਦੇ capital ਦਾ ਰੁਖ ਆਮ ਲੋਕਾਂ ਦੀ development ਵਾਸਤੇ ਅਤੇ ਆਮ ਲੋਕਾਂ ਦੇ standard of living ਨੂੰ ਉੱਚਾ ਕਰਨ ਲਈ ਬਦਲੀਏ ।

ਮੇਰੀ ਭੈਣ ਨੇ ਦਸਿਆ ਹੈ ਕਿ ਸਾਡੇ ਪਾਸ ਜੋ ਫਾਲਤੂ ਜਮੀਨ ਹੈ ਉਹ ਵਾਹੀ ਕਾਰਾਂ ਨੂੰ ਮਿਲਣੀ ਚਾਹੀਦੀ ਹੈ । ਐਨ ਇਸੇ ਹੀ ਢੰਗ ਨਾਲ ਜੋ ਵਡੇ ਵਡੇ ਕਾਰਖਾਨੇ ਹਨ----- ਭਾਵੇਂ ਇਸ resolution ਵਿਚ ਉਨ੍ਹਾਂ ਦਾ ਜ਼ਿਕਰ ਹੈ ਜਾਂ ਨਹੀਂ—socialistic pattein ਨੂੰ ਅਗੇ ਵਲਾਉਣ ਲਈ ਜੋ legislation ਲੋਕਾਂ ਦੇ ਹਕ ਵਿਚ ਬਨਣੀ ਹੈ, peoples' legislation ਬਨਣੀ ਹੈ ਤਾਂ ਉਨ੍ਹਾਂ ਵਿਚ ਵਡੇ ਵਡੇ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਜੋ ਮਜ਼ਦੂਰ ਹਨ ਉਨ੍ਹਾਂ ਨੂੰ ਉਸ enterprise ਵਿਚ ਹਿੱਸੇਦਾਰ ਬਨਾਉਣਾ ਪਏਗਾ ਕਿਉਂਕਿ ਜਿਤਨੀ ਦੇਰ ਤਕ ਉਸ profit ਯਾਨੀ ਨਫੇ ਦੀ ਰਕਮ, ਜਿਹੜੀ ਹਜ਼ਾਰਾਂ ਨਹੀਂ ਲੱਖਾਂ ਦੀ ਗਿਣਤੀ ਵਿਚ ਇਕ ਹੀ individual, ਇਕ ਹੀ ਵਿਅਕਤੀ ਦੀ ਜੇਬ ਵਿਚ ਜਾਂਦੀ ਹੈ, ਜੇ ਸਭਨਾ ਵਿਚ ਵੰਡੀ ਨਾ ਜਾਵੇ ਤਾਂ ਸਾਰੇ ਭੁੱਖੇ ਮਰ ਰਹੇ ਮਜ਼ਦੂਰਾਂ ਦੀ ਹਾਲਤ ਚੰਗੀ ਨਹੀਂ ਹੋ ਸਕੇਗੀ ਸੁਧਰ ਨਹੀਂ ਸਕੇਗੀ । ਇਹ ਠੀਕ ਹੈ ਕਿ socialistic pattern of society ਦਾ ਮਨਸ਼ਾ ਹਰਗਿਜ਼ ਇਹ ਨਹੀਂ ਕਿ ਕਿਸੇ ਕੋਲੋਂ ਉਸ ਦੀ ਰੋਜ਼ੀ ਖੋਹ ਕੇ ਉਸ ਨੂੰ ਭੁਖਿਆਂ ਮਾਰਿਆ ਜਾਏ । ਪਰ ਜਿਹੜਾ ਇਕ standard ਅਸਾਂ ਕਾਇਮ ਕਰਨਾ ਹੈ, ਖੁਸ਼ਹਾਲੀ ਦਾ standard ਕਾਇਮ ਕਰਨਾ ਹੈ ਉਸ ਵਾਸਤੇ ਜਿਨ੍ਹਾਂ ਜਿਨ੍ਹਾਂ ਕੋਲ ਵੀ ਆਪਣੀ ਲੋੜ ਤੋਂ ਫਾਲਤੂ ਰੁਪਿਆ ਹੈ ਉਹ ਸਰਕਾਰ ਨੇ ਉਨ੍ਹਾਂ ਪਾਸੋਂ ਛੁੜਾਉਣਾ ਹੈ ਅਤੇ ਉਸ ਨੂੰ ਪੰਜ-ਸਾਲਾ ਪਲਾਨਾਂ ਵਿਚ ਲਗਾ ਕੇ ਸਮੁੱਚੇ ਮੁਲਕ ਦੀ ਗੁਰਬਤ ਨੂੰ ਦੂਰ ਕਰਨਾ ਹੈ । ਇਸ ਨਾਲ ਗਰੀਬ ਕਿਸਾਨ ਅਤੇ ਮਜ਼ਦੂਰ ਦੀ ਹਾਲਤ ਨੂੰ ਇਸ ਯੋਗ ਬਨਾਉਣਾ ਹੈ ਤਾਂਕਿ ਉਹ ਰਜਵੀਂ ਰੋਟੀ ਕਮਾ ਸਕੇ । ਇਸੇ ਰੋਟੀ ਨੂੰ ਕਮਾਉਣ ਵਾਸਤੇ ਜੋ ਮਜ਼ਦੂਰ ਅਤੇ ਗਰੀਬ ਸਾਧਨ ਕਰਦਾ ਹੈ ਉਸ ਨੂੰ ਜੇ ਉਸ ਦੇ shelter ਵਿਚੋਂ, ਮਕਾਨ ਵਿਚੋਂ ਕਢ ਦਿੱਤਾ ਜਾਵੇ ਤਾਂ ਉਸ ਦੀ ਦਸ਼ਾ ਐਨ ਉਸ refugee ਦੀ ਤਰ੍ਹਾਂ ਹੋ ਜਾਂਦੀ ਹੈ ਜਿਸ ਨੂੰ ਉਧਰੋਂ ਪਾਕਿਸਤਾਨ ਦੀ ਤਰਫੋਂ ਧਿਕ ਕੇ ਕਢ ਦਿੱਤਾ ਜਾਵੇ ਅਤੇ ਇਸ ਪਾਸੇ ਆਕੇ ਉਹਦੇ ਕੋਲ ਸਿਰ ਛੁਪਾਉਣ ਵਾਸਤੇ ਕੋਈ ਵਸੀਲਾ ਨਾ ਹੋਵੇ । ਉਸ ਦੀ ਦਸ਼ਾ ਬਹੁਤ ਮਾੜੀ ਹੋ ਜਾਂਦੀ ਹੈ । ਇਸ ਲਈ ਸਰਕਾਰ ਦੀ ਇਹ ਆਪਣੀ duty ਹੋ ਜਾਂਦੀ ਹੈ ਕਿ ਉਹ ਇਸ ਪਾਸੇ

[ਸਰਦਾਰ ਦਰਬਾਰਾ ਸਿੰਘ]

ਪੂਰੀ ਤਵੱਜੁਹ ਦੇਵੇ ਅਤੇ ਜਿਨ੍ਹਾਂ ਪਾਸ ਮਕਾਨ ਨਹੀਂ ਹਨ ਉਨ੍ਹਾਂ ਨੂੰ ਉਨ੍ਹਾਂ ਕੋਲੋਂ ਮਕਾਨ ਲੈਕੇ ਦਵਾਏ ਜਾਂ ਜਿਨ੍ਹਾਂ ਪਾਸ ਆਪਣੀ ਜ਼ਰੂਰਤ ਤੋਂ ਜ਼ਿਆਦਾ shelter ਹੈ ਔਰ ਉਨ੍ਹਾਂ ਦੀ compensation ਜੋ ਉਨ੍ਹਾਂ ਨੂੰ ਦੇਣੀ ਪਵੇ ਨੂੰ ਕੁਝ ਸਾਲਾਂ ਵਿਚ ਵੰਡ ਦਿੱਤਾ ਜਾਵੇ। ਸਪੀਕਰ ਸਾਹਿਬ, ਹਰ ਆਦਮੀ ਦੇ ਦਿਮਾਗ ਵਿਚ ਇਹ ਚੀਜ਼ ਹੈ ਕਿ ਉਸ ਕੋਲ property ਦੀ ownership ਹੋਣੀ ਚਾਹੀਦੀ ਹੈ। ਮੈਂ ਇਹ ਨਹੀਂ ਕਹਿੰਦਾ ਕਿ ਕਿਸੇ ਦੀ ownership ਨਹੀਂ ਰਹਿਣੀ ਚਾਹੀਦੀ। ਸਾਰਿਆਂ ਦੀ ਆਪਣੀ ownership ਹੋਣੀ ਚਾਹੀਦੀ ਹੈ। ਠੀਕ ਹੈ। ਲੇਕਿਨ ਜਿਤਨੀ ਦੇਰ ਤਕ ਸਾਡਾ ਦਿਮਾਗ ਔਰ mentality ਇਸ ਪਾਸੇ ਨਹੀਂ ਜਾਂਦੀ—divert ਨਹੀਂ ਹੁੰਦੀ ਅਤੇ ਅਸੀਂ ਇਹ ਨਹੀਂ ਸੋਚਦੇ ਕਿ ਜੇ ownership ਹੈ ਇਹ ਮਜ਼ਦੂਰਾਂ ਅਤੇ ਗਰੀਬਾਂ ਦੀ ਵੀ ਹੋਣੀ ਚਾਹੀਦੀ ਹੈ, ਅਸੀਂ ਆਪਣੇ ਆਪ ਨੂੰ ਸਮਾਜਵਾਦੀ ਸਮਾਜ ਵਲ ਨਹੀਂ ਲੈ ਜਾ ਸਕਦੇ। ਅਜ ਸਰਮਾਇਆਦਾਰ ਕਾਫੀ ਦੇਰ ਤੋਂ ਮਜ਼ਦੂਰ ਦੀ exploitation ਕਰਕੇ ਆਪਣੇ ਲਈ ਐਸ਼ੋਇਸ਼ਰਤ ਦਾ ਸਾਮਾਨ ਬਨਾਉਂਦਾ ਆ ਰਿਹਾ ਹੈ। ਉਸ ਦੀ ਇਹ ਸਾਰੀ ਐਸ਼ੋਇਸ਼ਰਤ ਗਰੀਬ ਔਰ ਮਜ਼ਦੂਰ ਦੀ cost ਤੇ ਹੁੰਦੀ ਹੈ।

(*At this stage Mr. Speaker vacated the Chair and it was occupied by Sardar Gurbachan Singh Bajwa, a Member of the Panel of Chairmen*).

ਚੇਅਰਮੈਨ ਸਾਹਿਬ, ਜੇ ਉਸ ਨੂੰ ਥੋੜੀ ਜਿਹੀ ਵੀ ਸਹੂਲਤ ਇਸ ਗੱਲ ਦੀ ਦਿੱਤੀ ਜਾਏ ਕਿ ਕਿਰਾਏ ਆਦਿ ਦੀ ਬਚਤ ਨੂੰ ਆਪਣੇ ਬਚਿਆਂ ਦੀ ਪੜ੍ਹਾਈ ਵਲ ਜਾਂ ਆਪਣੇ ਪਰਵਾਰ ਦੀ ਹੋਰ development ਵਲ ਲਗਾ ਸਕੇ ਤਾਂ ਉਸ ਨੂੰ ਅਜਿਹੇ ਜ਼ਰਾਇ ਮਿਲ ਸਕਦੇ ਹਨ ਕਿ ਉਸ ਪੈਸੇ ਨਾਲ, ਜਿਹੜਾ ਕਿ ਵਡੇ ਵਡੇ ਲੋਕਾਂ ਲਈ ਆਸਾਇਸ਼ ਦਾ ਸਾਮਾਨ ਪੈਦਾ ਕਰਦਾ ਹੈ, ਉਸ ਨਾਲ ਗਰੀਬਾਂ ਦੀਆਂ ਮੁਢਲੀਆਂ ਤਕਲੀਫਾਂ ਦੂਰ ਹੋ ਸਕਦੀਆਂ ਹਨ ਅਤੇ ਉਹਨਾਂ ਦੀ living condition ਚੰਗੀ ਹੋ ਸਕਦੀ ਹੈ। ਇਹ ਠੀਕ ਹੈ ਕਿ ਲੋਕਾਂ ਨੂੰ ਮਕਾਨੀਅਤ ਛਡਣ ਵਿਚ ਔਖ ਹੈ।

ਲੇਕਿਨ ਇਹ ਔਖ, ਚੇਅਰਮੈਨ ਸਾਹਿਬ, ਸਭ ਨੂੰ ਝਲਣਾ ਪੈਣਾ ਹੈ। ਇਹ ਔਖ ਉਸ ਨੂੰ ਵੀ ਹੈ ਜਿਸ ਨੇ ਜ਼ਮੀਨ ਛਡਣੀ ਹੈ, ਔਖ ਉਸ ਨੂੰ ਵੀ ਹੈ ਜਿਸ ਨੇ ਮਕਾਨ ਛਡਣਾ ਹੈ, ਇਹ ਔਖ ਉਸ ਨੂੰ ਵੀ ਹੋਣਾ ਹੈ ਜਿਸ ਨੇ ਦੁਕਾਨ ਜਾਂ ਕਾਰਖਾਨਾ ਛਡਣਾ ਹੈ। ਲੇਕਿਨ ਆਹਿਸਤਾ ਆਹਿਸਤਾ ਅਸਾਂ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਸੋਚਣਾ ਹੈ ਔਰ ਉਨ੍ਹਾਂ ਦੇ ਮੁਤਾਬਕ ਚਲਣਾ ਹੈ। ਅਗਰ ਅਸਾਂ ਇਸ ਤਰ੍ਹਾਂ ਨਾ ਕੀਤਾ ਤਾਂ stagnation ਹੋਵੇਗੀ। ਜਿਥੇ stagnation ਹੁੰਦੀ ਹੈ ਉਥੇ ਕਈ ਬੁਰੀਆਂ ਚੀਜ਼ਾਂ breed ਕਰਦੀਆਂ ਹਨ। ਜੇਕਰ ਇਥੇ stagnation ਹੋਵੇ ਤਾਂ ਸ਼ਾਇਦ ਇਹ ਕਮਿਊਨਿਸਟਾਂ ਦੇ ਹਕ ਵਿਚ ਜਾਵੇ ਕਿਉਂ ਜੋ ਕਮਿਊਨਿਸਟ ਤਾਂ ਇਹ ਚਾਹੁੰਦੇ ਹੀ ਹਨ ਕਿ ਇਥੇ stagnation ਹੋਏ। ਜੇਕਰ ਇਥੇ ਇਹ ਚੀਜ਼ ਨਾ ਕੀਤੀ ਜਾਵੇ ਕਿ ਜਿਨ੍ਹਾਂ ਪਾਸ ਮਕਾਨ ਨਹੀਂ ਹਨ ਉਨ੍ਹਾਂ ਨੂੰ ਮਕਾਨ ਦਿਲਾਉਣ ਦੀ ਕੋਸ਼ਿਸ਼ ਕੀਤੀ ਜਾਵੇ, ਜਿਨ੍ਹਾਂ ਪਾਸ ਜ਼ਮੀਨ ਨਹੀਂ ਹੈ ਉਨ੍ਹਾਂ ਨੂੰ ਜ਼ਮੀਨ ਦਿਲਾਈ ਜਾਵੇ ਤਾਂ ਇਸ ਤਰ੍ਹਾਂ ਅਸਾਂ ਉਸ ਪਾਰਟੀ ਦੇ ਹਥ ਮਜ਼ਬੂਤ ਕਰਦੇ ਹਾਂ। ਇਹ party ਤਾਂ ਇਨ੍ਹਾਂ ਚੀਜ਼ਾਂ ਤੇ ਨਜ਼ਰ ਲਗਾਈ ਬੈਠੀ ਹੈ। ਜੇਕਰ ਅਸਾਂ ਕੋਈ

4—00 p.m.

progressive legislation ਨਹੀਂ ਲਿਆਵਾਂਗੇ ਤਾਂ ਅਸੀਂ ਉਨ੍ਹਾਂ ਦੇ ਹਥ ਮਜ਼ਬੂਤ ਕਰਾਂਗੇ । ਇਸ ਲਈ ਇਹ ਜਿਹੜਾ ਮਤਾ ਇਸ ਵੇਲੇ ਹਾਊਸ ਦੇ ਸਾਹਮਣੇ ਹੈ ਇਸ ਨੂੰ ਪਾਸ ਕਰਨਾ ਚਾਹੀਦਾ ਹੈ ।

श्री कर्म चन्द सिधू : यह सब ज़बानी बातें हैं । पहले ज़मीन की ceiling तो मुकर्रर करो)

ਸਰਦਾਰ ਦਰਬਾਰਾ ਸਿੰਘ : ਚੇਅਰਮੈਨ ਸਾਹਿਬ, ਪਿਛਲੀ ਵੇਰ ਮੈਂ ਇਥੇ general administration ਤੇ ਬੋਲਦੇ ਹੋਏ ਇਕ ਮਿਸਾਲ ਦਿੱਤੀ ਸੀ । ਕਿਸੇ ਸਜਨ ਨੇ ਇਕ ਆਨੇ ਦੇ ਰਾ ਜਾਮਣ ਲਏ ਸਨ । ਕਿਉਂਕਿ ਰਾ ਜਾਮਣ ਕਾਲੇ ਹੁੰਦੇ ਨੇ ਉਨ੍ਹਾਂ ਵਿਚ ਇਕ ਕਾਲਾ ਭੂੰਡ ਵੀ ਆ ਗਿਆ ਸੀ । ਉਸ ਨੂੰ ਉਸ ਭੂੰਡ ਦਾ ਪਤਾ ਨਾ ਲਗਾ । ਜਿਸ ਵੇਲੇ ਉਹ ਜਾਮਣ ਖਾਣ ਲਗਾ ਅਤੇ ਜਿਸ ਵੇਲੇ ਉਹ ਭੂੰਡ ਉਸ ਦੇ ਮੂੰਹ ਵਿਚ ਆਇਆ ਤਾਂ ਉਹ ਚੀਂ, ਚੀਂ ਕਰਨ ਲਗਾ । ਤਾਂ ਉਹ ਸਜਨ ਕਹਿਣ ਲਗਾ "ਕਿ ਚੀਂ ਕਰ, ਮੀਂ ਕਰ ਕਾਲੇ ਜਾਮਣ ਛਡੂ ਨਾਂ ।" ਮੈਂ ਕਹਿੰਦਾ ਹਾਂ ਕਿ ਅਜੇ ਵੀ ਤੁਸਾਂ ceiling ਦੀ ਗੱਲ ਕਰਦੇ ਹੋ । ਹੁਣ ਜਿਹੜਾ surplus area ਲਿਆ ਜਾ ਰਿਹਾ ਹੈ, ਜਿਹੜਾ 30 standard ਏਕੜ ਤੋਂ ਉਪਰੰਤ ਕਿਸੇ ਦੀ ਜ਼ਮੀਨ ਹੋਵੇਗੀ ਉਹ ਅਸਾਂ ਲੈ ਕੇ landless tenants ਨੂੰ ਦਿੱਤੀ ਹੈ । ਇਸ ਦਾ ਮਤਲਬ ਇਹ ਹੀ ਹੈ ਕਿ ਅਸਾਂ ਇਸ ਪਾਸੇ ਤੁਰੇ ਹਾਂ ਔਰ ਇਹ ਹਾਊਸ ਇਸ ਗੱਲ ਦਾ ਸ਼ਾਹਦ ਹੈ ਕਿ ਇਹ ਜਿਹੜੀ ਅਸੀਂ legislation ਬਣਾਈ ਹੈ ਇਸ ਦੇ ਹੁੰਦੇ ਹੋਏ ਇਹ ਕਹਿਣਾ ਕਿ 30 standard ਏਕੜ ਦੀ ceiling ਮੁਕੱਰਰ ਨਹੀਂ ਕੀਤੀ ਗਈ, ਠੀਕ ਨਹੀਂ ਹੈ । ਇਹ ਇਕ ਤਰ੍ਹਾਂ ਨਾਲ ceiling ਹੀ ਮੁਕੱਰਰ ਕੀਤੀ ਗਈ ਹੈ । ਮੈਂ ਕਹਿੰਦਾ ਹਾਂ ਕਿ ਇਸ resolution ਵਰਗੀ legislation ਦੇ ਮੈਂ ਹਕ ਵਿਚ ਹਾਂ । ਮੈਂ ਸਮਝਦਾ ਹਾਂ ਕਿ ਇਸ ਹਾਊਸ ਦਾ ਕੋਈ ਵੀ ਮੈਂਬਰ ਇਹੋ ਜਿਹਾ ਨਹੀਂ ਹੋਵੇਗਾ ਜਿਹੜਾ ਇਸ ਗੱਲ ਦੇ ਨਾਲ ਇਤਫਾਕ ਨਾ ਕਰਦਾ ਹੋਵੇ । (*Interruptions from the Opposition*) ਉਹ ਖੁਰਦ ਬੁਰਦ ਕਰਨ ਵਾਲੇ ਸਜਨ ਤੁਹਾਡੇ ਹੀ ਸਾਥੀ ਹੋ ਸਕਦੇ ਹਨ । ਜਿਤਨੇ ਇਸ ਹਾਊਸ ਦੇ ਸਾਡੇ ਪਾਸੇ ਦੇ ਮੈਂਬਰ ਹਨ ਉਹ ਸਾਰੇ ਇਸ ਦੇ ਹਕ ਵਿਚ ਹਨ । ਪਹਿਲੇ ਅਸਾਂ 30 standard ਏਕੜ ਤੋਂ ਉਪਰੰਤ ਦੇ area ਨੂੰ surplus area ਕਰਾਰ ਦੇ ਕੇ ਜ਼ਮੀਨ ਦੀ ceiling ਮੁਕੱਰਰ ਕਰ ਦਿੱਤੀ ਹੈ । ਹੁਣ ਇਸ ਮਤੇ ਰਾਹੀਂ ਅਸਾਂ ਇਹ ਕਰਨਾ ਚਾਹੁੰਦੇ ਹਾਂ ਕਿ ਕਿਸੇ ਦੇ ਇਕ ਮਕਾਨ ਤੇ ਇਕ ਦੁਕਾਨ ਨੂੰ ਛਡ ਕੇ ਬਾਕੀ ਦੇ ਮਕਾਨ ਤੇ ਦੁਕਾਨਾਂ ਉਨ੍ਹਾਂ ਗਰੀਬਾਂ ਨੂੰ ਤੇ ਮਜ਼ਦੂਰਾਂ ਨੂੰ, ਜਿਹੜੇ ਉਨ੍ਹਾਂ ਵਿਚ ਰਹਿੰਦੇ ਨੇ, ਮਿਲ ਸਕਣ । ਅਸੀਂ ਤਾਂ ਇਹ ਸਾਰੀਆਂ ਚੀਜ਼ਾਂ ਕਰ ਰਹੇ ਹਾਂ ਇਸ ਕਰ ਕੇ ਇਹ ਸਾਨੂੰ ਇਸ ਗੱਲ ਦਾ ਉਲਾਂਭਾ ਨਹੀਂ ਦੇ ਸਕਦੇ ਕਿ 30 standard acre ਦੀ ceiling ਮੁਕੱਰਰ ਨਹੀਂ ਕੀਤੀ । ਮੇਰਾ ਆਪਣਾ ਵਿਸ਼ਵਾਸ ਹੈ ਔਰ ਮੈਂ ਪੂਰੀ determination ਨਾਲ ਕਹਿੰਦਾ ਹਾਂ ਕਿ ਜ਼ਮੀਨ ਦੀ 30 standard ਏਕੜ ਦੀ ceiling ਹੋਣੀ ਚਾਹੀਦੀ ਹੈ ।

ਮੈਨੂੰ ਪਤਾ ਹੈ ਕਿ ਮੇਰੀ election ਦੇ ਵਿਚ ਇਨ੍ਹਾਂ ਵਿਚੋਂ ਕਈ ਸਜਨ ਉਥੇ ਕਹਿੰਦੇ ਰਹੇ ਹਨ ਕਿ producer ਤੇ consumer ਦੇ ਦਰਮਿਆਨ ਕੋਈ ਹੋਰ ਆਦਮੀ

[ਸਰਦਾਰ ਦਰਬਾਰਾ ਸਿੰਘ]

ਨਾ ਹੋਵੇ । ਜੋ ਕੁਝ ਉਹ ਉਥੇ ਕਰਦੇ ਰਹੇ ਹਨ ਉਹ ਜੇਕਰ ਮੈਂ ਦਸਾਂ ਤਾਂ ਇਹ ਝਟ ਝਗੜਾ ਪਾ ਲੈਣਗੇ । ਤਾਂ ਦਸੋ ਕਿ ਉਹ ਕਿਹੜੀ progressive party ਹੈ ਜੋ ਇਸ ਤਰ੍ਹਾਂ ਕਰਦੀ ਹੈ । ਇਹ legislation ਇਸ ਤਰ੍ਹਾਂ ਦੀ ਆ ਰਹੀ ਹੈ ਕਿ ਜਿਸ ਨਾਲ ਕਿਸੇ ਖਾਸ ਤਬਕੇ ਦੇ ਲੋਕਾਂ ਨੂੰ ਨੁਕਸਾਨ ਨਹੀਂ ਪਹੁੰਚਣਾ । ਇਥੇ ਕੋਈ agrisculturists ਤੇ non-agriculturists ਦਾ ਸਵਾਲ ਨਹੀਂ । ਇਹ ਤਾਂ ਕਿਸੇ ਵਿਅਕਤੀ ਦੇ right ਦੀ ਚੀਜ਼ ਹੈ । ਇਨ੍ਹਾਂ ਸਾਰੀਆਂ ਚੀਜ਼ਾਂ ਤੇ consideration ਹੋਣੀ ਚਾਹੀਦੀ ਹੈ ਕਿ ਜੋ ਜ਼ਮੀਨ ਹੈ ਜਿਨ੍ਹਾਂ ਪਾਸ ਉਸਦਾ ਅਧੀਕਾਰ ਨਹੀਂ ਹੈ ਉਸਦਾ ਸਾਰਿਆਂ ਨੂੰ ਅਧਿਕਾਰ ਦਿੱਤਾ ਜਾਵੇ । ਉਨ੍ਹਾਂ ਲੋਕਾਂ ਨੂੰ ਰੋਟੀ ਦਿੱਤੀ ਜਾਵੇ ਜਿਨ੍ਹਾਂ ਪਾਸ ਰੋਟੀ ਨਹੀਂ ਹੈ । ਉਨ੍ਹਾਂ ਨੂੰ ਮਕਾਨ ਦਿਤੇ ਜਾਣ ਜਿਨ੍ਹਾਂ ਪਾਸ ਮਕਾਨ ਨਹੀਂ ਹਨ । ਜੇਕਰ ਇਹ ਸਰਕਾਰ ਲੋਕਾਂ ਨੂੰ ਰੋਟੀ, ਮਕਾਨ ਤੇ ਕਪੜਾ ਨਹੀਂ ਦੇ ਸਕਦੀ ਤਾਂ ਇਹ ਕਾਇਮ ਕਿਸ ਤਰ੍ਹਾਂ ਰਹਿ ਸਕਦੀ ਹੈ । ਇਸ ਲਈ ਮੈਂ ਉਮੀਦ ਕਰਦਾ ਹਾਂ ਕਿ ਇਹ ਜਿਹੜਾ ਮੱਤਾ ਆਇਆ ਹੈ ਇਸ ਨੂੰ ਸਾਰੇ ਮੈਂਬਰ ਮਿਲ ਕੇ ਪਾਸ ਕਰਨਗੇ ।

ਸਰਦਾਰ ਧੰਨਾ ਸਿੰਘ ਗੁਲਸ਼ਨ (ਪੱਕਾ ਕਲਾਂ ਰਿਜ਼ਰਵਡ਼) : ਚੇਅਰਮੈਨ ਸਾਹਿਬ, ਇਹ ਜਿਹੜਾ ਮਤਾ ਗਿਆਨੀ ਕਰਤਾਰ ਸਿੰਘ ਵਲੋਂ ਪੇਸ਼ ਹੈ ਮੈਂ ਇਸ ਦੀ ਤਾਈਦ ਕਰਨ ਵਾਸਤੇ ਖੜਾ ਹੋਇਆ ਹਾਂ । ਅਜ ਇਹ ਨਾਰਾ ਆਮ ਲਾਇਆ ਜਾ ਰਿਹਾ ਹੈ ਕਿ ਧਨ ਔਰ ਧਰਤੀ ਬਟ ਕੇ ਰਹੇਗੀ । ਇਸ ਤਰ੍ਹਾਂ ਧਨ ਤੇ ਧਰਤੀ ਬਟਣ ਨਾਲ ਉਸ ਆਦਮੀ ਨੂੰ ਜਿਸ ਪਾਸ ਖਾਉਣ ਨੂੰ ਰੋਟੀ ਨਹੀਂ ਤੇ ਉਹ ਧਨ, ਧਰਤੀ ਤੇ ਮਕਾਨ ਤੋਂ ਖਾਲੀ ਬੈਠਾ ਹੈ, ਉਸ ਨੂੰ ਧਨ ਅਤੇ ਧਰਤੀ ਬਟਣ ਨਾਲ ਰੋਟੀ ਪੁਜੇਗੀ । ਇਸ ਮਤੇ ਵਿਚ ਸ਼ਹਿਰਾਂ ਤੇ ਨਾ-ਸ਼ਹਿਰਾਂ ਦਾ ਸਵਾਲ ਨਹੀਂ । ਪਿੰਡਾਂ ਵਿਚ ਵੀ ਵੇਖਿਆ ਗਿਆ ਹੈ ਕਿ ਬਹੁਤ ਸਾਰੇ ਬੜੇ ਬੜੇ ਆਦਮੀ ਉਥੇ ਹਨ ਜਿਹੜੇ ਬੜੇ ਧਨੀ ਹਨ, ਉਨ੍ਹਾਂ ਦੀ ਪਿੰਡ ਵਿਚ ਵੀ ਬੜੀ ਜਾਏਦਾਦ ਹੈ, ਉਥੇ ਉਨ੍ਹਾਂ ਪਾਸ ਧਰਤੀ ਵੀ ਹੈ ਤੇ ਮਕਾਨ ਵੀ ਉਨ੍ਹਾਂ ਉਥੇ ਬਣਾਏ ਹੋਏ ਹਨ । ਇਸ ਤੋਂ ਅਲਾਵਾ ਉਨ੍ਹਾਂ ਬਹੁਤ ਸਾਰੇ ਮਕਾਨ ਸ਼ਹਿਰਾਂ ਵਿਚ ਵੀ ਬਣਾਏ ਹੋਏ ਹਨ ਔਰ ਦੁਕਾਨਾਂ ਵੀ ਬਣਾਈਆਂ ਹੋਈਆਂ ਹਨ । ਉਨ੍ਹਾਂ ਨੂੰ ਉਨ੍ਹਾਂ ਮਕਾਨਾਂ ਦਾ ਕਰਾਇਆਂ ਆਉਂਦਾ ਹੈ ਔਰ ਦੁਕਾਨਾਂ ਦਾ ਕਰਾਇਆ ਵੀ ਆਉਂਦਾ ਹੈ । ਇਸ ਤਰ੍ਹਾਂ ਉਨ੍ਹਾਂ ਨੂੰ ਹਜ਼ਾਰਾਂ ਰੁਪਏ ਮਾਹਵਾਰ ਦੀ ਕਰਾਏ ਦੀ ਆਮਦਨੀ ਹੁੰਦੀ ਹੈ, ਦੁਕਾਨਾਂ ਤੋਂ ਵਖਰੀ ਤੇ ਮਕਾਨਾਂ ਤੋਂ ਵਖਰੀ । ਫਿਰ ਜੇ ਉਨ੍ਹਾਂ ਦੇ ਦੋ ਚਾਰ ਪੁਤਰ ਪੋਤਰੇ ਹੁੰਦੇ ਹਨ, ਉਨ੍ਹਾਂ ਵਿਚੋਂ ਵੀ ਕਿਸੇ ਨੂੰ ਉਨ੍ਹਾਂ ਨੇ ਡਾਕਟਰੀ ਪੜ੍ਹਾ ਕੇ ਕਿਸੇ ਨੂੰ engineering college ਵਿਚ ਪੜ੍ਹਾ ਕੇ ਨੌਕਰੀ ਵਿਚ ਲਗਵਾਇਆ ਹੋਇਆ ਹੈ । ਇਸ ਤਰ੍ਹਾਂ ਇਕ ਪਾਸੇ ਨੌਕਰੀਆਂ, ਇਕ ਪਾਸੇ ਦੁਕਾਨਦਾਰੀ, ਇਕ ਪਾਸੇ ਜ਼ਮੀਨ ਦੀ ਆਮਦਨੀ ਤੇ ਇਕ ਪਾਸੇ ਮਕਾਨਾਂ ਤੇ ਦੁਕਾਨਾਂ ਦੇ ਕਰਾਏ ਉਹ ਲੈ ਰਹੇ ਹਨ ਅਤੇ ਹੋਰ ਵੀ ਕਈ ਅਦਾਰੇ ਉਹ ਚਲਾ ਰਹੇ ਹਨ, ਜਿਨ੍ਹਾਂ ਕਰਕੇ ਉਨ੍ਹਾਂ ਨੂੰ ਹਜ਼ਾਰਾਂ ਰੁਪਿਆਂ ਦੀ ਆਮਦਨੀ ਆਉਂਦੀ ਹੈ । ਲੇਕਿਨ ਦੂਜੇ ਪਾਸੇ ਗਰੀਬ ਹਨ, ਜਿਨ੍ਹਾਂ ਪਾਸ ਰਹਿਣ ਨੂੰ ਮਕਾਨ ਵੀ ਨਹੀਂ ਹਨ । ਜੇ ਇਕ ਗਰੀਬ ਮਕਾਨ ਬਣਾਉਂਦਾ ਹੈ ਅਤੇ ਉਸ ਨੂੰ ਉਸਾਰਨ ਵੇਲੇ ਜੇਕਰ ਉਹ ਗਿਰ ਪੈਂਦਾ ਹੈ ਤਾਂ ਉਹ ਉਸ ਨਾਲ ਆਪਣੀ ਜਾਨ ਤੋਂ ਵੀ ਹਥ ਧੋ ਬਹਿੰਦਾ ਹੈ । ਕਈ ਗਰੀਬਾਂ ਪਾਸ ਤਾਂ ਆਪਣਾ ਮਕਾਨ ਹੀ ਨਹੀਂ ਹੁੰਦਾ । ਜਿਸ ਵੇਲੇ ਇਕ ਗਰੀਬ ਸਾਰਾ ਦਿਨ ਕੰਮ ਕਰਕੇ ਥਕਿਆ ਟੁਟਿਆ ਰਾਤ ਵੇਲੇ ਘਰ ਆਉਂਦਾ ਹੈ ਅਤੇ ਆਕੇ

ਜਿਸ ਘੁਰਲੀ ਵਿੱਚ ਉਹ ਪੈਂਦਾ ਹੈ ਉਸ ਦਾ ਕਰਾਇਆ ਵੀ ਉਸ ਨੂੰ 10 ਜਾਂ 15 ਰੁਪਏ ਹਰ ਮਹੀਨੇ ਦੇਣਾ ਪੈਂਦਾ ਹੈ। ਉਸ ਨੂੰ ਚੰਗਾ ਮਕਾਨ ਰਿਹਾਇਸ਼ ਲਈ ਮਿਲਦਾ ਹੀ ਨਹੀਂ। ਜੇਕਰ ਉਸ ਨੂੰ ਕੋਈ ਚੰਗਾ ਮਕਾਨ ਮਿਲ ਵੀ ਜਾਂਦਾ ਹੈ ਤਾਂ ਜਿਸ ਵੇਲੇ ਇਹ ਨਾਰਾ ਲਾਇਆ ਜਾਂਦਾ ਹੈ ਕਿ ਧਨ ਔਰ ਧਰਤੀ ਬਟ ਕੇ ਰਹੇਗੀ, ਤਾਂ ਉਸ ਵਾਸਤੇ ਉਸ ਦਾ ਰਹਿਣਾ ਵੀ ਮੁਸ਼ਕਲ ਹੋ ਜਾਂਦਾ ਹੈ ਕਿਉਂ ਜੋ ਮਾਲਕ ਮਕਾਨ ਦਾ ਜ਼ੋਰ ਵੀ ਮਾੜੇ ਹੀ ਆਦਮੀ ਤੇ ਪੈਂਦਾ ਹੈ ਜਿਹੜਾ ਉਸ ਦੇ ਮਕਾਨ ਦੇ ਵਿਚ ਬੈਠਾ ਹੋਇਆ ਹੁੰਦਾ ਹੈ। ਜਿਸ ਵੇਲੇ ਬਾਰਸ਼ ਪੈ ਰਹੀ ਹੁੰਦੀ ਹੈ, ਸਰਦੀ ਦੇ ਮਹੀਨੇ ਵਿਚ ਉਹ ਗਰੀਬ ਠੁਰੂ ਠੁਰੂ ਕਰ ਰਿਹਾ ਹੁੰਦਾ ਹੈ ਤਾਂ ਉਹ ਮਕਾਨ ਤੋਂ ਕੱਢਕੇ ਬਾਹਰ ਸੁਟ ਦਿੱਤਾ ਜਾਂਦਾ ਹੈ। ਚੇਅਰਮੈਨ ਸਾਹਿਬ, ਕੇਵਲ ਇਹ ਹੀ ਗੱਲ ਨਹੀਂ। ਇਥੇ ਜ਼ਮੀਨ ਵੰਡਣ ਲਈ ਇਹ ਗੱਲ ਕਹੀ ਜਾਂਦੀ ਹੈ ਕਿ ਜਿਨ੍ਹਾਂ ਪਾਸ ਪਿੰਡਾਂ ਦੇ ਪਿੰਡ ਜ਼ਮੀਨ ਹੈ ਉਹ ਉਨ੍ਹਾਂ ਵਿਚੋਂ 30 standard ਏਕੜ ਜ਼ਮੀਨ ਆਪਣੇ ਕੋਲ ਰਖਕੇ ਬਾਕੀ ਦੀ ਸਾਰੀ ਜ਼ਮੀਨ ਬੇਜ਼ਮੀਨੇ ਲੋਕਾਂ ਨੂੰ ਦੇ ਦੇਣ। ਇਸ ਵਿਚ ਉਸ ਤਬਕੇ ਦਾ ਗਿਲਾ ਸੀ। ਉਹ ਤਬਕਾ ਕਹਿੰਦਾ ਹੈ ਕਿ ਹਰ ਪਾਸਿਉਂ ਉਨ੍ਹਾਂ ਨੂੰ ਹੀ ਘੇਰਿਆ ਜਾਂਦਾ ਹੈ। ਉਨ੍ਹਾਂ ਤੇ ਹੀ ਮਾਲੀਆ, ਆਬੀਆਨਾ, ਲੋਕਲ ਰੇਟ ਤੇ ਹੋਰ ਕਈ ਤਰ੍ਹਾਂ ਦੇ tax ਲਗਾਏ ਜਾਂਦੇ ਹਨ ਪਰ ਦੂਜੇ ਲੋਕਾਂ ਤੇ ਕੋਈ tax ਨਹੀਂ ਲਗਾਏ ਜਾਂਦੇ। ਉਨ੍ਹਾਂ ਨੂੰ ਹੀ ਹਰ ਪਾਸਿਉਂ ਦਬਾਇਆ ਜਾ ਰਿਹਾ ਹੈ। ਕਈ ਭਰਾ ਸ਼ਹਿਰਾਂ ਅਤੇ ਪਿੰਡਾਂ ਦੇ ਖਿਆਲ ਨਾਲ ਗੱਲ ਕਰਦੇ ਹਨ ਅਤੇ ਕਹਿੰਦੇ ਹਨ ਕਿ ਸ਼ਾਇਦ ਇਹ ਸ਼ਹਿਰੀਆਂ ਨੂੰ ਨੁਕਸਾਨ ਪਹੁੰਚਾਏਗਾ। ਮੈਂ ਪਹਿਲਾਂ ਮਿਸਾਲ ਦਿੱਤੀ ਹੈ ਕਿ ਪਿੰਡਾਂ ਦੇ ਵੀ ਬਹੁਤ ਸਾਰੇ ਲੋਕ ਸ਼ਹਿਰਾਂ ਵਿਚ ਬਸੇ ਹੋਏ ਹਨ ਅਤੇ ਉਨ੍ਹਾਂ ਦੇ ਮਕਾਨ ਅਤੇ ਦੁਕਾਨਾਂ ਕਿਰਾਏ ਤੇ ਚਲਦੀਆਂ ਹਨ ਅਤੇ ਕਾਰਖਾਨੇ ਆਮਦਨ ਦਾ ਜ਼ਰੀਆ ਬਣੇ ਹੋਏ ਹਨ। ਸਵਾਲ ਤਾਂ ਸਿਰਫ ਲੋੜ ਦਾ ਹੈ। ਇਕ ਘਰ ਹੈ ਜਿਥੇ ਰੋਟੀ ਤੇ ਹੋਰ ਪਕਵਾਨ ਬੁਸ ਬੁਸ ਕੇ ਖਰਾਬ ਜਾਂਦੇ ਹਨ ਅਤੇ ਦੂਜਾ ਹੈ ਜਿਥੇ ਨਿਆਣੇ ਭੁੱਖੇ ਬਿਲਕਦੇ ਰਹਿੰਦੇ ਹਨ ਤੇ ਉਨ੍ਹਾਂ ਨੂੰ ਰੋਟੀ ਨਹੀਂ ਲਭਦੀ। ਇਕ ਪਾਸੇ ਝੌਂਪੜੀ ਵੀ ਨਸੀਬ ਨਹੀਂ ਅਤੇ ਦੂਜੇ ਬੰਨੇ 17, 17 ਜਾਂ 18, 18 ਮਕਾਨ ਕਿਰਾਏ ਤੇ ਚੜ੍ਹੇ ਹੋਏ ਹਨ। ਸੋ ਮੈਂ ਅਰਜ਼ ਕਰਾਂਗਾ ਕਿ ਜਿਵੇਂ ਬਿਸਵੇਦਾਰੀ ਅਤੇ ਸਰਮਾਏਦਾਰੀ ਨੂੰ ਖਤਮ ਕੀਤੇ ਜਾਣ ਦੀਆਂ ਸਕੀਮਾਂ ਹਨ ਉਸੇ ਤਰ੍ਹਾਂ ਮਕਾਨਦਾਰੀ ਵੀ ਖਤਮ ਹੋ ਜਾਣੀ ਚਾਹੀਦੀ ਹੈ ਕਿਉਂਕਿ ਇਸ ਦੇ ਨਾਲ ਹੀ ਬੇਘਰ ਲੋਕਾਂ ਦਾ ਮਸਲਾ ਹਲ ਹੋ ਸਕਦਾ ਹੈ। ਆਪ ਨੇ ਰਾਤ ਦੇ 12, 12 ਵਜੇ ਤਕ ਵਡੇ ਵਡੇ ਸ਼ਹਿਰਾਂ ਵਿਚ ਲੋਕ ਰੁਲਦੇ ਵੇਖੇ ਹੋਣਗੇ। ਮਜ਼ਦੂਰ ਸਾਰਾ ਦਿਨ ਕੰਮ ਕਰਦਾ ਹੈ ਅਤੇ ਰਾਤ ਨੂੰ ਦਰਖਤ ਦੀ ਛਾਵੇਂ ਪੈ ਰਹਿੰਦਾ ਹੈ ਬਾਕੀ ਇਸ ਵਿਚ ਵੀ ਸ਼ਕ ਨਹੀਂ ਕਿ ਕਈ ਪੇਂਡੂਆਂ ਨੇ ਅਤੇ ਕਈਆਂ ਮਜ਼ਦੂਰਾਂ ਨੇ ਵੀ ਕਾਰਖਾਨੇ ਅਤੇ ਮਕਾਨ ਬਣਾ ਲਏ ਹਨ। ਪਰ ਇਸ resolution ਦਾ ਤੁਆਲੁਕ ਸ਼ਹਿਰੀ ਜਾਂ ਪੇਂਡੂ ਨਾਲ ਨਹੀਂ ਹੈ ਸਗੋਂ ਸਿਰਫ ਲੋੜ ਨਾਲ ਹੈ। ਅਜ ਅਸੀਂ ਸਾਂਝੀਵਾਲਤਾ ਦਾ ਪ੍ਰੋਗਰਾਮ ਲੈਕੇ ਅਤੇ ਲੋਕਾਂ ਨੂੰ ਇਕ ਪਧਰ ਤੇ ਲਿਆਉਣ ਦਾ ਪ੍ਰੋਗਰਾਮ ਲੈ ਕੇ ਚਲੇ ਹਾਂ। ਲੋਕਾਂ ਦੀ ਕੁਲੀ ਗੁੱਲੀ ਅਤੇ ਜੁੱਲੀ ਦੇ ਮਸਲੇ ਨੂੰ ਹਲ ਕਰਨਾ ਹੈ ਅਤੇ ਇਹ ਇਸ ਤਰ੍ਹਾਂ ਹੀ ਹੋ ਸਕਦਾ ਹੈ ਕਿ ਜਿਸ ਪਾਸ ਜ਼ਿਆਦਾ ਹੈ ਉਸ ਤੋਂ ਲੈ ਕੇ ਗਰੀਬ ਜਿਸ ਪਾਸ ਇਹ ਨਹੀਂ ਉਸ ਨੂੰ ਦੇ ਸਕੀਏ। ਕੁਲੀ ਉਸ ਤੋਂ ਹੀ ਲਈ ਜਾਵੇਗੀ ਜਿਸ ਪਾਸ ਜ਼ਿਆਦਾ ਮਕਾਨ ਹਨ। ਜੁੱਲੀ ਉਸ ਪਾਸੋਂ ਜਿਸ ਦੇ ਕਾਰਖਾਨੇ ਵਿਚ

[ਸਰਦਾਰ ਧੰਨਾ ਸਿੰਘ ਗੁਲਸ਼ਨ]
ਲੱਖਾਂ ਦੀ ਗਿਣਤੀ ਵਿਚ ਗੰਠਾਂ ਤਿਆਰ ਹੁੰਦੀਆਂ ਹਨ ਅਤੇ ਇਸੇ ਤਰ੍ਹਾਂ ਗੁੱਲੀ ਵੀ ਉਸ ਪਾਸੋਂ ਹੀ ਲਈ ਜਾਵੇਗੀ ਜਿਸ ਪਾਸ ਇਹ ਜ਼ਿਆਦਾ ਹੈ । ਮੈਂ ਹਾਊਸ ਦਾ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਇਹ ਅਰਜ਼ ਕਰਾਂਗਾ ਕਿ ਅੱਜ ਸ਼ਹਿਰਾਂ ਵਿਚ ਉਹ ਲੋਕ ਜ਼ਿਆਦਾ ਬੇਘਰ ਹਨ ਜੋ ਪਾਕਿਸਤਾਨ ਤੋਂ ਇਕ ਬਾਰ ਬੇਘਰ ਹੋ ਕੇ ਆਏ ਹਨ । ਅਵੱਲ ਤਾਂ ਉਨ੍ਹਾਂ ਨੂੰ ਸ਼ਹਿਰਾਂ ਵਿਚ ਮਕਾਨ ਅਲਾਟ ਨਹੀਂ ਹੋਏ ਤੇ ਜੇਕਰ ਹੋਏ ਹਨ ਤੇ ਉਹ ਉਨ੍ਹਾਂ ਨੂੰ ਕਿਰਾਏ ਤੇ ਦਿੱਤੇ ਗਏ ਹਨ । ਇਹ ਲੋਕ ਕਿਰਾਇਆ ਨਾ ਦਿੱਤੇ ਜਾਣ ਕਰਕੇ ਉਥੋਂ ਕਢੇ ਗਏ ਜਾਂ ਹੋਰ ਥਾਵਾਂ ਤੋਂ ਮਾਲਕ ਮਕਾਨਾਂ ਦੁਵਾਰਾ ਕਢੇ ਗਏ। ਇਸ ਤਰ੍ਹਾਂ ਬਹੁਤ ਸਾਰੇ ਆਦਮੀਆਂ ਦਾ ਟਿਕਾਣਾ ਪੂਰੀ ਤਰ੍ਹਾਂ ਨਹੀਂ ਬਣ ਸਕਿਆ। ਇਸ ਲਈ ਇਸ ਮਤੇ ਨੂੰ ਪਾਸ ਕੀਤਾ ਜਾਣਾ ਚਾਹੀਦਾ ਹੈ ਅਤੇ ਮੈਂ ਸਦਨ ਦੇ ਮੈਂਬਰਾਂ ਅਗੇ ਅਪੀਲ ਕਰਾਂਗਾ ਕਿ ਇਸ ਮਤੇ ਨੂੰ ਪਾਸ ਕੀਤਾ ਜਾਵੇ ।

ਪੰਡਤ ਰਾਮ ਕਿਸ਼ਨ ਭੜੋਲੀਆਂ (ਉਨਾ): ਚੇਅਰਮੈਨ ਸਾਹਿਬ, ਗਿਆਨੀ ਜੀ ਨੇ ਜੋ resolution ਪੇਸ਼ ਕੀਤਾ ਹੈ, ਮੈਂ ਉਸ ਦੀ ਤਾਈਦ ਕਰਨ ਲਈ ਖੜਾ ਹੋਇਆ ਹਾਂ । (ਤਾੜੀਆਂ) ਲੇਕਿਨ ਮੈਨੂੰ ਖਤਰਾ ਇਹ ਹੈ ਕਿ ਕਿਤੇ ਮੁਦਈ ਸੁਸਤ ਤੇ ਗਵਾਹ ਚੁਸਤ ਵਾਲੀ ਗੱਲ ਨਾ ਹੋਵੇ ਅਤੇ ਬਾਅਦ ਵਿਚ ਇਸ resolution ਨੂੰ ਵਾਪਸ ਲੈ ਲਿਆ ਜਾਵੇ । (ਵਿਘਨ) ਚਾਹੀਦਾ ਤਾਂ ਇਹ ਹੈ ਕਿ ਜਦ ਇਸ House ਦੇ ਇਕ ਅਧ ਬੰਦੇ ਨੂੰ ਛਡ ਕੇ ਸਾਰੇ ਇਸ ਦੇ ਹਕ ਵਿਚ ਹਨ ਤਾਂ ਇਸ ਨੂੰ ਪਾਸ ਕਰ ਦਿੱਤਾ ਜਾਵੇ ਅਤੇ ਇਹ ਇਸੇ Session ਵਿਚ ਇਕ Act ਦੀ ਸੂਰਤ ਅਖਤਿਆਰ ਕਰ ਜਾਵੇ ।

ਪਹਿਲਾਂ ਮੈਨੂੰ ਇਹ ਤਜਰਬਾ ਸੀ ਕਿ ਪਿੰਡਾਂ ਦੇ ਵਡੇ ਵਡੇ ਜ਼ਮੀਂਦਾਰ, ਬਿਸਵੇਦਾਰ, landlords ਹੀ tenants ਨਾਲ ਹੇਰਾ ਫੇਰੀ ਕਰਦੇ ਹਨ ਲੇਕਿਨ ਹੁਣ ਪਤਾ ਲਗਦਾ ਹੈ ਕਿ ਸ਼ਹਿਰਾਂ ਵਿਚ ਵੀ ਜੋ ਗਰੀਬ ਲੋਕ ਕਿਰਾਏ ਦੇ ਮਕਾਨਾ ਵਿਚ ਰਹਿੰਦੇ ਹਨ ਉਨ੍ਹਾਂ ਦੀ ਬੜੀ ਬੁਰੀ ਹਾਲਤ ਹੈ। ਜਿਵੇਂ ਪਿੰਡਾ ਵਿਚ ਵਡੇ ਵਡੇ land lords ਕਾਨੂੰਨ ਦੀ ਮੌਜੂਦਗੀ ਵਿਚ ਹੀ ਹੇਰਾ ਫੇਰੀ ਰਾਹੀਂ ਮਸਲਨ ਗਲਤ ਗਿਰਦਾਵਰੀਆਂ ਲਿਖਾ ਕੇ ਜਾਂ ਹੋਰ ਢੰਗਾ ਨਾਲ ਮੁਜ਼ਾਰਿਆਂ ਨੂੰ ਬੇਦਖਲ ਕਰਾਉਂਦੇ ਹਨ . . . . .

ਮਾਲ ਮੰਤ੍ਰੀ : On a point of Order, Sir, ਗਿਰਦਾਵਰੀਆਂ ਦਾ ਇਸ resolution ਨਾਲ ਕੀ ਤਆਲੁਕ ਹੈ ?

ਪੰਡਤ ਰਾਮ ਕਿਸ਼ਨ ਭੜੋਲੀਆਂ : ਮੈਂ ਮਿਸਾਲ ਦੇ ਰਿਹਾ ਸੀ ਕਿ ਜਿਸ ਤਰ੍ਹਾਂ ਪਿੰਡਾਂ ਵਿਚ landlords ਦੀ class ਹੇਰਾਂ ਫੇਰੀਆਂ ਕਰਦੀ ਹੈ ਉਸ ਤਰ੍ਹਾਂ ਇਹ ਬੁਰਜੁਆਜੀ (Bourgeos) ਅਤੇ ਮਾਲਕ ਮਕਾਨ ਵੀ ਜੁਰਮ ਕਰ ਰਹੇ ਹਨ ।

Mr. Chairman : ਅਜ ਇਸੇ ਤੇ ਇਕਤਫਾ ਕਰੋ, ਬਾਕੀ ਬਾਅਦ ਵਿਚ ਕਹਿ ਲੈਣਾ । (Let the hon. Member content himself with what he has said and leave other matters for some other time.)

ਪੰਡਤ ਰਾਮ ਕਿਸ਼ਨ ਭੜੋਲੀਆਂ : ਮੈਂ ਤਾਂ ਜੀ ਸਿਰਫ ਇਹ ਕਹਿ ਰਿਹਾ ਹਾਂ ਕਿ ਜਿਸ ਤਰ੍ਹਾਂ landlords ਜਬਰੀ ਢੰਗਾ ਨਾਲ, ਕਿਤੇ ਫਰੇਖਤਗੀ ਦਖਾਲ ਕੇ, ਕਿਤੇ ਜ਼ਮੀਨ

ਜੰਗਲਾਤ ਦੇ ਹਵਾਲੇ ਦਖਾਲ ਕੇ ਮੁਜਾਰਿਆਂ ਨੂੰ ਕਢਦੇ ਹਨ ਇਸੇ ਤਰ੍ਹਾਂ ਵਡੇ ਵਡੇ ਮਕਾਨ ਮਾਲਕ ਵੀ ਕਰਦੇ ਹਨ। ਇਸ ਸਿਲਸਿਲੇ ਵਿਚ ਮੈਂ ਇਕ ਇਕ ਕਰਕੇ ਸਾਰੇ points ਆਪ ਦੇ ਸਾਹਮਣੇ ਰਖਦਾ ਹਾਂ।

(1) ਮਾਲਕ ਮਕਾਨ ਜਾਂ ਦੁਕਾਨ overseer ਜਾਂ engineer ਤੋਂ ਇਹ ਫਤਵਾ ਲੈ ਲੈਂਦਾ ਹੈ ਕਿ ਇਹ ਮਕਾਨ ਜਾਂ ਦੁਕਾਨ ਗਿਰਨ ਵਾਲੀ ਹੈ ਇਸ ਲਈ ਇਸ ਨੂੰ ਦੋਬਾਰਾ ਤਾਮੀਰ ਕਰਨ ਲਈ ਖਾਲੀ ਕਰਾ ਲਿਆ ਜਾਣਾ ਚਾਹੀਦਾ ਹੈ। ਇਸ ਬਹਾਨੇ ਮਕਾਨ ਖਾਲੀ ਕਰਾਏ ਜਾਂਦੇ ਹਨ।

(2) ਜਦ ਮੁਕਦਮਾ ਕਿਸੇ ਅਦਾਲਤ ਵਿਚ ਜਾਂਦਾ ਹੈ ਤਾਂ ਉਥੇ ਮਾਲਕ ਮਕਾਨ ਇਹ ਵਾਅਦਾ ਵੀ ਕਰ ਲੈਂਦਾ ਹੈ ਕਿ ਦੋਬਾਰਾ ਤਾਮੀਰ ਬਾਅਦ ਇਹ ਮਕਾਨ ਇਸੇ ਕਿਰਾਏਦਾਰ ਨੂੰ ਦਿੱਤਾ ਜਾਵੇਗਾ ਪਰ ਉਹ ਦਿੰਦਾ ਨਹੀਂ ਭਾਵੇਂ ਕਿਰਾਏਦਾਰ ਇਕ ਅਦਾਲਤ ਤੋਂ ਦੂਜੀ ਜਾਂ ਤੀਸਰੀ ਅਦਾਲਤ ਵਿਚ ਧਕੇ ਖਾਂਦਾ ਰਹੇ।

(3) ਫਿਰ ਮਾਲਕ ਮਕਾਨ ਕਿਰਾਏਦਾਰ ਤੇ ਇਹ ਇਲਜ਼ਾਮ ਲਗਾਉਂਦਾ ਹੈ ਕਿ ਉਸ ਨੇ ਮਕਾਨ ਜਾਂ ਦੁਕਾਨ ਦਾ ਕੁਝ ਹਿਸਾ sub-let ਕੀਤਾ ਹੋਇਆ ਹੈ ਇਸ ਬਹਾਨੇ ਕਿਰਾਏਦਾਰ ਨੂੰ ਬੇਦਖਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। (4) ਇਹ ਬੜਾ ਅੰਧੇਰ ਹੈ ਬਲਕਿ ਇਹ ਕਹਿਣਾ ਚਾਹੀਦਾ ਹੈ ਕਿ ਇਹ ਬੜਾ ਭਾਰੀ crime ਹੈ ਕਿ ਇਕ ਇਕ ਦੁਕਾਨ ਦਾ ਦੋ ਦੋ, ਚਾਰ ਚਾਰ ਜਾ ਕਈ ਵਾਰੀ 10, 10 ਹਜ਼ਾਰ ਪੇਸ਼ਗੀ ਜਿਸ ਨੂੰ ਪਗੜੀ ਦਾ ਨਾਮ ਦਿੱਤਾ ਗਿਆ ਹੈ, ਲਿਆ ਜਾਂਦਾ ਹੈ। ਇਸ ਤਰ੍ਹਾਂ black market ਹੁੰਦੀ ਹੈ। ਇਸ ਤਰ੍ਹਾਂ ਦੀ ਖਤਰਨਾਕ ਕਿਸਮ ਦੀ ਗੱਲ ਜ਼ਮੀਨ ਦਾ landlord ਨਹੀਂ ਕਰ ਸਕਦਾ। ਉਹ ਜ਼ਰਾ ਘਟੀਆ ਦਰਜੇ ਦੇ ਤਰੀਕੇ ਇਖਤਿਆਰ ਕਰਦਾ ਹੈ। ਇਹ ਨਗਦੀ ਦੀ ਸੂਰਤ ਵਿਚ ਪਗੜੀ ਲੈਂਦੇ ਹਨ। (5) ਬਾਜ਼ ਔਕਾਤ ਦੁਕਾਨ ਦਾ ਮਾਲਕ ਇਹ ਬਹਾਨਾ ਕਰਦਾ ਹੈ ਕਿ ਉਸ ਨੇ ਦੁਕਾਨ ਖੁਦ ਕਰਨੀ ਹੈ। ਅਸਲ ਵਿਚ ਉਹ ਦੁਕਾਨ ਨੂੰ ਚੰਗੀ ਚਲਦੀ ਵੇਖ ਕੇ ਜ਼ਿਆਦਾ ਕਿਰਾਇਆ ਚਾਹੁੰਦਾ ਹੈ ਅਤੇ ਇਹ ਬਹਾਨਾ ਲਾਕੇ ਕਹਿੰਦਾ ਹੈ ਕਿ ਇਸ ਨੂੰ ਖਾਲੀ ਕਰ ਦਿਉ। ਦੁਕਾਨਦਾਰ ਫਸਿਆ ਹੋਇਆ ਹੁੰਦਾ ਹੈ ਕਹਿੰਦਾ ਹੈ ਤੂੰ ਮੈਥੋਂ ਕਿਰਾਇਆ ਜ਼ਿਆਦਾ ਲੈ ਲੈ। ਜੋ ਅਸ਼ਟਾਮ ਕਚਹਿਰੀ ਵਿਚ ਲਿਖਿਆ ਹੈ ਤਾਂ ਉਹ ਕਹਿੰਦਾ ਹੈ ਕਿ ਉਸ ਨੂੰ ਉਸੇ ਤਰ੍ਹਾਂ ਰਹਿਣ ਦੇ ਤੇ ਕਿਰਾਇਆ ਜ਼ਿਆਦਾ ਲੈ ਲਿਆ ਕਰ।

ਇਸ ਦਾ ਨਤੀਜਾ, ਸ਼੍ਰੀਮਾਨ ਚੇਅਰਮੈਨ ਸਾਹਿਬ, ਇਹ ਹੁੰਦਾ ਹੈ ਕਿ ਉਹ ਮਾਲਿਕ ਮਕਾਨ ਜੋ ਵਡੇ ਵਡੇ ਸੇਠ ਨੇ ਅਤੇ ਜਿਨ੍ਹਾਂ ਦਾ ਅਸਰ ਰਸੂਖ ਬਹੁਤ ਹੈ ਉਹ ਇਸ ਤਰ੍ਹਾਂ ਪ੍ਰਾਪਰਟੀ ਟੈਕਸ ਤੋਂ ਬਚ ਜਾਂਦੇ ਹਨ ਅਤੇ ਹਾਊਸ ਟੈਕਸ ਤੋਂ ਵੀ ਬਚ ਜਾਂਦੇ ਹਨ ਇਸ ਤਰ੍ਹਾਂ ਸਰਕਾਰ ਦੇ ਖਜ਼ਾਨੇ ਵਿਚ ਹੀ ਘਾਟਾ ਨਹੀਂ ਪੈਂਦਾ ਸਗੋਂ ਮਯੂਨਿਸਪੈਲਟੀਆਂ ਦੇ ਖਜ਼ਾਨੇ ਨੂੰ ਵੀ ਘਾਟਾ ਪੈਂਦਾ ਹੈ। ਇਸ ਦਾ ਨੁਕਸਾਨ ਮਾਲਿਕ ਮਕਾਨ ਨੂੰ ਨਹੀਂ ਹੁੰਦਾ ਸਗੋਂ ਸਰਕਾਰੀ ਖਜ਼ਾਨੇ ਤੇ ਭਾਰੀ ਸਟ ਵਜਦੀ ਹੈ।

ਇਸ ਦੇ ਨਾਲ ਹੀ ਇਕ ਹੋਰ ਵੀ ਮੁਸ਼ਕਲ ਇਹ ਹੈ ਕਿ ਕਿਰਾਏਦਾਰ ਨੂੰ ਜਦੋਂ ਮੁਕਾਨ ਦੀ ਮੁੱਰਮਤ ਕਰਾਉਣ ਦੀ ਲੋੜ ਹੁੰਦੀ ਹੈ ਤਾਂ ਇਹ ਹਕ ਹੁੰਦਿਆਂ ਹੋਇਆਂ ਵੀ ਕਿ ਉਹ ਮੁਰਮਤ ਕਰਵਾ ਲਏ ਅਤੇ ਕਿਰਾਏ ਵਿਚੋਂ ਕਟ ਲਏ ਉਹ ਆਪਣੇ ਇਸ ਹਕ ਨੂੰ ਇਸਤੇਮਾਲ

[ਪੰਡਤ ਰਾਮ ਕਿਸ਼ਨ ਭੜੋਲੀਆਂ]

ਨਹੀਂ ਕਰ ਸਸਦਾ ਅਤੇ ਡਰਦਾ ਰਹਿੰਦਾ ਹੈ ਕਿ ਨਾ ਤਾਂ ਸਰਕਾਰ ਨੇ ਮੈਨੂੰ ਇਸ ਮੁਰਮਤ ਕਰਾਉਣ ਦੇ ਪੈਸੇ ਦੇਣੇ ਹਨ ਅਤੇ ਨਾ ਹੀ ਕਿਸੇ ਹੋਰ ਤਰ੍ਹਾਂ ਕਿਰਾਏ ਵਿਚੋਂ ਛੋਟ ਮਾਲਕ ਨੇ ਕਰਨੀ ਹੈ ਇਸ ਲਈ ਉਹ ਆਪ ਹੀ ਆਪਣੇ ਪਲਿਉਂ ਮੁਰਮਤ ਵੀ ਕਰਾਉਂਦੇ ਹਨ । ਇਸ ਤਰ੍ਹਾਂ, ਚੇਅਰਮੈਨ ਸਾਹਿਬ, ਮਾਲਕ ਮਕਾਨ ਜੋ ਕਾਫੀ ਹੁਸ਼ਿਆਰ ਹਨ ਅਤੇ ਹੋਣ ਵੀ ਕਿਉਂ ਨਾ, ਕਿਉਂਕਿ ਉਹ ਸਰਮਾਏਦਾਰ ਹਨ ਅਤੇ ਉਹ ਕਾਫੀ ਹੇਰਾ ਫੇਰੀ ਕਰਦੇ ਹਨ । ਉਨ੍ਹਾਂ ਦਾ ਕਮੇਟੀਆਂ ਦੇ ਅੰਦਰ ਅਤੇ ਡਿਸਟ੍ਰਿਕਟ ਬੋਰਡਾਂ ਦੇ ਅੰਦਰ ਕਾਫੀ ਅਸਰ ਰਸੂਖ ਹੁੰਦਾ ਹੈ ਇਸ ਲਈ ਉਹ ਇਕ ਹੋਰ ਚਾਲ ਵੀ ਚਲਦੇ ਹਨ ਕਿ ਮਯੂਨਿਸਪਲ ਕਮੇਟੀਆਂ ਪਾਸੋਂ ਹੀ ਇਹ ਰੈਜ਼ੋਲਿਊਸ਼ਨ ਪਾਸ ਕਰਵਾ ਲੈਂਦੇ ਹਨ ਕਿ ਇਹ ਮਕਾਨ ਜਲਦੀ ਗਿਰਾਇਆ ਜਾਵੇ ਕਿਉਂਕਿ ਇਸ ਦੇ ਡਿਗਣ ਦਾ ਖਤਰਾ ਹੈ ਅਤੇ ਜਾਨ ਤੇ ਮਾਲ ਨੂੰ ਖਤਰਾ ਹੈ ।

ਇਥੇ ਇਕ ਇਹ ਵੀ ਆਰਗੂਮੈਂਟ ਦਿੱਤੀ ਗਈ ਕਿ ਪਾਕਿਸਤਾਨ ਬਣਨ ਤੋਂ ਬਾਅਦ ਬਹੁਤ ਸਾਰੇ ਲੋਕੀਂ ਇਧੱਰ ਆਏ ਸਨ ਇਸ ਲਈ ਮਕਾਨਾਂ ਦੀ ਤੰਗੀ ਹੋ ਗਈ ਸੀ, ਇਸ ਲਈ ਜੇਕਰ ਇਸ ਰੈਜ਼ੋਲਿਊਸ਼ਨ ਨੂੰ ਪਾਸ ਕਰ ਦਿੱਤਾ ਗਿਆ ਤਾਂ ਇਸ ਦਾ ਨਤੀਜਾ ਇਹ ਨਿਕਲੇਗਾ ਕਿ ਪੰਜਾਬ ਵਿਚ ਅਗਾਂਹ ਤੋਂ ਮਕਾਨ ਬਣਨੇ ਬੰਦ ਹੋ ਜਾਣਗੇ । ਮੈਂ ਇਹ ਸਮਝਦਾ ਹਾਂ ਕਿ ਇਸ ਦਲੀਲ ਵਿਚ ਕੋਈ ਵਜ਼ਨ ਨਹੀਂ । ਕਿਉਂ ਕਿ ਸਰਕਾਰ ਦਾ ਇਹ ਕੰਮ ਹੈ ਕਿ ਉਜੜ ਕੇ ਆਏ ਲੋਕਾਂ ਨੂੰ ਮਕਾਨ ਦੇਵੇ । ਅਤੇ ਆਪਣੇ ਪਾਸ ਤੋਂ ਮਕਾਨ ਬਣਾ ਕੇ ਦੇਵੇ, ਕੀ ਸਰਕਾਰ ਦਾ ਇਹ ਫਰਜ਼ ਨਹੀਂ ਬਣਦਾ ਕਿ ਪਾਕਿਸਤਾਨ ਤੋਂ ਆਏ ਹੋਏ ਲੋਕਾਂ ਨੂੰ, ਜਿਨ੍ਹਾਂ ਪਾਸ ਆਪਣੇ ਮਕਾਨ ਨਹੀਂ ਹਨ, ਉਨ੍ਹਾਂ ਨੂੰ ਮਕਾਨ ਬਣਾ ਕੇ ਦੇਵੇ । ਸਰਕਾਰ ਨੂੰ ਤਾਂ ਚਾਹੀਦਾ ਹੈ ਕਿ ਉਹ ਛੋਟੇ ਛੋਟੇ ਮਕਾਨ ਬਣਾ ਕੇ ਲੋਕਾਂ ਨੂੰ ਜਿਨ੍ਹਾਂ ਪਾਸ ਮਕਾਨ ਨਹੀਂ ਹਨ ਥੋੜੀਆਂ ਥੋੜੀਆਂ ਕਿਸ਼ਤਾਂ ਤੇ ਅਤੇ ਲੰਬੇ ਅਰਸੇ ਦੀਆਂ ਕਿਸ਼ਤਾਂ ਤੇ ਦੇਵੇ ਅਤੇ ਇਸ ਰਕਮ ਤੇ ਜੋ ਸਰਕਾਰ ਵਲੋਂ ਇਸ ਪਖ ਵਿਚ ਖਰਚ ਕੀਤੀ ਜਾਵੇ ਕੇਵਲ ਨਾਮ ਨਿਹਾਦ ਹੀ ਸੂਦ ਲਿਆ ਜਾਵੇ । ਇਹ ਨਹੀਂ ਕਿ ਇਸ ਰਕਮ ਤੇ ਬਹੁਤ ਭਾਰੀ ਸੂਦ ਲਾ ਦਿੱਤਾ ਜਾਵੇ । ਇਸ ਨਾਲ ਨਾ ਤਾਂ ਮਕਾਨਾਂ ਦੀ ਦਿਕੱਤ ਆਵੇਗੀ ਅਤੇ ਨਾ ਹੀ ਕਿਰਾਏ ਦਾਰਾਂ ਨੂੰ ਮਕਾਨ ਲੈਣ ਵਿਚ ਕੋਈ ਮੁਸ਼ਕਲ ਪੇਸ਼ ਆਵੇਗੀ ।

ਇਥੇ, ਸ਼੍ਰੀਮਾਨ ਚੇਅਰਮੈਨ ਸਾਹਿਬ, ਮੈਨੂੰ ਅਜੇ ਵੀ ਸਰਕਾਰ ਤੇ ਭਰੋਸਾ ਨਹੀਂ ਆਉਂਦਾ ਮੈਨੂੰ ਡਰ ਹੈ ਉਹ ਇਸ ਵੇਲੇ ਵੀ ਇਸ ਮਤੇ ਤੇ ਜਵਾਬ ਦੇਣ ਲਗਿਆਂ ਆਪਣੀਆਂ ਦੋ ਟੋਲੀਆਂ ਵਿਚ ਸਮਝੌਤਾ ਨਾ ਕਰਾਲਵੇ । ਅਜ ਦੀ ਸਰਕਾਰ ਦੋ ਟੋਲੀਆਂ ਦੀ ਮਿਲ ਕੇ ਬਣਾਈ ਗਈ ਸਰਕਾਰ ਹੈ । ਇਕ ਲੈਂਡ ਲਾਰਡਜ਼ ਹਨ ਅਤ ਦੂਜੇ ਬ੍ਰਿਜੂਆ ਸਮਾਜ । ਜੇ ਕਰ ਕਿਤੇ ਜਗੀਰਦਾਰ ਤੇ ਹਮਲਾ ਕੀਤਾ ਜਾਂਦਾ ਹੈ ਤਾਂ ਬ੍ਰਿਜੂਆ ਖੁਸ਼ ਹੁੰਦਾ ਹੈ ਤੇ ਜੇ ਕਿਤੇ ਬ੍ਰਿਜੂਆ ਸਮਾਜ ਤੇ ਹਮਲਾ ਹੋਵੇ ਤਾਂ ਦੂਜਾ ਧੜਾ ਖੁਸ਼ ਹੋ ਜਾਂਦਾ ਹੈ । ਇਸ ਲਈ ਡਰ ਹੈ ਕਿ ਕਿਤੇ ਦੋਵੇਂ ਇਸ ਮਤੇ ਤੇ ਮਸਝੌਤਾ ਨਾ ਕਰ ਲੈਣ ਅਤੇ ਮੈਨੂੰ ਡਰ ਹੀ ਨਹੀਂ ਮੈਨੂੰ ਯਕੀਨ ਹੈ ਕਿ ਇਹ ਇਸ ਤਰ੍ਹਾਂ ਦਾ ਕੋਈ ਸਮਝੌਤਾ ਕਰ ਲੈਣਗੇ ਅਤੇ 80 ਫੀ ਸਦੀ ਜਨਤਾ ਦੀ ਆਵਾਜ਼ ਦੀ ਪਰਵਾਹ ਨਹੀਂ ਕਰਨਗੇ । ਜਿਵੇਂ ਕਿ ਰੂਲਿੰਗ ਪਾਰਟੀ ਦੇ ਸੈਕਟਰੀ ਨੇ ਹਊਸ ਵਿਚ ਇਸ ਗੱਲ ਵਲ ਇਸ਼ਾਰਾ ਵੀ ਕੀਤਾ ਸੀ ਇਸ ਲਈ ਕਿਤੇ ਇਹ ਨਾ ਹੋਵੇ ਕਿ ਇਹ ਦੋਵੇਂ ਚੀਜ਼ਾਂ ਮਿਲ ਜਾਣ ਅਤੇ ਇਹ ਮਤਾ

ਪਾਸ ਹੋਣੋ ਰਹਿ ਜਾਵੇ । ਇਸ ਲਈ ਮੈਂ ਇਹ ਅਰਜ਼ ਕਰਾਂਗਾ ਕਿ ਇਸ ਸੂਬੇ ਦੀ ਤਰੱਕੀ ਲਈ ਇਹ ਜ਼ਰੂਰੀ ਹੈ ਕਿ ਇਸ ਮਤੇ ਨੂੰ ਪਾਸ ਕਰ ਦਿੱਤਾ ਜਾਵੇ । ਇਹ ਅਰਜ਼ ਕਰਨੀ ਮੈਂ ਜ਼ਰੂਰੀ ਸਮਝਦਾ ਸਾਂ । ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਦਾ ਹਾਂ ।

Sardar Umrao Singh : Sir, the question may now be put.

Mr. Chairman : Let one more member speak.

पंडित भागीरथ लाल शास्त्री (पठानकोट) : आज इस सदन में जो प्रस्ताव ज्ञानी बखतावर सिंह ने पेश किया है मैं उसका अनुमोदन करने के लिए खड़ा हुआ हूं । आज यह बात किसी से भूली हुई नहीं कि इनसान को बुनियादी तौर पर पांच चीज़ों को निहायत ज़रूरत है और हरेक देश में इन पांच आवश्यकताओं को मुहैया करना उस देश की सरकार का आवश्यक कर्त्तव्य है । यह चीज़ें क्या हैं ?

सब से पहली चीज़ अन्न है । पैदा होते ही बच्चे के पालन के लिए तथा उसकी शारीरिक रक्षा करने के लिए अन्न की आवश्यकता होती है इसके बिना जीवन को आगे चलाना कठिन है ।

दूसरी आवश्यकता कपड़े की है । बच्चा चाहे दूध पीता हो या कोई युवक हो उसको तन ढांपने के लिए कपड़े की आवश्यकता है ।

तीसरी आवश्यकता इनसान के लिए निवास के लिए स्थान की है । जहां वह वर्षा तथा ग्रीष्म ऋतु में अपने तन को सुरक्षित कर सके । इसे आप चाहे कुल्ली कह लें, घर कह लें या महल कह लें, चाहे जो भी नाम रख लें इस की आवश्यकता भी इनसान के लिए प्रबल है ।

इन तीन आवश्यकताओं के साथ साथ एक और चौथी आवश्यकता भी है वह यह कि कभी बीमारी हो या शरीर रोगी हो जाए तो किसी औषधि का होना ज़रूरी है । शरीर को निरोग रखने के लिए चिकित्सा का प्रबन्ध अवश्य होना चाहिए ।

और पांचवी जगह पर शिक्षा आती है । जिस देश के अन्दर उत्पन होने वाले बच्चों को इन पांचों प्रकार की सहूलियतें तथा सुविधाएं प्राप्त न हों वह देश कभी भी उन्नत नहीं कहा जा सकता । कोई सरकार जो देश की गवर्नमेंट हो, अगर यह पांचों चीजें मुहैया नहीं कर सकती तो उस गवर्नमेंट को गवर्नमेंट नहीं कहा जा सकता । और इस पर उसे फैंका जा सकता है । इन हालात के अन्दर जब कि पांच चीज़ों की आवश्यकता हो उन में से अगर एक चीज़ के लिए प्रस्ताव पेश किया जाए तो यह हम सबका कर्त्तव्य बन जाता है कि हम इसका समर्थन करें ।

यह जो resolution पेश किया गया है इसका सम्बन्ध उन लोगों से है, जो मुद्दतों से बल्कि मैं क्या कहूं जब से दुनियां खड़ी है, जब से ब्रह्मा ने इस सृष्टि की रचना की है, बेघर हैं इस resolution का तात्पर्य उन बेचारों को घर नसीब हो सके । इस प्रस्ताव के लाने की क्या आवश्यकता पड़ी ? यह इस लिए पड़ी कि क्योंकि आज तक किरायेदारों के साथ

[पंडित भागीरथ लाल शास्त्री]

बुरा सलूक होता आया है। मामूली मामूली बात पर मालिक मकान किराएदार को तंग करने लग जाते हैं। इस के सम्बन्ध में मैं कितनी मिसालें आप को दूं? खैर एक बात आपको बता देना चाहता हूं कि एक मकान वाले ने किराएदार से इस लिए झगड़ा मोल ले लिया कि किराएदार की बीवी ने फर्श पर नमक कूटा, जिसके फलस्वरूप फर्श में एक जगह तेड़ आ गई थी। (प्रशंसा) झगड़ा बहुत बढ़ गया और मालिक ने किरायादार को मकान खाली कर देने को कहा। हमने भी मालिक मकान की मिन्नत की कि तू फर्श पर तेड़ आ जाने के लिए कुछ जुर्माना लगा दे, लेकिन उस मालिक मकान ने न माना और झगड़ा बहुत बढ़ा दिया। तो इस ढंग से और इस तरह की तरकीबों से मालिक मकान किरायेदारों को तंग करते हैं। और भी कई तरह की ज्यादतियां मालिक मकान करते रहते हैं जिनका जिक्र मैं इस हाउस के अन्दर नहीं करना चाहता। यहां पर यह कहना मैं आवश्यक समझता हूं कि किराएदार उस श्रेणी के हैं जिन्हें मुद्दत से कभी इस बात का अभिमान नहीं हुआ कि वह मकान के मालिक हैं आज तक कभी वह अपने हृदय पर हाथ रख कर नहीं कह सकते कि हम भी घर वाले हैं। इन हालात को देखते हुए यह जो resolution पेश किया गया है मैं इसका अनुमोदन करता हूं, ताईद करता हूं। लेकिन चेयरमैन साहिब, इस चीज के लिए मैं एक कदम और आगे आना चाहता हूं और कहना चाहता हूं कि एक तो ऐसे लोग हैं जिन की जेबों में पैसे हैं और उनके पास किराया देने की शक्ति है। वह किराया देकर मकानों में रह सकते हैं और मकान खरीद सकते हैं। परन्तु कई ऐसे भी हैं जिन के पास मकान की आवश्यकता होने पर भी किराया देने के लिए पैसे नहीं हैं। एक दो नहीं लाखों इस प्रकार के भी इन्सान हैं जिन्हें रात को सितारों की छाया में सोना पड़ता है। नदियों के किनारे, सड़कों की पटड़ियों पर, रेलवे स्टेशनों के Platforms पर, आप इन बेचारे बेघर लोगों को देख सकते हैं। फिर यहीं पर बस नहीं। यह अपना सिर छुपाने के लिए जहां घोड़े बांधे जाते हैं और जो municipal committees और district boards की तरफ से टांगों के ठहरने के लिए अड्डे बनाए गए हैं, वहां पड़े रहते हैं। इस की मिसाल और क्या बतलाऊं। चेयरमैन साहिब, आपको भी पता ही होगा जब आप इलैकशन के दौरान पठानकोट गये थे तो वहां पर आप ने देखा था कि वहां पर स्यालकोट से आये हुए 500 हरिजनों के घराने थे जो कि नदी के किनारे पड़े हुए थे, और उस वक्त आप ने उन से कुछ वायदा भी किया था, जो मैं आपको स्मरण कराता हूं। आज आप इस वक्त चेयरमैन की कुर्सी पर बैठे हुए हैं। मैं आप को बताता हूं कि आज ऐसे भी लोग हैं जिन के पास तन ढकने के लिये सरदियों में कपड़ा ही नहीं है, और गरमियों में वह अपनी गुजर दरख्तों के तले और वृक्षों के साये में करते हैं। और जब सरदी पड़ती है तो वह दिन को धूप में बैठे रहते हैं और रात को आवारा अपने आप को ढांपते फिरते रहते हैं। और मैं क्या कहूं! इस राजधानी के अन्दर जिस में कि करोड़ों रुपया खर्च किया जा रहा है, क्या इस हाउस के मैंबरान देखते नहीं कि उन के लिए पीने के पानी का इन्तजाम कहीं नहीं है और रोटी पकाने की जगह कहीं नहीं और है और जहां वे एक कुल्ली में रोटी पकाते हैं, वहीं पर ही वे सोते हैं, और इन कुल्लियों के लिए भी कोई जगह नहीं है। आज यह अगर इस जगह पर बनी हुई है तो अगली सुबा इन को वहां से उठा दिया जाता है और कहा जाता है कि आप अपना बोरिया बिस्तर उठा लो और यह प्लाट हमारे लिये खाली कर दो। बिल्कुल यही हालत पठानकोट के area की है। मैं इस पर

ज़्यादा न कहते हुए सिर्फ इतना कहना ज़रूरी समझता हूं कि यह तो ठीक है कि एक शख्स की एक दुकान है और एक मकान है जिस को वह ज़्यादा अच्छा समझे वह उसे छुड़ा ले मगर यह कैसे हो सकता है कि एक घर में 3 कमरे हैं, दो कमरे तो किराया पर हों और एक कमरे में मालिक मकान रह रहा हो। अच्छा मकान तो किसी और के पास हो और आधे में वह खुद रह रहा हो यह कैसे हो सकता है, मकान से मुराद यह होना चाहिये कि जो एक परिवार के लिये काफी हो। इस में एक रसोई हो, एक Latrine हो, एक bath हो और एक कमरा रहने के लिये हो यह मकान एक परिवार की रिहायश के लिये काफी कहला सकता है। लेकिन कई मकान ऐसे भी हैं जिन के अन्दर 15 कमरे हैं लेकिन उन में रहने वाले 5 आदमी हैं यह भी कोई मकान नहीं कहा जायेगा। बल्कि इसे हम कबूतर खाना कहेंगे। ऐसे मकानों में रोशनी होनी चाहिये और यह गरीबों को मिलने चाहियें और बेघरों को मिलने चाहियें। या जो लोग झोंपड़ियों में रहते हैं यह उन को मिलने चाहियें। जितनी देर तक हमारे लोगों के रहने के लिये मकान, खाने के लिये रोटी और पहनने के लिये कपड़ा इन तीन चीज़ों का पूरी तरह से इन्तज़ाम नहीं हो जाता, उस वक्त तक कांग्रेस का या महात्मा गांधी जी का जो आज़ादी प्राप्त करने का आदर्श था वह पूरा नहीं हो सकता। मुझे यह खबर पढ़ कर बड़ी खुशी हुई जब मैंने अखबार में पढ़ा कि पंडित नेहरू जी ने कपड़े पर से tax बहुत कम कर दिया है, यह बहुत ही खुशी की बात है। जहां उन्होंने कपड़े पर से टैक्स कम किया है वहां मैं यह भी कहूंगा कि उन के रहने के लिये भी कोई न कोई इन्तज़ाम किया जाये। यह कौन नहीं जानता कि आज़ादी मिलने से पहले हम कितनी बड़ी बड़ी डींगें मारा करते थे और कहा करते थे कि जब देश को आज़ादी मिल जायेगी तो एक भी आदमी देश के अन्दर भूखा नहीं रहेगा, हर तरफ तरक्की ही तरक्की होगी। मकानों का तो कहना ही क्या जो नक्शे हमें उस वक्त दिखाये जाते थे वह हमें स्रोकर साहिब याद हैं। अब मैं इन से पूछता हूं कि अब वह नक्शा बदलने वाले कहां हैं क्या वह नक्शा इन नुकीली खद्दर की टोपियां पहनने के लिये ही था। कहां हैं वह मकान जो हरेक को दिये जाने थे ? कहां हैं वह दूध की नदियां ? चेयरमैन साहिब अपनी बात को पूरा करते हुये मैं इस Resolution की ताईद करता हूं और उमीद करता हूं कि House इस को ज़रूर पास करेगा।

Sardar Umrao Singh : Sir, I beg to move that the question be now put.

ਮਾਲ ਮੰਤ੍ਰੀ (ਗਿਆਨੀ ਕਰਤਾਰ ਸਿੰਘ) ; ਚੇਅਰਮੈਨ ਸਾਹਿਬ, ਇਸ Resolution ਨੂੰ ਪੇਸ਼ ਕਰਨ ਤੇ ਮੈਂ ਗਿਆਨੀ ਬਖਤਾਵਰ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਅਤੇ ਮੈਂ ਸਮਝਦਾ ਹਾਂ ਕਿ ਇਹ ਉਨ੍ਹਾਂ ਦੀ ਖੁਸ਼ਕਿਸਮਤੀ ਹੈ ਕਿ ਪਿਛਲੇ non-official ਦਿਨ ਵੀ ਉਨ੍ਹਾਂ ਦਾ ਹੀ resolution ਸੀ ਜਿਸ ਨੂੰ ਕਿ ਪੇਸ਼ ਹੋਣ ਦਾ ਮੌਕਾ ਮਿਲਿਆ, ਅਜ ਵੀ ਉਨ੍ਹਾਂ ਦਾ ਹੀ resolution ਚਲ ਰਿਹਾ ਹੈ। ਇਸ resolution ਦੇ ਪਿਛੇ ਜੋ ਵਿਚਾਰਾਂ ਹਨ ਉਹ ਬਹੁਤ ਹੀ ਵਡਿਆਈ ਯੋਗ ਹਨ ਅਤੇ ਉਨ੍ਹਾਂ ਤੇ ਅਮਲ ਹੋਣਾ ਚਾਹੀਦਾ ਹੈ। ਲੇਕਿਨ ਇਸ ਮਤੇ ਵਿਚ ਇਕ ਦੋ ਤਰੁਟੀਆਂ ਵੀ ਹਨ । ਪਹਿਲੀ

[ਮਾਲ ਮੰਤ੍ਰੀ]

ਗੱਲ ਤਾਂ ਇਹ ਹੈ ਕਿ ਜਿਥੇ ਵੀ ਕੋਈ ਕਰਾਇਦਾਰ 5 ਸਾਲ ਦਾ ਰਹਿੰਦਾ ਹੈ ਉਸ ਨੂੰ ਮਕਾਨ ਖਰੀਦਣ ਦਾ ਹੱਕ ਦਿੱਤਾ ਜਾਵੇ । ਇਹ ਜਿਹੜੀ ਵਿਚਾਰ ਹੈ ਇਹ 90% ਕਬੂਲ ਕਰਨ ਦੇ ਕਾਬਲ ਹੈ ਅਤੇ ਇਸ ਵਿਚ 10% ਐਸੇ ਕੇਸ ਵੀ ਹੋਣਗੇ ਜਿਸ ਅਨੁਸਾਰ ਕਿ ਇਸ ਨੂੰ ਕਬੂਲ ਨਹੀਂ ਕੀਤਾ ਜਾ ਸਕਦਾ ।

ਮਿਸਾਲ ਦੇ ਤੌਰ ਤੇ ਕਿਸੇ ਥਾਂ Local Bodies ਨੇ ਆਪਣੇ ਮਕਾਨ ਬਣਾਏ ਅਤੇ ਉਸ ਨੇ ਆਪਣੇ ਮੁਲਾਜ਼ਮਾਂ ਨੂੰ ਕਰਾਏ ਤੇ ਦੇ ਦਿੱਤੇ । ਮੁਲਾਜ਼ਮ service ਵਿਚੋਂ ਨਿਕਲ ਜਾਂਦਾ ਹੈ, ਜੇ ਉਹ ਵੀ ਕਹੇ ਕਿ ਮੈਂ ਤਾਂ ਇਸ ਮਕਾਨ ਦਾ ਵਾਰਸ ਹਾਂ ਜਾਂ ਮੈਨੂੰ ਇਸ ਦੇ ਖਰੀਦਣ ਦਾ ਹਕ ਮਿਲਣਾ ਚਾਹੀਦਾ ਹੈ ਤਾਂ ਐਸਾ ਕਰਨ ਨਾਲ ਜਿਹੜਾ ਉਸ ਦੀ ਥਾਂ ਤੇ ਨਵਾਂ ਮੁਲਾਜ਼ਮ ਰਖਿਆ ਜਾਵੇਗਾ ਉਹ ਮਕਾਨ ਹਾਸਲ ਨਹੀਂ ਕਰ ਸਕੇਗਾ ਅਤੇ ਇਸ ਤਰ੍ਹਾਂ ਬੜੀ ਦਿਕੱਤ ਪੈਦਾ ਹੋਵੇਗੀ । ਏਸੇ ਤਰ੍ਹਾਂ ਹੀ ਜਿਸ ਮੁੱਦੇ ਲਈ ਲੋਕਲ ਬਾਡੀਜ਼ ਨੇ ਮਕਾਨ ਲਣਾਏ ਹਨ ਉਹ ਵੀ ਪੂਰਾ ਨਹੀਂ ਹੋ ਸਕੇਗਾ ਇਸੇ ਤਰ੍ਹਾਂ ਜਿਹੜੇ ਸਰਕਾਰੀ ਮੁਲਾਜ਼ਮਾਂ ਲਈ quarter ਬਣਦੇ ਹਨ ਇਹ quarter ਵੀ ਇਸ ਜ਼ਿਮਨ ਵਿਚੋਂ ਲਾਂਭੇ ਰੱਖਣੇ ਪੈਣਗੇ । ਇਸ ਤੋਂ ਇਲਾਵਾ ਜੇ ਕੋਈ ਮਾਲਕ ਮਕਾਨ ਕਿਸੇ ਕਾਰਨ ਉਥੇ ਨਹੀਂ ਰਹਿ ਸਕਦਾ, ਉਹ ਨੌਕਰੀ ਲਈ ਯਾ ਆਪਣੇ ਕਾਰੋਬਾਰ ਲਈ ਕਿਸੇ ਬਾਹਰ ਦੇ ਮੁਲਕ ਨੂੰ ਚੱਲਿਆ ਜਾਂਦਾ ਹੈ, ਉਸ ਦੇ ਲਈ ਵੀ ਕੁਝ ਸੋਚਣਾ ਪਵੇਗਾ । ਏਸੇ ਤਰ੍ਹਾਂ ਹੋਰ ਵੀ ਕਈ ਐਸੇ ਕਾਰਨ ਹਨ । ਇਨ੍ਹਾਂ ਦੇ ਲਈ ਜ਼ਰੂਰੀ ਹੈ ਕਿ ਕੋਈ ਇਸ ਕਿਸਮ ਦੀ ਹਦ ਮੁਕਰਰ ਕਰ ਦਿੱਤੀ ਜਾਵੇ ਜਿਸ ਦੇ ਨਾਲ ਉਨ੍ਹਾਂ ਮਕਾਨਾਂ ਬਾਰੇ ਪਤਾ ਲੱਗ ਸਕੇ ਕਿ ਕਿਹੜੇ ਕਿਹੜੇ ਇਸ ਦੀ ਜ਼ਦ ਵਿੱਚ ਆਉਂਦੇ ਹਨ । ਇਹ ਮਸਲਾ ਇਸ ਰੈਜ਼ੋਲਿਊਸ਼ਨ ਨਾਲ ਹੱਲ ਹੋਣ ਵਾਲਾ ਨਹੀਂ ਹੈ । ਜਦੋਂ ਤੱਕ ਇਸ ਦੇ ਬਾਰੇ ਇਕ ਬਾਕਾਇਦਾ Act ਨਾ ਬਣਾਇਆ ਜਾਵੇ, ਜਦੋਂ ਤੱਕ ਇਹ Resolution ਇਕ ਕਾਨੂੰਨ ਦੀ ਸ਼ਕਲ ਵਿੱਚ ਸਾਡੇ ਸਾਹਮਣੇ ਨਹੀਂ ਆਉਂਦਾ, ਇਸ ਦਾ ਜੋ ਮੰਤਵ ਹੈ, ਉਹ ਪੂਰਾ ਨਹੀਂ ਹੋ ਸਕਦਾ । ਅਸੀਂ ਚਾਹੁੰਦੇ ਹਾਂ ਕਿ ਇਹ Resolution ਇਕ ਕਾਨੂੰਨ ਦੀ ਸ਼ਕਲ ਵਿੱਚ ਲਿਆਂਦਾ ਜਾਵੇ ।

श्री अमरनाथ शर्मा : ज़रा जी, charitable इमारतों का भी जिकर करें ।

माल मंत्री : यह भी कहता हूं ।

ਸਰਦਾਰ ਕਰਤਾਰ ਸਿੰਘ ਦੀਵਾਨਾ : ਇਕ ਮਾਲਕ ਮਕਾਨ ਦੇ ਪਾਸ ਕਈ ਮਕਾਨ ਹਨ ਅਤੇ ਉਹ ਕਰਾਏ ਤੇ ਨਹੀਂ ਦਿੰਦਾ ਕੀ ਉਸ ਉਤੇ ਇਹ ਕਾਨੂੰਨ ਲਾਗੂ ਹੋ ਸਕੇਗਾ, ਜਾਂ ਨਹੀਂ ?

ਮਾਲ ਮੰਤ੍ਰੀ : ਜਦੋਂ ਮਾਲਕ ਮਕਾਨ ਦਾ ਕੋਈ ਕਰਾਏਦਾਰ ਹੀ ਨਹੀਂ ਉਥੇ ਇਹ ਸਵਾਲ ਪੈਦਾ ਹੀ ਨਹੀਂ ਹੁੰਦਾ । ਇਸ ਮਤੇ ਵਿਚ, ਜੋ ਗੱਲ ਹੁਣੇ ਦੀਵਾਨਾ ਜੀ ਨੇ ਕਹੀ ਹੈ ਇਸ ਦਾ ਵੀ ਜਵਾਬ ਕਿਧਰੇ ਨਹੀਂ ਹੈ । ਇਸ ਵਿਚ ਤਾਂ ਸਿਰਫ ਇਹ ਹੀ ਲਿਖਿਆ ਹੈ ਕਿ ਜੇ ਮਾਲਕ ਮਕਾਨ ਦੇ ਘਰ ਵਿੱਚ ਕੋਈ ਕਰਾਇਦਾਰ 5 ਸਾਲ ਦਾ ਰਹਿੰਦਾ ਹੈ ਉਸ ਨੂੰ ਉਹ ਮਕਾਨ ਖਰੀਦਣ ਦਾ ਹੱਕ ਹੋ ਜਾਵੇ । ਹੋਰ ਇਸ ਵਿਚ ਕੋਈ ਗੱਲ ਹੀ ਨਹੀਂ ਹੈ । ਇਸ ਮਤੇ ਤੋਂ ਇਹ ਕਿਤੇ ਵੀ ਕੋਈ ਪਤਾ ਨਹੀਂ ਲਗਦਾ ਕਿ ਕਬਜ਼ਾ ਕਿਨ੍ਹਾਂ ਤੇ ਕੀਤਾ ਜਾਵੇ, ਜਿਹੜੇ ਮਕਾਨ ਕਰਾਏਦਾਰਾਂ ਤੋਂ ਬਗੈਰ ਹਨ ਉਨ੍ਹਾਂ ਬਾਰੇ ਕੀ

ਕੀਤਾ ਜਾਵੇ । ਐਸੇ ਕਿਤਨੇ ਹੀ ਸਵਾਲ ਹਨ ਜਿਨ੍ਹਾਂ ਬਾਰੇ ਇਸ ਰੈਜ਼ੋਲਿਊਸਨ ਵਿੱਚ ਕੋਈ ਜ਼ਿਕਰ ਨਹੀਂ । ਇਸ ਮੁੱਦੇ ਨੂੰ ਅਮਲ ਵਿਚ ਲਿਆਉਣ ਲਈ ਸਾਨੂੰ ਕੋਈ ਐਕਟ ਬਨਾਉਣਾ ਪਵੇਗਾ ਅਤੇ ਉਸ ਐਕਟ ਵਿਚ ਇਨ੍ਹਾਂ ਸਾਰੀਆਂ ਗੱਲਾਂ ਦਾ ਨਿਰਨਾ ਕਰਨਾ ਪਵੇਗਾ । ਇਸ ਤੋਂ ਬਗੈਰ ਇਸ ਰੈਜ਼ੋਲਿਊਸ਼ਨ ਤੇ ਅਮਲ ਨਹੀਂ ਹੋ ਸਕਦਾ । ਇਸ ਤਰ੍ਹਾਂ ਇਸ ਦਾ ਮੁੱਦਾ ਫੌਤ ਹੋ ਜਾਂਦਾ ਹੈ ।

ਆਮ ਤੌਰ ਤੇ ਅਜੇਹਾ ਬਿਲ ਲਿਆਉਣਾ ਚਾਹੀਦਾ ਹੈ ਜਿਹੜਾ ਕਿ ਕਿਰਾਏਦਾਰ ਨੂੰ ਮੁਕੱਰਰਾ ਮੁੱਦਤ ਤੋਂ ਪਿੱਛੇ ਮਕਾਨ ਨੂੰ ਖਰੀਦਣ ਦਾ ਹੱਕ ਦਿੰਦਾ ਹੋਵੇ । ਇਸ ਮਤੇ ਦੇ ਖਿਲਾਫ ਕੁਈ ਸੱਜਣਾਂ ਨੇ ਇਹ ਕਿਹਾ ਹੈ ਕਿ ਇਹ ਮਤਾ ਅਪਣਾ ਨਿਸ਼ਾਨਾ ਖੋ ਲਏਗਾ ਉਨ੍ਹਾਂ ਇਹ ਵੀ ਕਿਹਾ ਹੈ ਕਿ ਇਸ ਮਤੇ ਦੇ ਆਉਣ ਨਾਲ ਘਰ ਬਣਨੇ ਰੁਕ ਗਏ ਹਨ, ਮਤੇ ਇਸ ਦਾ ਚਰਚਾ ਹੋਣ ਨਾਲ ਮਕਾਨ ਮਾਲਿਕਾਂ ਨੇ ਅਪਣੇ ਮਕਾਨ ਧੀਆਂ, ਪੁੱਤਰਾਂ ਅਤੇ ਹੋਰਨਾਂ ਦੇ ਨਾਂ ਲਿਖਵਾਉਣੇ ਸ਼ੁਰੂ ਕਰ ਦਿੱਤੇ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਮਨੁਖ ਦੀ ਮਰਜ਼ੀ ਹੋਵੇ ਤਾਂ ਰੁਕਾਵਟਾਂ ਨੂੰ ਦੂਰ ਕਰਨ ਦਾ ਰਸਤਾ ਨਿਕਲ ਹੀ ਆਉਂਦਾ ਹੈ ਜਿੱਥੇ ਸਾਲਮ ਕੌਮ ਦੀ ਅਤੇ ਸਰਕਾਰ ਦੀ ਸਲਾਹ ਹੋਵੇ ਉਥੇ ਰੁਕਾਵਟ ਨੂੰ ਦੂਰ ਕਰਨ ਦਾ ਕੋਈ ਨਾ ਕੋਈ ਰਸਤਾ ਨਿਕਲ ਹੀ ਆਉਂਦਾ ਹੈ । ਜੇ ਇਕ ਮਕਾਨ ਮਾਲਿਕ ਆਪਣੇ ਪੁੱਤਰ ਦੇ ਨਾਂ ਕਰ ਦਿੰਦਾ ਹੈ ਤਾਂ ਕੀ ਪੁੱਤਰ ਆਪਣੇ ਰਿਹਾਇਸ਼ ਜਾਂ ਬਿਜ਼ਨਸ ਲਈ ਮਕਾਨ ਨਹੀਂ ਬਣਾਏਗਾ ? ਅਤੇ ਮੈਂ ਇਹ ਵੀ clear ਕਰਨਾ ਚਾਹੁੰਦਾ ਹਾਂ ਕਿ ਜੇ ਕਾਨੂੰਨ ਬਨਾਉਣਾ ਹੈ ਅਤੇ ਉਸ ਤੇ ਅਮਲ ਕਰਨਾ ਹੈ ਤਾਂ ਇਹ ਨਹੀਂ ਹੋਵੇਗਾ ਕਿ ਹਰ ਇਕ ਮਕਾਨ ਵਿਚ ਜਾਏਗਾ ਬਲਕਿ ਕਿਰਾਇਦਾਰ ਵਾਲਾ ਹੀ ਮਕਾਨ ਕਾਨੂੰਨ ਵਿਚ ਆਵੇਗਾ। ਇਸ ਲਈ ਬੜਾ ਤਬਕਾ ਆਪਣੇ ਲੋੜ ਲਈ ਮਕਾਨ ਬਣਾਉਂਦਾ ਰਹੇ ਗਾ । ਅਤੇ ਇਸ ਕਾਨੂੰਨ ਨਾਲ ਉਹ ਲੋਕੀਂ ਜ਼ਰੂਰ ਔਖੇ ਹੋਣਗੇ ਜਿਹੜੇ ਕਿ ਮਹਿਜ਼ ਨਫਾਖੋਰੀ ਲਈ ਮਕਾਨ ਬਣਾਉਂਦੇ ਹਨ ਅਤੇ ਲਾਗਤ ਤੋਂ ਵੀ ਜ਼ਿਆਦਾ ਪੈਸਾ ਵਸੂਲ ਕਰਨ ਦੀ ਨੀਅਤ ਰਖਦੇ ਹਨ । ਅਤੇ ਅੱਗੇ ਵਸੂਲ ਕਰਨ ਦੀ ਇੱਛਾ ਰਖਦੇ ਹਨ ।

ਲੇਕਿਨ ਜੇ ਮੁਲਕ ਦੇ ਅੰਦਰ ਨਵਾਂ social structure ਲਿਆਉਂਣਾ ਹੈ ਤਦ ਜਿਥੇ ਜਿਥੇ ਲਹੂ ਹੈ ਉਥੋਂ ਉਥੋਂ ਟੀਕੇ ਤਿਆਰ ਕਰਕੇ ਉਨ੍ਹਾਂ ਜਿਸਮਾਂ ਵਿਚ ਲਗਾਉਂਣੇ ਪੈਣਗੇ ਜਿਥੇ ਕਿ ਲਹੂ ਨਹੀਂ ਹੈ (Thumping of the desks) ਅਤੇ ਕੰਗਾਲ ਲੋਕਾਂ ਨੂੰ ਨਵਾਂ ਲਹੂ ਮੋੜਾ ਨਹੀਂ ਖੁਆ ਸਕਦਾ ।

ਜਿਹੜੀ ਇਹ ਗੱਲ ਦੱਸੀ ਗਈ ਹੈ ਕਿ ਪੁੱਤਰਾਂ ਅਤੇ ਧੀਆਂ ਦੇ ਨਾਂ ਮਕਾਨ ਲਗਾਉਂਣੇ ਸ਼ੁਰੂ ਕਰ ਦਿੱਤੇ ਗਏ ਹਨ ਤਾਂ ਮੈਂ ਕਹਿਣਾ ਚਾਹੁੰਦਾਂ ਹਾਂ ਕਿ ਕਾਗਜ਼ਾਂ ਵਿਚ ਜਿੰਨੀ ਮਰਜ਼ੀ ਹੋਵੇ ਉਹ ਲਿਖਾ ਦੇਣ ਪਰ ਲਿਖਾ ਦੇਣ ਨਾਲ ਉਹ ਮਕਾਨ ਮੁਲਕ ਤੋਂ ਉੜ ਨਹੀਂ ਜਾਣਗੇ ਜਿਹੜਾ ਕਾਨੂੰਨ ਬਣਾਉਣਾ ਹੈ ਉਸ ਵਿਚ ਇਹ ਚੀਜ਼ ਕਰਨੀ ਪਏਗੀ ਕਿ ਜਿਨ੍ਹਾਂ ਮਕਾਨਾਂ ਦਾ ਫਲਾਂ ਤਾਰੀਖ ਨੂੰ ਫਲਾਂ ਨਕਸ਼ਾ ਸੀ ਉਸ ਨਕਸ਼ੇ ਨੂੰ ਮੁਖ ਰਖਦੇ ਹੋਏ ਇਹ ਮਕਾਨ ਹਾਸਿਲ ਕੀਤੇ ਜਾਣਗੇ । ਇਸ ਲਈ ਇਸ ਵੇਲੇ ਜੱਦ ਕਿ ਇਹ ਕਾਨੂੰਨ ਹਾਲੇ ਪਾਸ ਨਹੀਂ ਹੋਇਆ ਇਸ ਨੂੰ ਫੇਲ ਕਰਨ ਦੇ ਜਿਹੜੇ ਤਰੀਕੇ ਸੋਚੇ ਜਾਂਦੇ ਹਨ ਉਨ੍ਹਾਂ ਨਾਲ ਉਨ੍ਹਾਂ ਨਫਾ ਖੋਰ੍ਹਆਂ ਦੀ ਹੌਸਲਾ ਅਫਜ਼ਾਈ ਹੋਵੇਗੀ ।

[ਮਾਲ ਮੰਤ੍ਰੀ]

ਇਕ ਹੋਰ ਚੀਜ਼ ਕਹੀ ਗਈ ਹੈ ਕਿ ਕਾਨੂੰਨੀ ਜਾਂ ਆਈਨੀ ਤੌਰ ਤੇ ਇਹ ਕੰਮ ਨਹੀਂ ਹੋ ਸਕਦਾ, ਇਹ ਰਾਜ ਬਣਤਰ ਤੇ ਉਲਟ ਹੈ ਉਸ ਦੇ ਹੁੰਦੇ ਹੋਏ ਅਸੈਂਬਲੀ ਨੂੰ ਇਹ ਕਾਨੂੰਨ ਬਨਾਉਣ ਦੀ ਲੋੜੀਂਦੀ ਇਜ਼ਾਜਤ ਨਹੀਂ ਹੈ। ਕਿਉਂ ਜੋ ਇਹ ਅਸੈਂਬਲੀ ਉਹੀ ਕੁਝ ਕਰ ਸਕਦੀ ਹੈ ਜਿਸ ਦੀ ਇਸ ਨੂੰ ਇਜ਼ਾਜ਼ਤ ਹੈ । ਜੇ ਅਜਿਹਾ ਕਾਨੂੰਨ ਬਣਾ ਦਿੱਤਾ ਜਾਏ ਜਿਹੜਾ ਕਿ ਅੱਦਾਲਤ ਵਿਚ ਚੈਲੰਜ ਹੋ ਜਾਏ, ਜਾਂ ਉਸਦੇ ਵਿਚ ਕੋਈ ਨੁਕਸ ਰਹਿ ਜਾਏ ਤਾਂ ਉਸ ਦੇ ਅਮਲ ਵਿਚ ਦੇਰ ਲਗਦੀ ਹੈ ਇਸ ਲਈ ਸਾਨੂੰ ਇਸ ਪਹਿਲੂ ਤੇ ਰਾਏ ਲੈਣੀ ਪਏਗੀ ਕਿ ਆਇਆ ਇਹ ਚੀਜ਼ ਕਾਨੂੰਨ ਦੇ ਖਿਲਾਫ ਹੈ ਜਾਂ ਨਹੀਂ ਹੈ । ਇਸ ਵਾਸਤੇ ਸਰਕਾਰ ਕੋਲ ਆਈਨ ਨੂੰ ਜਾਨਣ ਵਾਲੇ ਕਾਨੂੰਨੀ ਪੰਡਿਤ ਮੌਜੂਦ ਹਨ । Central Government ਕੋਲ ਵੀ ਇਸ ਲਈ ਸਭ ਤੋਂ ਬੜਾ ਅਫਸਰ ਮੌਜੂਦ ਹੈ । ਇਸ ਲਈ ਜੇ ਅਸੀਂ ਚਾਹੁੰਦੇ ਹਾਂ ਕਿ ਇਸ ਅਸੈਂਬਲੀ ਵਿਚ ਕੋਈ ਕਾਨੂੰਨ ਪਾਸ ਹੋਵੇ ਔਰ ਉਸ ਵਿਚ ਰੁਕਾਵਟ ਨਾ ਪੈ ਸਕੇ ਤਾਂ ਸਾਨੂੰ ਕਾਨੂੰਨੀ ਮਾਹਿਰਾਂ ਦੀ ਰਾਇ ਹਾਸਿਲ ਕਰਨੀ ਪਵੇਗੀ ਅਤੇ ਇਹ ਵੇਖਣਾ ਹੋਵੇਗਾ ਕਿ ਕਿਸ ਚੀਜ਼ ਨੂੰ ਮੱਦੇਨਜ਼ਰ ਰਖਿਆ ਜਾਏ ਜਿਹੜੀ ਕਿ ਆਈਨ ਦੇ ਖਿਲਾਫ ਨਾ ਹੋਵੇ । ਇਸ ਕਰਕੇ ਕੁਝ ਟਾਈਮ ਲਗੇਗਾ ਅਤੇ ਇਸ ਕਾਨੂੰਨ ਨੂੰ ਬਣਾ ਕੇ ਅਮਲ ਵਿਚ ਲਿਆਉਣ ਵਾਸਤੇ ਕੁਝ changes ਕਰਨੀਆਂ ਪੈਣਗੀਆਂ । ਜੇ ਇਸ ਸ਼ਕਲ ਵਿਚ ਹੀ ਇਹ resolution ਮੰਨ ਲਿਆ ਜਾਏ ਅਤੇ ਇਸੇ ਦੇ ਅਧਾਰ ਤੇ ਕਾਨੂੰਨ ਬਣਾ ਦਿੱਤਾ ਜਾਏ ਔਰ ਪਾਸ ਹੋਣ ਤੋਂ ਬਾਅਦ ਜੇ ਉਹ ਅਮਲ ਵਿਚ ਨਾ ਲਾਇਆ ਜਾ ਸਕੇ ਤਾਂ ਇਸ ਤਰ੍ਹਾਂ ਇਸ ਅਸੈਂਬਲੀ ਦੀ disrespect ਹੋਵੇਗੀ ਜਿਸਦਾ ਮੈਂ ਆਪਣੇ ਆਪ ਨੂੰ ਭਾਗੀ ਨਹੀਂ ਬਨਾਉਣਾ ਚਾਹੁੰਦਾ । ਇਸ ਲਈ ਮੈਂ ਗਿਆਨੀ ਬਖਤਾਵਰ ਸਿੰਘ ਨੂੰ ਇਹ ਕਹਾਂਗਾ ਕਿ ਜੋ ਉਨ੍ਹਾਂ ਨੇ resolution ਪੇਸ਼ ਕੀਤਾ ਹੈ ਉਹ ਵੀ ਅਤੇ ਜਿਹੜੀ ਇਸ ਦੀ spirit ਹੈ ਉਹ ਵੀ ਮੁਬਾਰਕਬਾਦ ਦੇ ਲਾਇਕ ਹੈ ਲੇਕਿਨ ਮੈਂ ਉਨ੍ਹਾਂ ਨੂੰ ਦਸਦਾ ਹਾਂ ਕਿ ਇਸ ਨੂੰ ਕਾਬਲੇ ਅਮਲ ਬਨਾਉਣ ਲਈ ਸਾਨੂੰ ਮਜ਼ੀਦ ਗੌਰ ਕਰਨੀ ਪਏਗੀ । ਅਤੇ ਉਸ ਲਈ ਮੁਨਾਸਿਬ ਕਾਨੂੰਨ ਬਨਾਉਣਾ ਪਏਗਾ । ਜਿਸ ਬਾਰੇ ਅਸੀਂ ਪਹਿਲਾਂ ਵੀ ਸੋਚ ਰਹੇ ਹਾਂ ਅਤੇ ਹੁਣ ਵੀ ਗੌਰ ਕਰਾਂਗੇ ।

ਸਰਦਾਰ ਕਰਤਾਰ ਸਿੰਘ ਦੀਵਾਨਾ : ਕੀ ਇਸੇ Session ਵਿਚ ਲਿਆਉਗੇ ?

ਮਾਲ ਮੰਤ੍ਰੀ : ਕੋਸ਼ਿਸ਼ ਹੈ । ਪੱਕਾ ਕਹਿਣਾ ਠੀਕ ਨਹੀਂ, ਕਿਉਂਕਿ ਦੇਰ ਹੋ ਸਕਦੀ ਹੈ । ਜੇ ਬਿਲ ਤਿਆਰ ਹੋ ਗਿਆ ਤਾਂ ਮੈਂ ਆਪਣੇ ਚੀਫ ਮਨਿਸਟਰ ਨੂੰ ਕਹਾਂਗਾ ਕਿ ਉਹ ਗਰਮੀਆਂ ਵਿਚ ਉਚੇਚਾ ਸੈਸ਼ਨ ਸਦਣ ਤਾਕਿ ਇਸ ਤੇ ਗੌਰ ਅਤੇ ਵਿਚਾਰ ਹੋ ਸਕੇ ।

ਇਹ resolution ਉਸ spirit ਨੂੰ ਪ੍ਰਗਟ ਕਰਦਾ ਹੈ ਜਿਸ ਨੂੰ ਪਤਾ ਨਹੀਂ Socialism describe ਕੀਤਾ ਜਾਂਦਾ ਹੈ ਜਾਂ Communism describe ਕੀਤਾ ਜਾਂਦਾ ਹੈ ਪਰ ਮੈਂ ਸਮਝਦਾ ਹਾਂ ਪਿੰਡਾਂ ਵਿਚ ਇਕ ਕਥਨ ਹੈ ਉਸ ਤੇ ਅਮਲ ਕਰਨਾ ਬੇਹਤਰੀਨ ਚੀਜ਼ ਹੈ, ਅਤੇ ਉਹ ਹੈ ਅੱਡ ਖਾਵੇ ਹੱਡ ਖਾਵੇ ਵੰਡ ਖਾਵੇ ਖੰਡ ਖਾਵੇ । ਇਸ ਲਈ ਅਸਾਂ ਤਾਂ ਵੰਡ ਕੇ ਖਾਣ ਦੇ ਤਰੀਕੇ ਤੇ ਚਲਨਾ ਹੈ। ਮੈਂ ਸਮਝਦਾ ਹਾਂ ਕਿ Socialism ਜਾਂ Communism ਵਿਚ ਜੇ ਕੋਈ ਚੀਜ਼ ਚੰਗੀ ਹੈ ਤਾਂ ਇਹੋ ਹੀ ਹੈ ਕਿ ਵੰਡ ਕੇ ਖਾਣਾ ਹੈ (*Cheers from the Communist benches*) । ਅਤੇ, ਅੱਡ ਖਾਣ ਨੂੰ

ਛੱਡ ਕੇ ਵੰਡ ਖਾਣ ਲਈ ਇਸ ਮਤੇ ਵਿਚ ਕਿਹਾ ਗਿਆ ਹੈ । ਅਤੇ ਕਾਂਗਰੇਸ ਇਸ ਤੇ ਗੌਰ ਕਰੇਗੀ । ਮੈਂ ਗਿਆਨੀ ਬਖਤਾਵਰ ਸਿੰਘ ਨੂੰ ਕਹਾਂਗਾ ਕਿ ਉਹ ਇਸ ਨੂੰ ਵਾਪਸ ਲੈ ਲੈਣ ਅਤੇ ਮੈਂ ਉਨ੍ਹਾਂ ਨੂੰ ਯਕੀਨ ਦਿਲਾਉਂਦਾ ਹਾਂ ਕਿ ਮੈਂ ਬਿਲ ਲਿਆਉਣ ਦੀ ਪੂਰੀ ਕੋਸ਼ਿਸ਼ ਕਰਾਂਗਾ ।

ਗਿਆਨੀ ਬਖਤਾਵਰ ਸਿੰਘ ਰਾਏ ਮੈਚੇ(ਗੁਰੂਹਰਸਹਾਏ) : ਜਨਾਬ ਅਰਜ਼ ਸਾਹਿਬ, ਮੈਂ ਬੜੇ ਅਫਸੋਸ ਦੇ ਨਾਲ ਏਸ ਰੈਜ਼ੋਲਿਊਸ਼ਨ ਨੂੰ ਵਾਪਸ ਲੈਣ ਲਈ ਖੜਾ ਹੋਇਆ ਹਾਂ । ਮਗਰ ਮੈਂ ਇਹ ਸਮਝਦਾ ਹਾਂ ਕਿ ਜਿਹੜਾ ਨਾਅਰਾ ਸਾਡੀ ਕਾਂਗਰਸ ਗੌਰਮੈਂਟ ਨੇ ਲਗਾਇਆ ਹੈ ਇਹ ਰੈਜ਼ੋਲਿਊਸ਼ਨ ਬਿਲਕੁਲ ਉਸ ਦੇ ਮੁਤਾਬਿਕ ਹੈ ।

ਸਰਦਾਰ ਕਰਤਾਰ ਸਿੰਘ ਦੀਵਾਨਾ : ਗਿਆਨੀ ਜੀ ਨੇ ਕੰਮਿਟਮੈਂਟ (Commitment) ਕਰ ਲਈ ਹੈ ਇਸ ਵਾਸਤੇ ਇਸ ਤੇ ਸਪੀਚ ਨਹੀਂ ਕਰਨੀ ਚਾਹੀਦੀ ।

ਗਿਆਨੀ ਬਖਤਾਵਰ ਸਿੰਘ ਰਾਏ : ਸਤਿਕਾਰ ਯੋਗ ਚੇਅਰਮੈਨ ਸਾਹਿਬ, ਇਹ ਜਿਹੜਾ ਰੈਜ਼ੋਲਿਊਸ਼ਨ ਮੈਂ ਲਿਆਂਦਾ ਸੀ ਇਹ ਕਾਂਗਰਸ ਦੇ ਅਸੂਲਾਂ ਦੇ ਬਿਲਕੁਲ ਅਨੁਕੂਲ ਸੀ । ਮੈਨੂੰ ਇਸ ਰੈਜ਼ੋਲਿਊਸ਼ਨ ਪੇਸ਼ ਕਰਨ ਦੇ ਸਬੰਧ ਵਿਚ ਦਿੱਲੀ ਦੇ ਲੋਕਾਂ ਤੋਂ, ਜੈਪੁਰ ਤੋਂ, ਯੂ. ਪੀ. ਤੋਂ, ਲਖਨਊ ਤੋਂ, ਅਮ੍ਰਿਤਸਰ ਤੋਂ, ਜਾਲੰਧਰ ਔਰ ਅੰਬਾਲੇ ਤੋਂ ਇਤਨੀਆਂ ਮੁਬਾਰਕਬਾਦ ਦੀਆਂ ਚਿਠੀਆਂ ਆਈਆਂ ਹਨ ਕਿ ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਏਸ ਕਾਨੂੰਨ ਦੇ ਪਾਸ ਕਰਨ ਦੀ ਬੜੀ ਜ਼ਿਆਦਾ ਮੰਗ ਔਰ ਲੋੜ ਹੈ । ਇਕ ਗੱਲ ਦਾ ਚੇਅਰਮੈਨ ਸਾਹਿਬ, ਮੈਨੂੰ ਅਫਸੋਸ ਹੈ । ਉਹ ਇਹ ਹੈ ਕਿ ਸਾਡਾ ਜਿਹੜਾ ਮੁਹਤਰਿਮ ਪਰੈਸ ਹੈ ਉਸ ਨੇ ਏਸ ਰੈਜ਼ੋਲਿਊਸ਼ਨ ਦੀ ਖਬਰ ਨੂੰ ਫੈਲਾਉਣ ਵਿਚ ਔਰ ਇਸ ਦੇ ਪਰਚਾਰ ਕਰਨ ਦੇ ਵਿਚ ਬੜੀ ਕੋਤਾਹੀ ਕੀਤੀ ਹੈ । ਸਾਡੇ ਜਿਹੜੇ ਵਰਨੈਕੂਲਰ ਪਰੈਸਾਂ ਦੇ ਕੁਝ ਅਖਬਾਰ ਹਨ ਉਹ ਫਿਰਕੇਦਾਰੀ ਫੈਲਾਉਣ ਦੇ ਬੜੇ ਭਾਰੀ ਗੜ੍ਹ ਹਨ । ਮੈਨੂੰ ਇਹ ਗੱਲ ਕਹਿਣ ਤੋਂ ਕੋਈ ਹਿਚਕਚਾਹਟ ਨਹੀਂ ਕਿ ਹਿੰਦੁਸਤਾਨ ਦੀ ਫਿਜ਼ਾ ਨੂੰ ਅਗਰ ਕੋਈ ਗੰਦਾ ਔਰ ਅਲੂਦਾ ਕਰਨ ਦਾ ਜ਼ਿੰਮੇਵਾਰ ਹੈ ਤਾਂ ਉਹ ਵਰਨੈਕੂਲਰ ਪਰੈਸ ਹਨ । ਸਤਿਕਾਰਯੋਗ ਚੇਅਰਮੈਨ ਸਾਹਿਬ, ਮੇਰਾ ਇਹ ਰੈਜ਼ੋਲਿਊਸ਼ਨ 28 ਫਰਵਰੀ ਨੂੰ ਪੇਸ਼ ਹੋਇਆ ਸੀ । ਹਿੰਦ ਸਮਾਚਾਰ ਔਰ ਪਰਤਾਪ ਦੇ ਵਿਚ ਜਿਹੜੇ ਨਜ਼ਰੀਏ ਦੇ ਨਾਲ ਉਸ ਦੇ ਉਤੇ ਟੀਕਾ ਟਿਪਣੀ ਕੀਤੀ ਗਈ ਉਹ ਏਥੋਂ ਦੀ ਫਿਜ਼ਾ ਨੂੰ ਆਲੂਦਾ ਕਰਨ ਵਾਲੀ ਸੀ ।

ਸ੍ਰੀ ਚੇਅਰਮੈਨ : ਗਿਆਨੀ ਜੀ ਜੇ ਤੁਸੀਂ ਏਸ ਰੈਜ਼ੋਲਿਊਸ਼ਨ ਨੂੰ ਵਿਦਡਰਾ (withdraw) ਕਰਨਾ ਹੈ ਤਾਂ ਇਸ ਦੇ ਉਤੇ ਹੋਰ ਸਪੀਚ ਨਾ ਕਰੋ । (The hon. Member need not make any speech on this resolution if he wants to withdraw it.)

ਗਿਆਨੀ ਬਖਤਾਵਰ ਸਿੰਘ ਰਾਏ : ਸ੍ਰੀਮਾਨ ਜੀ, ਮੈਂ ਅਪਣੇ ਰੈਜ਼ੋਲਿਊਸ਼ਨ ਨੂੰ ਵਾਪਸ ਤਾਂ ਲੈਣਾ ਹੈ ਪਰ ਉਸ ਤੋਂ ਪਹਿਲੇ ਜਿਹੜੇ ਲੋਕ ਹਿੰਦੁਸਤਾਨ ਦੀ ਫਿਜ਼ਾ ਨੂੰ ਖਰਾਬ ਕਰਨ ਵਾਲੇ ਹਨ ਉਨ੍ਹਾਂ ਦੇ ਬਾਰੇ ਮੈਂ ਹਾਊਸ ਨੂੰ ਜਾਣੂ ਕਰਾਉਣਾ ਚਾਹੁੰਦਾ ਹਾਂ ।

ਸ੍ਰੀ ਚੇਅਰਮੈਨ : ਇਹ ਗੱਲ ਹਾਊਸ ਜਾਣਦਾ ਹੈ। ਇਸ ਵਾਸਤੇ ਜਿਤਨਾ ਕਵਾਇਦ ਦੇ ਮੁਤਾਬਕ ਕਹਿਣਾ ਚਾਹੀਦਾ ਹੈ ਤੁਸੀਂ ਉਥੋਂ ਤਕ ਹੀ ਰਹੋ ਤਾਂ ਠੀਕ ਹੈ। (The House is already aware of this thing. Therefore the hon. Member should speak strictly within he scope of the Rules.)

ਗਿਆਨੀ ਬਖਤਾਵਰ ਸਿੰਘ ਰਾਏ : ਮੈਂ ਇਸ ਵਾਸਤੇ ਅਰਜ਼ ਕਰਨਾ ਚਾਹੁੰਦਾ ਹਾਂ ਕਿ ਕਾਂਗਰਸ ਦੇ ਵੱਡੇ ਨੇਤਾ ਦੇ ਕੋਲ ਵੀ ਇਹ ਅਖਬਾਰ ਗਏ ਹਨ।

ਸ੍ਰੀ ਚੇਅਰਮੈਨ : ਤੁਸੀਂ ਕੇਵਲ ਸਟੇਟਮੈਂਟ ਹੀ ਦੇ ਸਕਦੇ ਹੋ। ਇਸ ਤੋਂ ਵਧ ਕੋਈ ਗੱਲ ਨਹੀਂ ਕਹਿ ਸਕਦੇ। (The hon. Member cannot say anything beyond making a statement.)

ਗਿਆਨੀ ਬਖਤਾਵਰ ਸਿੰਘ ਰਾਏ : ਜਨਾਬ ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਦੋ ਮਿਨਟ ਟਾਈਮ ਦੇ ਦਿਉ ਤਾਕਿ ਮੈਂ ਜਿਹੜੀ ਗੱਲ ਕਹਿਣੀ ਹੈ, ਉਹ ਕਹਿ ਸਕਾਂ।

ਸ੍ਰੀ ਚੇਅਰਮੈਨ : ਜੇ ਤੁਸੀਂ ਰੈਜ਼ੋਲਿਊਸ਼ਨ ਵਾਪਸ ਲੈਣਾ ਹੈ ਤਾਂ ਸਪੀਚ ਬੰਦ ਕਰ ਦਿਉ। (The hon. Member should finish up his speech if he wants to withdraw his resolution.)

ਗਿਆਨੀ ਬਖਤਾਵਰ ਸਿੰਘ ਰਾਏ :-ਚੇਅਰਮੈਨ ਸਾਹਿਬ, ਇਸ ਹਾਊਸ ਦੇ ਵਿਚ ਅੱਗੇ ਕੁਝ ਇਸ ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਰਹੀਆਂ ਹਨ ਕਿ ਚੇਅਰ ਦੇ ਹੁਕਮ ਦੀ ਪਰਵਾਹ ਨਹੀਂ ਕੀਤੀ ਜਾਂਦੀ ਰਹੀ। ਮਗਰ ਮੈਂ ਉਸ ਕਿਸਮ ਦਾ ਵਤੀਰਾ ਅਖਤਿਆਰ ਨਹੀਂ ਕਰਨਾ ਚਾਹੁੰਦਾ ਔਰ ਆਪਣੇ ਆਪ ਨੂੰ ਕਸੂਰਵਾਰ ਨਹੀਂ ਬਣਾਉਣਾ ਚਾਹੁੰਦਾ। ਇਸ ਵਾਸਤੇ ਇਸ ਖਿਆਲ ਦੇ ਨਾਲ ਮੈਂ ਆਪ ਦਾ ਹੁਕਮ ਮਨਦਾ ਹਾਂ ਔਰ ਆਪਣੇ ਰੈਜ਼ੋਲਿਊਸ਼ਨ ਨੂੰ ਵਾਪਸ ਲੈਂਦਾ ਹਾਂ। ਪਰ ਜਿਹੜੀਆਂ ਗੱਲਾਂ ਮੈਂ ਕਹਿਣੀਆਂ ਸੀ ਉਹ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ ਹਨ। ਮੈਂ ਗਿਆਨੀ ਕਰਤਾਰ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਬਿਲ ਨੂੰ ਏਸੇ ਹੀ ਸੈਸ਼ਨ ਦੇ ਵਿਚ ਲਿਆ ਕੇ ਪਾਸ ਕਰ ਦੇਣ ਨਹੀਂ ਤਾਂ ਜੇ ਦੇਰ ਹੋ ਗਈ ਤਾਂ ਲੋਕਾਂ ਦੇ ਜਿਤਨੇ ਮਕਾਨ ਹਨ ਉਹ ਆਪਣੇ ਪੁਤਰਾਂ, ਧੀਆਂ ਜਾਂ ਹੋਰ ਰਿਸ਼ਤੇਦਾਰਾਂ ਦੇ ਨਾਵਾਂ ਤੇ ਟਰਾਂਸਫਰ (transfer) ਕਰਵਾ ਦੇਣਗੇ।

Mr. Chairman : Is it the pleasure of the House that the hon. Member may withdraw his resolution?

(**Voices :** yes, yes.)

The resolution was by leave withdrawn.

Shri Sant Ram (Nakodar, Reserved) : Sir, I beg to move—

This Assembly recommends to the Government to move the Union Government to amend the Hindu Succession Act so as to provide a share for a married daughter in the property of her father-in-law, instead of her father.

RESOLUTION REG. MAKING A RECOMMENDATION TO THE UNION GOVERNMENT TO AMEND THE HINDU SUCCESSION ACT, SO AS TO PROVIDE A SHARE FOR A MARRIED DAUGHTER IN THE PROPERTY OF HER FATHER-IN-LAW, INSTEAD OF HER FATHER

ਜਨਾਬ ਚੇਅਰਮੈਨ ਸਾਹਿਬ, ਸਦੀਆਂ ਤੋਂ ਨਹੀਂ ਬਲਕਿ ਕਈ ਜੁਗਾਂ ਤੋਂ ਇਹ ਰਸਮ ਚਲੀ ਆਉਂਦੀ ਹੈ ਕਿ ਜਿਸ ਵੇਲੇ ਇਕ ਲੜਕੀ ਦੀ ਸ਼ਾਦੀ ਹੁੰਦੀ ਹੈ ਤਾਂ ਉਸ ਦੇ ਭਰਾ, ਪਿਉ ਜਾਂ ਹੋਰ ਰਿਸ਼ਤੇਦਾਰ ਉਸ ਨੂੰ ਦਹੇਜ਼ ਦੇਣ ਵਾਸਤੇ ਵਿਤੋਂ ਬਹੁਤਾ ਦੇਣ ਦਾ ਜਤਨ ਕਰਦੇ ਹਨ । ਅੱਜ ਜੇ ਲੜਕੀ ਦੀ ਸ਼ਾਦੀ ਤੋਂ ਬਾਅਦ ਵੀ ਪਿਤਾ ਦੀ ਜਾਇਦਾਦ ਦੇ ਵਿਚ ਹਕ ਰਹਿਣ ਦਿਤਾ ਜਾਵੇ ਤਾਂ ਉਸ ਦੇ ਨਾਲ ਉਹ ਪੁਰਾਣਾ ਰਵਾਜ ਹਟ ਜਾਵੇਗਾ । ਔਰ ਜਿਥੇ ਅੱਗੇ ਭਰਾਵਾਂ ਭਰਾਵਾਂ ਦੀ ਜਾਇਦਾਦ ਤੋਂ ਲੜਾਈ ਹੁੰਦੀ ਹੈ ਉਸ ਦੇ ਵਿਚ ਇਕ ਤੀਸਰੀ ਲੜਾਈ ਦਾ ਕਾਰਨ ਹੋਰ ਖੜਾ ਹੋ ਜਾਵੇਗਾ । ਜੇ ਅਸੀਂ ਉਸ ਦੀ ਬਜਾਏ ਇਹ ਕਾਨੂੰਨ ਪਾਸ ਕਰ ਦੇਈਏ ਕੀ ਲੜਕੀ ਦੀ ਸ਼ਾਦੀ ਹੋ ਜਾਣ ਤੋਂ ਬਾਅਦ ਸੌਹਰੇ ਦੀ ਜਾਇਦਾਦ ਦੇ ਵਿਚ ਹਕ ਹੋਵੇ ਤਾਂ ਉਸ ਦੇ ਨਾਲ ਲੜਕੀਆਂ ਨੂੰ ਬਹੁਤ ਸਾਰਾ ਸੁਖ ਹੋ ਜਾਵੇਗਾ । ਕਈ ਵਾਰੀ ਸੌਹਰਿਆਂ ਦੇ ਘਰ ਜਦੋਂ ਲੜਕੀ ਜਾਵੇ ਤਾਂ ਤੀਵੀਂ ਆਦਮੀ ਦਾ ਆਪਸ ਵਿਚ ਝਗੜਾ ਹੋ ਜਾਂਦਾ ਹੈ । ਉਸ ਵੇਲੇ ਆਮ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਔਰਤ ਦਾ ਕੀ ਹੈ, ਇਹ ਤਾਂ ਪੈਰ ਦੀ ਜੁਤੀ ਹੈ । ਇਕ ਲਾਹੀ ਤੇ ਇਕ ਪਾਈ । ਇਹੋ ਜਿਹੇ ਹਾਲਾਤ ਦੇ ਵਿਚ ਜੇ ਔਰਤ ਨੂੰ ਇਹ ਹਕ ਹੋਵੇ ਕਿ ਸੌਹਰੇ ਦੀ ਜਾਇਦਾਦ ਦੇ ਵਿਚ ਉਸ ਦਾ ਹਿੱਸਾ ਹੈ ਤਾਂ ਉਸ ਦੇ ਖਾਵੰਦ ਨੂੰ ਇਹ ਜੁਰਤ ਨਹੀਂ ਹੋ ਸਕਦੀ ਕਿ ਉਹ ਉਸ ਨੂੰ ਛੋੜ ਦੇਵੇ । ਪ੍ਰਧਾਨ ਜੀ, ਜਿਸ ਵੇਲੇ ਤੀਵੀਂ ਅਤੇ ਆਦਮੀ ਦਾ ਝਗੜਾ ਹੋ ਜਾਵੇ ਤਾ ਕਈ ਆਦਮੀ ਉਨ੍ਹਾਂ ਵਿਚਾਰਿਆਂ ਨੂੰ ਬਚਿਆਂ ਸਮੇਤ ਹੀ ਕਢ ਦਿੰਦੇ ਹਨ ਔਰ ਉਹ ਵਿਚਾਰੀਆ ਦਰ ਬਦਰ ਬਚਿਆਂ ਨੂੰ ਨਾਲ ਲੈ ਕੇ ਰੁਲਦੀਆਂ ਫਿਰਦੀਆਂ ਹਨ ।

5. p.m.

ਜੇਕਰ ਬੀਬੀ ਨੂੰ ਕਾਨੂੰਨ ਦਾ ਪਤਾ ਹੈ ਕਿ ਮੈਂ ਆਪਣੇ ਸੌਹਰੇ ਦੀ ਜਾਇਦਾਦ ਵਿਚੋਂ ਹਿੱਸਾ ਲੈਣਾ ਹੈ ਤੇ ਦੂਜੇ ਪਾਸੇ ਜੇ ਉਸ ਆਦਮੀ ਨੂੰ ਪਤਾ ਹੋਵੇਗਾ ਕਿ ਮੇਰੇ ਹਿਸੇ ਵਿਚੋਂ ਮੇਰੀ ਔਰਤ ਨੂੰ ਜਾਇਦਾਦ ਮਿਲਣੀ ਹੈ ਤਾਂ ਉਸ ਆਦਮੀ ਨੂੰ ਇਹ ਵੀ ਪਤਾ ਲਗ ਜਾਵੇਗਾ ਕਿ ਉਸ ਨੇ ਆਪਣੀ ਔਰਤ ਨਾਲ ਕਿਸ ਤਰ੍ਹਾਂ ਦਾ ਸਲੂਕ ਕਰਨਾ ਹੈ । ਜੇ ਦੋਵਾਂ ਨੂੰ ਪਤਾ ਹੈ ਕਿ ਉਨ੍ਹਾਂ ਦੇ ਹਕ ਸਾਂਝੇ ਹਨ ਤੇ ਬਰਾਬਰ ਦੇ ਹਨ ਤਾਂ ਉਨ੍ਹਾਂ ਹੱਕਾਂ ਨੂੰ ਮੁਖ ਰਖ ਦੇ ਹੋਏ ਉਨ੍ਹਾਂ ਵਿਚ ਜੋ ਝਗੜਾ ਹੁੰਦਾ ਹੈ ਉਹ ਨਹੀਂ ਰਹੇਗਾ । ਮੈਂ ਦਸਣਾ ਚਾਹੁੰਦਾ ਹਾਂ ਕਿ ਇਸ ਕਾਨੂੰਨ ਰਾਹੀਂ ਕੀ ਕੀ ਔਕੜਾਂ ਪੇਸ਼ ਆਉਣਗੀਆਂ । ਰੱਬ ਨਾ ਕਰੇ, ਜੇਕਰ ਕਿਸੇ ਲੜਕੀ ਦੀ ਸ਼ਾਦੀ ਤੋਂ ਬਾਅਦ ਪਿਤਾ ਮਰ ਜਾਵੇ ਅਤੇ ਉਸ ਦੇ ਜੋ ਤਿੰਨ ਚਾਰ ਭਰਾ ਹੋਣਗੇ ਫੇਰ ਉਨ੍ਹਾਂ ਦਾ ਜਾਇਦਾਦ ਦੀ ਵੰਡ ਲਈ ਝਗੜਾ ਹੋਵੇਗਾ । ਬਾਪ ਦੇ ਸੁਰਗਵਾਸ ਹੋ ਜਾਣ ਤੋਂ ਬਾਅਦ ਭਰਾ ਆਪਣੀ ਭੈਣ ਨੂੰ ਜਾਇਦਾਦ ਦਾ ਹਿੱਸਾ ਨਹੀਂ ਦੇਣਾ ਚਾਹੁਣਗੇ ਅਤੇ ਉਹ ਝਗੜੇ ਦੀ ਬੁਨਿਆਦ ਬਣੇਗੀ । ਬਾਪ ਦੇ ਮਰ ਜਾਣ ਤੋਂ ਬਾਅਦ ਆਮ ਦੇਖਿਆ ਜਾਂਦਾ ਹੈ ਕਿ ਜਾਇਦਾਦ ਦੀ ਵੰਡ ਵੇਲੇ ਭਾਵੇਂ ਉਹ ਕਿੰਨੀ ਹੀ ਥੋੜੀ ਕਿਉਂ ਨਾ ਹੋਵੇ, ਭਰਾ ਭਰਾ ਆਪਸ ਵਿਚ ਲੜਦੇ ਹਨ । ਭਰਾਵਾਂ ਭਰਾਵਾਂ ਦੀ ਜਾਇਦਾਦ ਦੀ ਖਾਤਰ ਲੜਾਈ ਹੀ ਨਹੀਂ ਹੁੰਦੀ ਤੇ ਸਿਰਫ ਮੁਕੱਦਮੇ ਬਾਜ਼ੀ ਹੀ ਨਹੀਂ ਹੁੰਦੀ ਬਲਕਿ ਕਤਲ ਕਰਨ ਤਕ ਵੀ ਨੌਬਤ ਆ ਜਾਂਦੀ ਹੈ । ਜਦੋਂ ਭਰਾਵਾਂ ਭਰਾਵਾਂ ਵਿਚ ਇਹ ਚੀਜ਼ ਹੁੰਦੀ ਹੈ ਤਾਂ ਤੁਸੀਂ ਅੰਦਾਜ਼ਾ ਲਾ ਲਉ ਕਿ ਜਦੋਂ ਇਸ ਵਿਚ ਭੈਣ ਦਾ ਵੀ ਹਿੱਸਾ ਪੈ ਜਾਣਾ ਹੈ ਤਾਂ ਫੇਰ ਕੀ ਹੋਵੇਗਾ । ਜੋ ਕਾਨੂੰਨ ਹਿੰਦੁਸਤਾਨ ਦੀ ਪਾਰਲੀਮੈਂਟ ਵਿਚ ਪਾਸ ਹੋਇਆ ਹੈ ਕਿ ਲੜਕੀ ਨੂੰ ਬਾਪ ਦੀ

[ਸ਼੍ਰੀ ਸੰਤ ਰਾਮ]

ਜਾਇਦਾਦ ਵਿਚੋਂ ਹਿੱਸਾ ਦੇਣਾ ਹੈ ਜੇਕਰ ਉਹ ਕਾਨੂੰਨ ਚਲਦਾ ਰਿਹਾ ਤਾਂ ਬਹੁਤ ਝਗੜੇ ਖੜੇ ਹੋਣਗੇ। ਜਿਥੇ ਪਹਿਲਾਂ ਮਾਤਾ ਪਿਤਾ ਦੇ ਸੁਰਗਵਾਸ ਹੋਣ ਤੋਂ ਬਾਅਦ ਭਰਾ ਹੀ ਆਪਸ ਵਿਚ ਲੜਦੇ ਰਹਿੰਦੇ ਹਨ ਉਥੇ ਹੁਣ ਭੈਣਾ ਵੀ ਉਸ ਲੜਾਈ ਵਿਚ ਸ਼ਾਮਿਲ ਹੋ ਜਾਣਗੀਆਂ ਅਤੇ ਇਸ ਨਾਲ ਮੁਕੱਦਮੇ ਬਾਜ਼ੀ ਵੀ ਵਧੇਗੀ। ਮਿਸਾਲ ਦੇ ਤੌਰ ਤੇ ਜੇ ਚੰਡੀਗੜ੍ਹ ਦੀ ਇਕ ਲੜਕੀ ਅੰਮ੍ਰਿਤਸਰ ਵਿਆਹੀ ਜਾਂਦੀ ਹੈ ਜਾਂ ਅੰਮ੍ਰਿਤਸਰ ਦੀ ਲੜਕੀ ਚੰਡੀਗੜ੍ਹ ਵਿਆਹੀ ਜਾਂਦੀ ਹੈ ਅਤੇ ਉਸ ਨੂੰ ਪਤਾ ਹੈ ਕਿ ਉਸ ਦੇ ਬਾਪ ਦੇ ਇਤਨੇ ਮਕਾਨ ਹਨ, ਇਤਨੀ ਜ਼ਮੀਨ ਹੈ ਤੇ ਬੈਂਕ ਵਿਚ ਇਤਨਾ ਰੁਪਿਆ ਹੈ। ਪਿਤਾ ਦੇ ਸੁਰਗਵਾਸ ਹੋ ਜਾਣ ਤੋਂ ਬਾਅਦ ਜੇ ਉਹ ਲੜਕੀ ਆਪਣੇ ਭਰਾਵਾਂ ਤੋਂ ਉਸ ਸਾਰੀ ਜਾਇਦਾਦ ਦਾ ਹਿੱਸਾ ਮੰਗਦੀ ਹੈ ਅਤੇ ਭਰਾ ਇੰਨਕਾਰੀ ਹੁੰਦੇ ਹਨ ਤਾਂ ਫਿਰ ਮੁਕੱਦਮੇ ਬਾਜ਼ੀ ਚਲੇਗੀ। ਚੰਡੀ ਗੜ੍ਹ ਵਾਲੀ ਲੜਕੀ ਅੰਮ੍ਰਿਤਸਰ ਤੋਂ ਚੰਡੀ ਗੜ੍ਹ ਆ ਕੇ ਜਾਂ ਅੰਮ੍ਰਿਤਸਰ ਵਾਲੀ ਚੰਡੀ ਗੜ੍ਹ ਤੋਂ ਜਾ ਕੇ ਅੰਮ੍ਰਿਤਸਰ ਦਾਵਾ ਕਰੇਗੀ। ਨਤੀਜਾ ਇਹ ਹੋਵੇਗਾ ਕਿ ਲੜਕੀਆਂ ਜਾਇਦਾਦ ਦੀ ਖਾਤਰ ਮੁਕੱਦਮੇ ਬਾਜ਼ੀ ਵਿਚ ਫਸ ਜਾਣਗੀਆਂ ਤੇ ਤਰੀਕਾਂ ਭੁਗਤਦੀਆਂ ਫਿਰਨਗੀਆਂ। ਇਸ ਚੀਜ਼ ਨਾਲ ਹੋਰ ਤਾਂ ਕੋਈ ਫਾਇਦਾ ਨਹੀਂ ਹੋਵੇਗਾ ਪਰ ਵਕੀਲਾਂ ਦੀ ਆਮਦਨੀ ਜ਼ਰੂਰ ਵਧ ਜਾਵੇਗੀ। ਵਕੀਲ ਤਾਂ ਪਹਿਲਾਂ ਹੀ ਚਾਹੁੰਦੇ ਹਨ ਕਿ ਇਹੋ ਜਹੇ ਕਾਨੂੰਨ ਬਨਣ ਤੇ ਉਨ੍ਹਾਂ ਦੀ ਆਮਦਨੀ ਵਧੇ। ਚੇਅਰਮੈਨ ਸਾਹਿਬ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਭੈਣਾ ਭਰਾਵਾਂ ਦੀ ਲੜਾਈ ਹੋਵੇਗੀ ਤੇ ਭੈਣ ਭਰਾ ਦੀ ਜੋ ਮੁਹੱਬਤ ਹੁੰਦੀ ਹੈ ਉਸ ਵਿਚ ਵਿਘਨ ਪਵੇਗਾ। ਭੈਣ ਭਰਾ ਦਾ ਇਕ ਅਟੁਟ ਤੇ ਪਵਿਤਰ ਰਿਸ਼ਤਾ ਹੈ ਪਰ ਇਸ ਕਾਨੂੰਨ ਨਾਲ ਉਸ ਮੁਹੱਬਤ ਵਿਚ ਘਾਟਾ ਪਵੇਗਾ। ਉਹ ਪਵਿਤਰ ਰਿਸ਼ਤਾ ਜੋ ਸਦੀਆਂ ਤੋਂ ਚਲਿਆ ਆ ਰਿਹਾ ਹੈ ਉਸ ਵਿਚ ਵਿਘਨ ਪਵੇਗਾ। ਚੇਅਰਮੈਨ ਸਾਹਿਬ, ਤੁਸੀਂ ਜਾਣਦੇ ਹੋ ਕਿ ਲੋਕ ਹਜ਼ਾਰਾਂ ਰੁਪਏ ਤੇ ਕਈ ਅਮੀਰ ਆਦਮੀ ਤਾਂ ਲੱਖਾਂ ਰੁਪਏ ਆਪਣੀ ਲੜਕੀਆਂ ਦੀ ਸ਼ਾਦੀ ਤੇ ਖਰਚ ਕਰਦੇ ਹਨ। ਜੇ ਕਿਸੇ ਦਾ ਬਾਪ ਵੀ ਮਰ ਗਿਆ ਹੋਵੇ ਤਾਂ ਭਰਾ ਹਜ਼ਾਰਾਂ ਰੁਪਏ ਖਰਚ ਕਰਦੇ ਹਨ। ਮੈਂ ਤੁਹਾਨੂੰ ਇਕ ਮਿਸਾਲ ਦਸਦਾ ਹਾਂ। ਮੇਰੇ ਆਪਣੇ ਹਲਕੇ ਵਿਚ ਇਕ ਲੜਕੀ ਦੀ ਸ਼ਾਦੀ ਸੀ। ਉਸ ਦੇ ਤਿੰਨ ਭਰਾ ਹਨ। ਬਾਪ ਉਨ੍ਹਾਂ ਦਾ ਮਰ ਚੁਕਿਆ ਹੈ। ਮੈਂ ਵੀ ਉਸ ਸ਼ਾਦੀ ਵਿਚ ਗਿਆ ਹੋਇਆ ਸੀ। ਮੈਂ ਉਨ੍ਹਾਂ ਨੂੰ ਪੁਛਿਆ ਕਿ ਤੁਸੀਂ ਬੜਾ ਰੁਪਿਆ ਵਿਆਹ ਤੇ ਲਾਇਆ ਹੈ ਤੇ ਨਕਦੀ ਵੀ ਐਨੀ ਦੇ ਦੇਣੀ ਹੈ। ਉਨ੍ਹਾਂ ਕਿਹਾ ਕਿ ਅਸੀਂ ਤਿੰਨ ਭਰਾ ਹਾਂ ਤੇ ਅਸੀਂ ਇਕ ਇਕ ਨੇ ਪੰਜ ਪੰਜ ਹਜ਼ਾਰ ਰੁਪਿਆ ਪਾਇਆ ਹੈ ਤੇ ਇਹ ਸਾਰਾ ਦਹੇਜ ਦਿੱਤਾ ਹੈ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਲੜਕੀਆਂ ਨੂੰ ਹਰ ਕੋਈ ਆਪਣੀ ਔਕਾਤ ਦੇ ਮੁਤਾਬਿਕ, ਮੈਂ ਤਾਂ ਇਹ ਵੀ ਕਹਾਂਗਾ ਕਿ ਆਪਣੀ ਔਕਾਤ ਤੋਂ ਵੀ ਵਧ ਕੇ ਦਹੇਜ ਦਿੱਤਾ ਜਾਂਦਾ ਹੈ। ਸਾਡੇ ਸਮਾਜ ਵਿਚ ਇਹ ਰਵਾਜ ਹੈ ਕਿ ਲੜਕੀ ਨੂੰ ਜੋ ਦਹੇਜ ਦਿੱਤਾ ਜਾਂਦਾ ਹੈ ਉਸ ਨੂੰ ਪੁਨ ਸਮਝਿਆ ਜਾਂਦਾ ਹੈ। ਤੇ ਬੜਾ ਭਾਰੀ ਦਾਨ ਸਮਝਿਆ ਜਾਂਦਾ ਹੈ। ਹਰੇਕ ਦੀ ਖਾਹਸ਼ ਹੁੰਦੀ ਹੈ ਕਿ ਵਧ ਤੋਂ ਵਧ ਇਹ ਦਾਨ ਦਿੱਤਾ ਜਾਵੇ ਭਾਵੇਂ ਇਸ ਲਈ ਕਰਜਾ ਵੀ ਕਿਉਂ ਨਾ ਚੁਕਣਾ ਪਵੇ। ਭਰਾ ਭੈਣਾ ਲਈ ਆਪਣੇ ਮਕਾਨ ਤਕ ਵੀ ਗਿਰਵੀ ਰਖ ਦਿੰਦੇ ਹਨ ਕਿ ਭੈਣਾ ਨੂੰ ਦਹੇਜ ਜ਼ਰੂਰ ਦੇਣਾ ਹੈ। ਇਸ ਲਈ ਮੈਂ ਕਹਾਂਗਾ ਕਿ ਜੇ ਇਹ ਕਾਨੂੰਨ ਚਲਦਾ ਰਿਹਾ ਤਾਂ ਭੈਣ ਭਰਾ ਦਾ ਰਿਸ਼ਤਾ ਖਤਮ ਹੋ ਜਾਵੇਗਾ। ਭੈਣ ਭਰਾ ਵਿਚ ਤੇ ਲੜਕੀ ਬਾਪ ਵਿਚ ਦੁਸ਼ਮਨੀ ਵਧੇਗੀ ਤੇ ਹੋਰ ਕਈ ਬੁਰਾਈਆਂ ਪੈਦਾ ਹੋਣਗੀਆਂ। ਇਸ ਲਈ ਮੈਂ ਸਾਰੇ ਹਾਉਸ ਅਗੇ ਬੇਨਤੀ ਕਰਾਂਗਾ ਕਿ ਇਸ ਮਤੇ ਤੇ

ਗੌਰ ਕਰਕੇ ਇਸ ਨੂੰ ਪਾਸ ਕੀਤਾ ਜਾਵੇ । ਹੁਣੇ ਕਿਰਾਏਦਾਰਾਂ ਬਾਰੇ ਜੋ ਮਤਾ ਪੇਸ਼ ਸੀ ਉਸ ਦੀ ਰਾਠੀ ਸਾਹਿਬ ਨੇ ਬੜੀ support ਕੀਤੀ ਹੈ ਇਸੇ ਤਰ੍ਹਾਂ ਮੈਂ ਸਮਝਦਾ ਹਾਂ ਕਿ ਉਹ ਇਸ ਮਤੇ ਦੀ ਉਸ ਤੋਂ ਵੀ ਵਧ support ਕਰਨਗੇ । ਮੈਂ ਸਾਰੇ ਭਰਾਵਾਂ ਤੇ ਭੈਣਾ ਅਗੇ ਭਾਵੇਂ ਉਹ Opposition ਦੇ ਹਨ ਭਾਵੇਂ ਇਸ ਪਖ ਦੇ ਹਨ ਅਰਜ਼ ਕਰਾਂ ਗਾ ਕਿ ਇਸ ਨੂੰ ਪਾਸ ਕੀਤਾ ਜਾਵੇ ।ਮੈਂ ਭੈਣਾ ਨੂੰ ਫੇਰ ਕਹਾਂਗਾ ਕਿ ਉਨ੍ਹਾਂ ਨੂੰ ਵੀ ਇਸ ਦੀ support ਕਰਨੀ ਚਾਹੀਦੀ ਹੈ । ਇਹ ਮਤਾ ਜੋ ਹੈ ਉਹ ਉਨ੍ਹਾਂ ਦੀ ਰਖਿਆ ਲਈ ਹੀ ਹੈ । ਜੇਕਰ ਭੈਣਾਂ ਭਰਾ ਦੀ ਜਾਇਦਾਦ ਵਿਚੋਂ ਹਿੱਸਾ ਲੈਣ ਗੀਆਂ ਤਾਂ ਝਗੜੇ ਪੈਦਾ ਹੋਣਗੇ । ਇਤਨੀ ਅਰਜ਼ ਕਰਦਾ ਹੋਇਆ ਮੈਂ ਜਨਾਬ ਆਪ ਦੀ ਰਾਹੀਂ ਹਾਊਸ ਅਗੇ ਦਰਖਾਸਤ ਕਰਦਾ ਹਾਂ ਕਿ ਇਹ ਇਸ ਮਤੇ ਨੂੰ ਪਾਸ ਕਰੇ ਅਤੇ ਸਰਕਾਰ ਵੀ ਇਸ ਨੂੰ ਮਨ ਲਏ ਤੇ ਫੇਰ ਇਸ ਨੂੰ ਭਾਰਤ ਸਰਕਾਰ ਕੋਲ ਭੇਜੇ ।

Mr Chairman: Motion moved—

> This Assembly recommends to the Government to move the Union Government to amend the Hindu Succession Act so as to provide a share for a married daughter in the property of her father-in-law, instead of her father.

ਸਰਦਾਰ ਗੁਰਮੀਤ ਸਿੰਘ 'ਮੀਤ' (ਬਾਘਾ ਪੁਰਾਣਾ): ਚੇਅਰਮੈਨ ਸਾਹਿਬ, ਮੈਂ ਇਸ ਹਾਊਸ ਦੇ ਆਨਰੇਬਲ ਮੈਂਬਰ ਸ਼੍ਰੀ ਸੰਤ ਰਾਮ ਜੀ ਨੂੰ ਵਧਾਈ ਪੇਸ਼ ਕਰਦਾ ਹਾਂ ਕਿ ਪੰਜਾਬ ਦੇ ਕਿਸਾਨਾਂ ਨੂੰ ਜੋ ਔਕੜਾਂ ਅਤੇ ਤਕਲੀਫਾਂ ਇਸ ਗੱਲ ਨਾਲ ਆਉਣੀਆਂ ਹਨ ਅਤੇ ਇਸ ਦੀ ਵਜਾਹ ਨਾਲ ਸੂਬੇ ਦੀ ਪੈਦਾਵਾਰ ਘਟ ਜਾਣੀ ਹੈ ਤੇ ਸੂਬੇ ਦੀ ਅਨਾਜ ਦੀ ਪੈਦਾਵਾਰ ਘਟ ਜਾਣ ਨਾਲ ਸਾਡੇ ਦੇਸ਼ ਦੇ ਅੰਨ ਸੰਕਟ ਨੂੰ ਦੂਰ ਕਰਨ ਵਿਚ ਰੁਕਾਵਟ ਆਉਣੀ ਹੈ ਉਸਦਾ ਇਲਾਜ ਸੋਚ ਕੇ ਉਨ੍ਹਾਂ ਇਹ resolution ਇਸ ਹਾਊਸ ਵਿਚ ਲਿਆਂਦਾ ਹੈ ਕਿ ਇਸਨੂੰ ਪਾਸ ਕਰਕੇ ਮਰਕਜ਼ੀ ਸਰਕਾਰ ਨੂੰ ਭੇਜਿਆ ਜਾਵੇ ਅਤੇ ਇਹ ਸਿਫਾਰਿਸ਼ ਕੀਤੀ ਜਾਵੇ ਕਿ ਇਹ ਜੋ ਔਕੜਾਂ ਪੈਦਾ ਹੋਣੀਆਂ ਹਨ ਇਨ੍ਹਾਂ ਦਾ ਬਰਵਕਤ ਇਲਾਜ ਕੀਤਾ ਜਾਵੇ । ਮੈਂ ਇਸ resolution ਦੇ ਭਾਵ ਦਾ ਪਿਛਵਾੜਾ ਵੀ ਦਸਣਾ ਚਾਹੁੰਦਾ ਹਾਂ ਕਿ ਇਸ ਦਾ ਪਿਛਵਾੜਾ ਕੀ ਹੈ ਅਤੇ ਇਸ ਦੇ ਲਿਆਉਣ ਦੀ ਕਿਉਂ ਲੋੜ ਪਈ । ਆਪ ਨੂੰ ਵੀ ਪਤਾ ਹੋਵੇਗਾ ਕਿ ਜਦੋਂ Hindu Code Bill ਪਾਰਲੀਮੈਂਟ ਵਿਚ ਪੇਸ਼ ਹੋਇਆ ਅਤੇ ਪਹਿਲਾ ਖਰੜਾ ਜੋ ਉਸ ਦਾ ਸਾਡੇ ਦੇ ਸਾਹਮਣੇ ਪੇਸ਼ ਹੋਇਆ ਜਿਸਦੇ ਖਿਲਾਫ ਬਹੁਤ ਸ਼ੋਰ ਹੋਇਆ ਤੇ ਉਸਦਾ ਬੜਾ ਜ਼ਬਰਦਸਤ ਵਿਰੋਧ ਹੋਇਆ ਉਸ ਵਕਤ agricultural land ਇਸ ਕਾਨੂੰਨ ਦੇ ਦਾਇਰੇ ਤੋਂ ਬਾਹਰ ਰਖੀ ਗਈ ਸੀ ਕਿ ਲੜਕੀ ਨੂੰ agricultural land ਵਿਚੋਂ ਹਿੱਸਾ ਨਹੀਂ ਦਿੱਤਾ ਜਾਵੇਗਾ । ਲੇਕਿਨ ਜਦੋਂ ਹਿੰਦੂ ਕੋਡ ਬਿਲ ਦੇ ਖਿਲਾਫ ਬਹੁਤ ਸ਼ੋਰ ਹੋਇਆ, ਹਰ ਪਾਸਿਉਂ ਵਿਰੋਧ ਹੋਇਆ ਤਾਂ ਉਨ੍ਹਾਂ ਨੇ ਇਸ ਨੂੰ ਪਾਰਲੀਮੈਂਟ ਵਿਚ bye parts ਪੇਸ਼ ਕਰਕੇ ਪਾਸ ਕਰਾਉਣ ਦਾ ਫੈਸਲਾ ਕੀਤਾ ਅਤੇ ਇਸ ਦਾ ਵਰਾਸਤ ਬਾਰੇ ਹਿਸਾ Hindu Succession Bill ਦੀ ਸ਼ਕਲ ਵਿਚ ਪਾਰਲੀਮੈਂਟ ਵਿਚ ਪੇਸ਼ ਹੋਇਆ । ਜਦੋਂ ਇਹ ਦੁਬਾਰਾ ਪੇਸ਼ ਕੀਤਾ ਗਿਆ ਤਾਂ ਇਸ ਵਿਚ agricultural land ਨੂੰ ਵੀ include ਕਰ ਲਿਆ ਗਿਆ ਅਤੇ ਇਹ ਚੀਜ਼ ਪਾਸ ਵੀ ਹੋ ਚੁਕੀ ਹੈ। ਸੋ ਇਸ ਔਕੜ ਨੂੰ ਦੂਰ

[ਸਰਦਾਰ ਗੁਰਮੀਤ ਸਿੰਘ 'ਮੀਤ']

ਕਰਨ ਲਈ ਇਹ ਮਤਾ ਇਸ ਹਾਊਸ ਵਿਚ ਆਇਆ ਹੈ ਕਿ agricultural land ਨੂੰ ਇਸ ਕਾਨੂੰਨ ਵਿਚੋਂ ਕਢਿਆ ਜਾਵੇ ਜਿਸ ਤਰ੍ਹਾਂ ਕਿ ਇਸ legislation ਦੇ ਪਹਿਲੇ ਖਰੜੇ ਵਿਚ ਵੀ ਇਸ ਦੀ provision ਨਹੀਂ ਕੀਤੀ ਗਈ ਸੀ। ਚੇਅਰਮੈਨ ਸਾਹਿਬ, ਮੈਂ ਆਪ ਦੇ ਜ਼ਰੀਏ ਇਹ ਗੱਲ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਅਸੀਂ ਇਸਤਰੀ ਜਾਤੀ ਨੂੰ ਉਸ ਦੇ ਹਕ ਦੇਣ ਦੇ ਵਿਰੁਧ ਨਹੀਂ ਹਾਂ ਕਿਉਂਕਿ ਜਿਸ ਇਸਤਰੀ ਜਾਤੀ ਨੂੰ better half ਸਮਝਿਆ ਜਾਂਦਾ ਹੋਵੇ ਜਿਸ ਨੂੰ ਕਬੀਰ ਜੀ ਨੇ ਅਰਧ ਸ਼ਰੀਰੀ ਕਿਹਾ ਹੋਵੇ, ਬੜੇ ਬੜੇ ਭਗਤਾਂ ਨੇ ਜਿਸ ਦਾ ਮਾਨ ਸਤਿਕਾਰ ਕੀਤਾ ਹੋਵੇ ਤੇ ਸਾਡੇ ਦੇਸ਼ ਦੀ ਰਿਵਾਇਤ ਵੀ ਇਹੋ ਹੀ ਹੋਵੇ ਕਿ ;

"ਸੋ ਕਿਉਂ ਮੰਦਾ ਆਖੀਏ ਜਿਤ ਜੰਮੇ ਰਾਜਾਨ"

ਉਸ ਜਾਤੀ ਨੂੰ ਅਸੀਂ ਹਕ ਦੇਣ ਦੇ ਵਿਰੁਧ ਨਹੀਂ ਹਾਂ। ਪਰ ਹਕ ਕਿਸ ਤਰੀਕੇ ਨਾਲ ਦਿਤੇ ਜਾਣ ਇਸ ਬਾਰੇ ਇਹ resolution ਇਥੇ ਲਿਆਂਦਾ ਗਿਆ ਹੈ। ਇਸ ਮਤੇ ਰਾਹੀਂ ਉਨ੍ਹਾਂ ਦੇ ਹਕ ਖੋਹੇ ਨਹੀਂ ਜਾ ਰਹੇ ਬਲਕਿ ਕਿਸੇ ਹੋਰ ਤਰੀਕੇ ਨਾਲ, ਸੋਹਣੇ ਤੇ ਸੁਚਜੇ ਤਰੀਕੇ ਨਾਲ ਉਨ੍ਹਾਂ ਨੂੰ ਦਿੱਤੇ ਜਾ ਰਹੇ ਹਨ। ਜਨਾਬ ਮੇਰੇ ਇਸ ਪੰਜਾਬ ਵਿਚ $1\frac{1}{2}$ ਏਕੜ ਜ਼ਮੀਨ ਔਸਤਨ ਫੀ ਕਿਸਾਨ ਹਿੱਸੇ ਆਉਂਦੀ ਹੈ। ਜਦੋਂ ਕਿ ਸਿਰਫ ਭਰਾਵਾਂ ਵਿਚ ਹੀ ਜ਼ਮੀਨ ਵੰਡੀ ਜਾਂਦੀ ਹੈ ਅਤੇ ਕੇਵਲ males ਨੂੰ ਹੀ ਜ਼ਮੀਨ ਦਿੱਤੀ ਜਾਂਦੀ ਹੈ ਤਾਂ ਵੀ $1\frac{1}{2}$ ਏਕੜ ਫੀ ਕਿਸਾਨ ਔਸਤ ਆਉਂਦੀ ਹੈ। ਪਰ ਜਦੋਂ ਇਹ ਭੈਣਾਂ ਵਿਚ ਵੀ ਭਰਾਵਾਂ ਦੇ ਬਰਾਬਰ ਤਕਸੀਮ ਕੀਤੀ ਜਾਵੇਗੀ ਤਾਂ ਇਹ ਸਿਰਫ ਪੌਣਾ ਏਕੜ ਹੀ ਫੀ ਕਿਸਾਨ ਔਸਤਨ ਆਵੇਗੀ। Economics ਨੂੰ ਪੜ੍ਹਣ ਵਾਲੇ ਤੇ ਜਾਨਣ ਵਾਲੇ ਜਿਤਨੇ ਵੀ ਸਜਨ ਹਨ, ਉਹ ਜਾਣਦੇ ਹਨ ਕਿ ਜਿਤਨੀ ਜ਼ਮੀਨ ਘਟ ਹੋਵੇਗੀ ਤੇ holding ਜਿਤਨੀ ਛੋਟੀ ਤੇ fragmented ਹੋਵੇਗੀ ਉਤਨੀ ਹੀ uneconomic ਹੋਵੇਗੀ। ਇਸ ਦਾ uneconomic ਹੋਣ ਨਾਲ ਇਸ ਦੀ ਪੈਦਾਵਾਰ ਵੀ ਘਟ ਜਾਵੇਗੀ। ਇਸ ਲਈ ਪੇਕੇ ਦੀ ਜ਼ਮੀਨ ਦੀ sub-division ਨਾਲ ਤੇ ਬਹੁਤ ਹਿਸਿਆਂ ਵਿਚ ਵੰਡੇ ਜਾਣ ਨਾਲ ਉਸਦੀ ਪੈਦਾਵਾਰ ਤੇ ਸੱਟ ਪਵੇਗੀ। ਭੈਣਾਂ ਤੇ ਭਰਾਵਾਂ ਵਿਚ ਜ਼ਮੀਨ ਦਾ ਛੋਟੇ ਛੋਟੇ ਟੁਕੜਿਆਂ ਵਿਚ ਵੰਡੇ ਜਾਣ ਨਾਲ ਤੇ ਫੇਰ ਭੈਣ ਦੇ ਆਪਣੇ ਪੇਕੇ ਘਰ ਜਾਕੇ ਜ਼ਮੀਨ ਨਾ ਸਾਂਭ ਸਕਣ ਨਾਲ ਪੈਦਾਵਾਰ ਤੇ ਤਕੜੀ ਸੱਟ ਪਵੇਗੀ। ਇਸ ਦਾ ਸਿਟਾ ਇਹ ਹੋਵੇਗਾ ਕਿ ਭੈਣ ਜਾਂ ਤੇ ਉਹ ਆਪਣੇ ਭਰਾਵਾਂ ਨੂੰ ਜ਼ਮੀਨ ਠੇਕੇ ਤੇ ਦੇਵੇਗੀ ਜਾਂ ਹੋਰ ਸ਼ਰੀਕਾਂ ਪਿੰਡ ਵਾਲਿਆਂ ਨੂੰ ਠੇਕੇ ਤੇ ਦੇਵੇਗੀ ਜਿਸ ਵਿਚ ਹੋਰ ਬੜੀਆਂ ਔਕੜਾਂ ਪੇਸ਼ ਆਉਣਗੀਆਂ। ਅਸੀਂ tenancy laws ਜੋ ਬਣਾਏ ਹਨ ਅਤੇ ਜੋ ਰੂਲਜ਼ ਅਤੇ bye-laws ਬਣਾਏ ਹਨ ਉਨ੍ਹਾਂ ਵਿਚ self-cultivation ਦਾ ਖੁਦ ਕਾਸ਼ਤ ਦਾ ਲਫਜ਼ ਆਇਆ ਹੈ ਅਤੇ self-cultivation ਰਾਹੀਂ ਹੀ ਜ਼ਮੀਨ ਕਾਬੂ ਵਿਚ ਰਖੀ ਜਾ ਸਕਦੀ ਹੈ। ਉਹ ਲੜਕੀ ਜੇਕਰ ਆਪਣੇ ਖਾਵੰਦ ਜਾਂ ਉਸ ਦੇ ਰਿਸ਼ਤੇਦਾਰਾਂ ਦੇ ਜ਼ਰੀਏ ਉਸ ਜ਼ਮੀਨ ਦੀ ਕਾਸ਼ਤ ਕਰਾਵੇਗੀ ਤਾਂ ਹੀ ਉਹ ਖੁਦ ਕਾਸ਼ਤ ਰਾਹੀਂ ਜ਼ਮੀਨ ਆਪਣੇ ਪਾਸ ਰਖ ਸਕੇਗੀ। ਜੇਕਰ ਉਹ ਜ਼ਮੀਨ ਠੇਕੇ ਤੇ ਦਿੱਤੀ ਜਾਵੇਗੀ ਤਾਂ ਉਹ self-cultivation ਦੀ ਜ਼ਦ ਵਿਚੋਂ ਨਿਕਲ ਜਾਵੇਗੀ। ਇਸ ਤਰ੍ਹਾਂ ਪਿੰਡਾਂ ਦੀ homogenity ਅਤੇ ਭਾਈਚਾਰਾ ਟੁਟੇ ਗਾ ਇਸ ਤਰ੍ਹਾਂ ਭੈਣਾਂ ਭਰਾਵਾਂ ਦਾ ਪਿਆਰ ਟੁਟੇਗਾ ਤੇ ਹੋਰ ਕਈ ਔਕੜਾਂ ਪੈਦਾ ਹੋਣਗੀਆਂ।

ਔਰ ਉਸ ਜ਼ਮੀਨ ਵਿਚ ਕਿਸੇ ਦਾ interest ਨਹੀਂ ਰਹੇਗਾ। ਨਤੀਜਾ ਇਹ ਹੋਵੇਗਾ ਕਿ ਉਸਦੀ ਪੈਦਾਵਾਰ ਘਟ ਜਾਏਗੀ ਔਰ ਜੇਕਰ ਉਹ ਭੈਣ ਆਪਣੇ ਪਤੀ ਦੀ ਰਾਹੀਂ ਅਤੇ ਲੜਕਿਆਂ ਦੀ ਰਾਹੀਂ ਉਸ ਵਿਚ ਕਾਸ਼ਤ ਕਰੇਗੀ ਤਾਂ ਜ਼ਮੀਨ ਦਾ ਪ੍ਰਬੰਧ ਕਰਨ ਵਿਚ ਅਤੇ supervision ਵਿਚ ਬਹੁਤ ਸਾਰੀਆਂ ਔਕੜਾਂ ਆਉਣਗੀਆਂ ਕਿਉਂਕਿ ਦੋ ਦੋ ਥਾਵਾਂ ਤੇ ਜ਼ਮੀਨ ਦਾ ਪ੍ਰਬੰਧ ਕਰਨਾ ਉਨ੍ਹਾਂ ਲਈ ਮੁਸ਼ਕਲ ਹੋ ਜਾਏਗਾ। ਮਿਸਾਲ ਦੇ ਤੌਰ ਤੇ ਜੇ ਇਕ ਲੜਕੀ ਦੇ ਪੇਕੇ ਅੰਮ੍ਰਿਤਸਰ ਜ਼ਿਲੇ ਵਿਚ ਹੋਣ ਔਰ ਉਸ ਦੇ ਸੌਹਰੇ ਕਰਨਾਲ ਵਿਚ ਹੋਣ ਔਰ ਉਸ ਦੇ ਹਿਸੇ ਇਕ ਏਕੜ ਜ਼ਮੀਨ ਆਉਂਦੀ ਹੈ ਤਾਂ ਉਹ ਆਪਣੇ ਹਿਸੇ ਦੀ ਜ਼ਮੀਨ ਦੀ ਕਾਸ਼ਤ ਨਹੀਂ ਕਰ ਸਕੇਗੀ। ਇਸ ਦੇ ਨਾਲ ਪੰਜਾਬ ਦੇ ਜ਼ਮੀਂਦਾਰਾਂ ਦੀ talent ਜ਼ਾਇਆ ਜਾਏਗੀ ਔਰ ਪੈਦਾਵਾਰ ਵਿਚ ਵਾਧਾ ਨਹੀਂ ਹੋ ਸਕੇਗਾ। ਇਸ ਕਾਨੂੰਨ ਦੇ ਬਨਣ ਨਾਲ ਸਾਡੇ ਐਗਰੀਕਲਚਰਲ ਘਰਾਨਿਆਂ ਵਿਚ ਹੋਰ ਵੀ ਤੰਗੀ ਹੋ ਗਈ ਹੈ। ਬਾਪ ਦੇ ਮਰਨ ਦੇ ਬਾਅਦ ਸੋਗਮਈ ਦਿਨਾਂ ਵਿਚ ਤਾਏ ਚਾਚੇ ਤੇ ਭਰਾ ਉਸ ਜ਼ਮੀਨ ਨੂੰ ਨਾ ਵੰਡੇ ਜਾਣ ਦੀ ਖ਼ਾਹਸ਼ ਕਰਦੇ ਹਨ। ਉਸ ਦਾ ਆਪਣਾ ਭੈਣ ਦਾ ਪਿਆਰ ਵੀ ਉਸ ਨੂੰ ਮਜਬੂਰ ਕਰਦਾ ਹੈ ਕਿ ਉਹ ਜ਼ਮੀਨ ਨਾ ਲਏ। ਦੂਜੇ ਪਾਸੇ ਉਸ ਦੇ ਸੌਹਰੇ ਜ਼ੋਰ ਦਿੰਦੇ ਹਨ ਕਿ ਉਹ ਜ਼ਰੂਰ ਜ਼ਮੀਨ ਲਏ। ਉਸ ਦੀ ਅਜੀਬ ਹਾਲਤ ਹੁੰਦੀ ਹੈ ਜੇ ਉਹ ਜ਼ਮੀਨ ਲੈਂਦੀ ਹੈ ਤਾਂ ਭਰਾਵਾਂ ਨਾਲ ਸਦੀਵੀ ਪਿਆਰ ਵਿਚ ਫਰਕ ਪੈਂਦਾ ਹੈ ਔਰ ਉਸ ਨੂੰ ਤਾਏ, ਚਾਚੇ, ਭਰਾ ਜੋ ਮਜਬੂਰ ਕਰਦੇ ਹਨ ਕਿ ਉਹ ਜ਼ਮੀਨ ਨ ਲਵੇ ਜੇ ਨਹੀਂ ਲੈਂਦੀ ਤਾਂ ਉਸ ਦੇ ਸੌਹਰੇ ਉਸ ਨੂੰ ਘਰੋਂ ਕਢ ਦਿੰਦੇ ਹਨ। ਇਸ ਲਈ ਇਸ ਕਨੂੰਨ ਨੂੰ ਬਨਾਉਣ ਨਾਲ ਪੰਜਾਬ ਦੇ ਐਗਰੀਕਲਚਰਲ ਘਰਾਣਿਆਂ ਦੀ ਜੋ ਲੜਕੀ ਹੈ ਉਸ ਦੀ ਜ਼ਿੰਦਗੀ ਅੱਗੇ ਨਾਲੋਂ ਦੂਭਰ ਹੋ ਗਈ ਹੈ। ਉਸ ਦੇ ਲਈ ਇਹ ਭਠ ਸੋਨਾ ਜੋ ਕੰਨਾਂ ਨੂੰ ਪਾੜੇ। ਉਸ ਦੀ ਇਸ ਔਕੜ ਨੂੰ ਦੂਰ ਕਰਨ ਲਈ ਆਪ ਦੇ ਸਾਹਮਣੇ ਇਹ ਮਤਾ ਲਿਆਂਦਾ ਗਿਆ ਹੈ।

ਸ਼ਾਦੀ ਬਾਰੇ ਸਾਡੇ ਰਸਮੋ ਰਿਵਾਜ ਭੈੜੇ ਹਨ। ਹਰਇਕ ਦੀ ਇਹ ਕੋਸ਼ਸ਼ ਹੁੰਦੀ ਹੈ ਕਿ ਸਾਨੂੰ ਜਹੇਜ਼ ਚੰਗਾ ਮਿਲੇ ਔਰ ਉਹ ਅਮੀਰ ਘਰ ਦੀ ਲੜਕੀ ਲਭਦੇ ਹਨ ਔਰ ਉਹ ਹਨ ਉਸ ਸਾਕ ਨੂੰ ਰਿਸ਼ਤੇ ਨੂੰ ਤਰਜੀਹ preference ਦੇਣਗੇ ਜਿਥੋਂ ਜ਼ਿਆਦਾ ਜ਼ਮੀਨ ਦਾ ਹਿਸਾ ਮਿਲੇ ਔਰ ਨਤੀਜਾ ਇਹ ਹੋਵੇਗਾ ਕਿ ਜਿਥੋਂ ਬਹੁਤ ਘਟ ਹਿਸਾ ਆਵੇਗਾ ਉਨ੍ਹਾਂ ਨੂੰ ਲੜਕੀਆਂ ਦੀਆਂ ਸ਼ਾਦੀਆਂ ਕਰਨ ਵਿਚ ਬੜੀਆਂ ੨ ਰੁਕਾਵਟਾਂ ਆਉਣਗੀਆਂ, ਕਿਉਂਕਿ ਸਾਡਾ ਸਮਾਜ ਬਹੁਤ ਲਾਲਚੀ ਹੈ।

ਚੇਅਰਮੈਨ ਸਾਹਿਬ, ਇਕ ਬਹੁਤ ਬੁਰਾ ਰਿਵਾਜ ਜਿਹੜਾ ਕਿ ਲਾਰਡ ਵਿਲਿਅਮ ਬੈਂਟਿੰਗ ਦੇ ਵੇਲੇ ਤੋਂ ਕਾਨੂੰਨ ਦੀ ਸਖਤੀ ਨਾਲ ਖਤਮ ਕੀਤਾ ਗਿਆ ਸੀ ਉਹ ਰਿਵਾਜ ਫੇਰ ਪੁੰਘਰ ਪਵੇਗਾ। ਮੈਨੂੰ ਡਰ ਹੈ ਕਿ ਲੜਕੀਆਂ ਦਾ ਘਰਾਂ ਵਿਚ ਜੰਮਦੇ ਹੀ ਮਾਰਨਾ ਸ਼ੁਰੂ ਹੋ ਜਾਏਗਾ ਔਰ ਇਸਦਾ ਨਤੀਜਾ ਇਹ ਹੋਵੇਗਾ ਕੀ ਲੜਕੀਆਂ ਨੂੰ ਕਿਸਾਨਾਂ ਦੇ ਘਰਾਂ ਵਿਚ ਗਲਾ ਘੁਟ ਕੇ ਮਾਰ ਦਿੱਤਾ ਜਾਏਗਾ ਔਰ ਇਹ ਰਿਵਾਜ਼ ਜਿਹੜਾ ਕਿ ਬੜੀ ਸਖਤੀ ਨਾਲ ਖਤਮ ਕੀਤਾ ਗਿਆ ਸੀ ਹਿੰਦੂ ਸਕਸੈਸ਼ਨ ਐਕਟ ਦੇ ਬਨਣ ਨਾਲ ਦੁਬਾਰਾ ਰਾਇਜ ਹੋ ਜਾਏਗਾ।

ਇਸ ਦੇ ਇਲਾਵਾ ਕਈਆਂ ਹਾਲਤਾਂ ਵਿਚ ਬਾਪ 'ਵਿਲ' ਵਸੀਅਤ ਕਰ ਜਾਂਦਾ ਹੈ ਕਿ ਉਹ ਅਪਣੀ ਜ਼ਮੀਨ ਲੜਕਿਆਂ ਨੂੰ ਹੀ ਦੇਣਾ ਚਾਹੁੰਦਾ ਹੈ। ਉਸ ਨੂੰ ਇਹ ਕਰਨ ਵਿਚ

[ਸਰਦਾਰ ਗੁਰਮੀਤ ਸਿੰਘ 'ਮੀਤ']

कि शहरी हलकों में जो भी ऐसी भूमि है जो ऐग्रीकल्चरल परपजिज़ के काम में नहीं आती उस के ऊपर तो आगे ही बेशुमार टैक्स लगे हुए हैं। मकानों के ऊपर हाऊस टैक्स है, प्रापर्टी टैक्स है। फिर मान साहिब ने ज़िक्र किया था कि सिनिमा हाऊसिज़ हैं और दूसरी बड़ी बड़ी चीज़ें हैं। मगर उन पर जहां हाऊस टैक्स और प्रापर्टी टैक्स लगे हुए हैं वहां उन से हुई आमदन पर इनकम टैक्स भी लगता है। मैं सारी स्थिति आप के सामने रखता हूँ। एक आदमी है जो कि मध्यम वर्ग का है। सरकार बार बार कहती है कि मिडल क्लासिज़ को ऊपर उठाना है, सोशलिस्ट पैटर्न बनाना है। मैं एक उदाहरण दे रहा हूँ कि समझ लें कि कोई मध्यम वर्ग का आदमी है। उस के रिहायशी मकान में तीन कमरे हैं और साथ ही एक आध बरामदा या किचन वगैरह भी है। ऐसे मकान का किराया चंडीगढ़ या किसी भी शहर के अन्दर अगर असैस करने की कोशिश करें पचास, साठ या सौ रुपया बनता है। अब वह जो मध्यम वर्ग का आदमी है उस की एक महीने की तनखाह डेढ़ सौ है। अब उस का जो अपना रिहायशी मकान है उस की लैटिंग वैल्यु मानो 50 रुपया है साल की यह 600 रुपया हुई। उस पर कितना टैक्स लगेगा। उस के ऊपर 60 रुपए तो हाउस टैक्स है और 60 रुपए प्रापर्टी टैक्स लगेगा। अब इस ऐक्ट के मुताबिक टोटल लैटिंग वैल्यु का एक चौथाई मरला टैक्स लगा करेगा। मतलब यह हो गया कि उस पर टैक्स के वह तीन सौ रुपए देगा जिस से आमदनी 600 रुपए की हो सकती है। अब यह देखें कि गवर्नमेंट लोगों को अपने मकान बनाने के लिये रुपया उधार दे रही है, आठ आठ या दस दस हज़ार रुपया मिलता है फिर इतना ही रुपया वह अपने पास से डाल कर एक मकान बना लेता है अब उस के बाद उस ने वह कर्ज़ उतारना है जिस के लिये वह महीने के तीस, चालीस रुपए देगा। हाऊस टैक्स देगा, प्रापर्टी टैक्स देगा और मरला टैक्स भी देगा। इस का मतलब है कि अगर वह पहले 40 या 50 रुपया के किराए के वैसे ही मकान में रह सकता था, अब 8, 10 हज़ार रुपया लगा कर भी उस को महीने के 10, 20 रुपए ज्यादा देने पड़ रहे हैं हालांकि मकान उस का अपना है। इस चीज़ को देखते हुए मैं पूछता हूँ कि क्या गवर्नमेंट मकान बनाने के लिये initiative दे रही है या छीन रही है। सरकार चाहती है कि लोगों के अपने निजी मकान हों मगर इन निजी मकानों पर बहुत बोझ डाला जा रहा है। ज़रा analysis कर के देखिए। शहर के अन्दर जो मकान है उस पर House-tax है, Property-tax है और जो bill आज आया है इस के मुताबिक मरला टैक्स भी लगेगा . . .

Mr. Deputy Speaker : No repetition please. (Interruption by S. Bhupinder Singh Mann). Order, please. No interruption.

डाक्टर बलदेव प्रकाश : मैं यह कह रहा था कि इस bill का समर्थन करते हुए हमें पहले यह सोचना पड़ेगा कि जिस असूल को ले कर हम चले हैं कि लोगों के पास अपना अपना रिहायशी मकान हो, और उस के लिये सरकार initiative दे रही है तो कहीं यह bill पास कर के वह सारा initiative खत्म तो नहीं हो जाएगा? इस के पास हो जाने से कोई भी आदमी अपना मकान बनाने की कोशिश नहीं करेगा . . . . .

माल मन्त्री : मैं यह चीज़ समझने के लिये एक चीज़ मैंबर साहिब से दरियाफ्त करना चाहता हूँ कि यह जो tax है—हाला—यह तो इस वक्त जारी है, लगा हुआ है।

उस के बुरे या भले होने का तो इस वक्त विचार नहीं है । सिर्फ लाल लकीर के अन्दर और बाहर जो इम्तयाज़ पहले चल रहा है वह हमने दूर करना है । उस के मुतअल्लिक रोशनी डालें । उस के जो ऐब या ज़ेब हैं वह तो मौजूद हैं . . (विघ्न)

Mr. Deputy Speaker : Order, please.

डाक्टर बलदेव प्रकाश : मैं तो पहले ही इस की limits को extend करके जो लाल लकीर के अन्दर तक कर रहे हैं, उस से जो नुक्सान होने वाला है, वह House के सामने रख रहा हूँ । मेरा तो मतलब यह है कि जिन जगहों पर यह tax नहीं लगता था वहां पर भी अब यह लागू हो जाएगा । जिन जायदादों पर House-tax और Property-tax लगे हुए हैं उन पर भी यह tax लगने वाला है . . . (विघ्न) लाल लकीर के बाहर . . . . (विघ्न)

Mr. Deputy Speaker : Please, go on.

डाक्टर बलदेव प्रकाश : मैं यह कह रहा हूँ कि शहरों में लाल लकीर के अन्दर जो property बनाई गई है और non-agricultural purposes के लिये इस्तेमाल हो रही है उस के ऊपर पहले ही House-tax और Property-tax लगे हुए हैं । इस लिये उन मध्यम वर्ग के लोगों पर जिन के अपने ही रिहायशी मकान हैं और जिन से कोई आमदनी उन्हें नहीं होती, उन पर यह नया टैक्स लगाने का मतलब यह है कि आप middle class को खत्म करना चाहते हैं और मकान बनाने का initiative खत्म करना चाहते हैं । आप की नीति यह है कि सरकारी खज़ाने के लिये ज़्यादा से ज़्यादा रुपया बटोरा जाए । फिर जनता का हित हो या न इस का आप ध्यान नहीं रखना चाहते । इन शब्दों के साथ मैं इस tax का विरोध करता हूँ ।

ਸਰਦਾਰ ਗੁਰਮੀਤ ਸਿੰਘ ਮੀਤ (ਬਾਘਾਪੁਰਾਣਾ, ਜਨਰਲ) : ਡਿਪਟੀ ਸਪੀਕਰ ਸਾਹਿਬ, ਪੰਜਾਬੀ ਵਿਚ ਇਕ ਕਹਾਵਤ ਹੈ—ਹੋਂਦੀ ਯਾਰਾਂ ਨੂੰ ਨਾਂ ਲੈ ਲੈ ਭਰਾਵਾਂ ਦਾ । (ਵਿਘਨ) (ਇਕ ਆਵਾਜ਼ : ਇਹ unparliamentary ਹੈ ।) Not unparliamentary ਡਿਪਟੀ ਸਪੀਕਰ ਸਾਹਿਬ, ਐਨ ਉਸੇ ਤਰ੍ਹਾਂ ਇਸ bill ਤੇ ਬੋਲਦੇ ਹੋਏ ਇਕ hon. Member ਨੇ ਇਸ ਦੀ ਖਾਸੀ ਨੁਕਤਾ ਚੀਨੀ ਕੀਤੀ ਹੈ । ਇਨਾਂ ਦੇ ਦਿਲ ਵਿਚ ਗੱਲ ਹੋਰ ਹੈ ਤੇ ਮਖਾਲਫਤ ਹੋਰ ਬਹਾਨੇ ਕਰਦੇ ਹਨ । ਮੇਰਾ ਵਿਚਾਰ ਹੈ ਕਿ ਸ਼ਾਇਦ ਉਨ੍ਹਾਂ ਨੇ ਇਸ Bill ਨੂੰ ਚੰਗੀ ਤਰ੍ਹਾਂ ਪੜ੍ਹਿਆ ਵੀ ਨਹੀਂ । ਇਸ ਦਾ ਭਾਵਾਰਥ ਇਹ ਹੈ ਕਿ ਲਾਲ ਲਕੀਰ ਦੇ ਅੰਦਰ ਅਤੇ ਬਾਹਰ ਜੋ tax ਦਾ ਭੇਦ ਹੈ ਉਹ ਦੂਰ ਕੀਤਾ ਜਾਵੇ । ਪਹਿਲਾਂ ਸ਼ਹਿਰਾਂ ਵਿਚ ਕੁਝ ਜ਼ਮੀਨ ਜੋ non-agricultural ਕੰਮਾਂ ਲਈ ਇਸਤੇਮਾਲ ਹੁੰਦੀ ਹੈ ਉਸ ਤੇ ਇਹ tax ਲਗ ਚੁਕਾ ਹੈ ਅਤੇ ਹੁਣ ਸ਼ਹਿਰੀ ਹਦੂਦ ਅੰਦਰ ਜਿਵੇਂ ਅੰਮ੍ਰਿਤਸਰ ਵਿਚ ਹਾਲ ਗੇਟ ਜਿਹੇ areas ਹਨ, ਤੇ ਲਾਗੂ ਕਰਨਾ ਹੈ । ਇਸ ਲਈ ਨੁਕਤਾ ਚੀਨੀ merits ਜਾਂ demerits ਬਿਨਾਂ ਜਾਣੇ ਕੀਤੀ ਜਾ ਰਹੀ ਹੈ । ਇਸ ਦਾ ਮਕਸਦ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ਕਿ ਇਹ Bill ਕਿਉਂ House ਵਿਚ ਲਿਆਂਦਾ ਗਿਆ ਹੈ ।

ਇਹ ਜੋ ਬਹਾਨਾ ਵਿਰੋਧੀਆਂ ਵਲੋਂ ਇਥੇ ਇਸ ਬਿਲ ਦੇ ਸਬੰਧ ਵਿਚ ਪੇਸ਼ ਕੀਤਾ ਜਾ ਰਿਹਾ ਹੈ ਕਿ ਇਸ ਨੂੰ ਪਾਸ ਕਰ ਦਿੱਤਾ ਗਿਆ ਤਾਂ ਮਕਾਨਾਂ ਦੀ ਉਸਾਰੀ ਵਿਚ ਰੁਕਾਵਟ ਪੈ

[ਸਰਦਾਰ ਗੁਰਮੀਤ ਸਿੰਘ ਮੀਤ]

ਜਾਵੇਗੀ ਅਤੇ ਮਕਾਨ ਬਣਨੇ ਬੰਦ ਹੋ ਜਾਣਗੇ । ਮੈਂ ਇਸ ਨਾਲ ਸਹਿਮਤ ਨਹੀਂ ਹੋ ਸਕਦਾ । ਮੀਤ ਸਪੀਕਰ ਸਾਹਿਬ, ਇਨ੍ਹਾਂ ਵਲੋਂ ਇਹ ਵੀ ਕਿਹਾ ਗਿਆ ਹੈ ਕਿ ਸ਼ਹਿਰੀ ਜਾਇਦਾਦ ਵਾਲੇ ਪਹਿਲਾਂ ਹੀ ਕਈ ਕਿਸਮ ਦੇ ਟੈਕਸ ਅਦਾ ਕਰਦੇ ਨੇ ਜਿਵੇਂ ਕਿ ਹਾਊਸ ਟੈਕਸ, ਇਨਕਮ ਟੈਕਸ ਅਤੇ ਪ੍ਰਾਪਰਟੀ ਟੈਕਸ ਆਦਿ, ਪਰ ਇਹ ਇਸ ਦੇ ਮੁਕਾਬਲੇ ਵਿਚ ਪਿੰਡਾਂ ਵਿਚ ਜੋ ਟੈਕਸ ਲਗੇ ਹੋਏ ਹਨ ਉਨ੍ਹਾਂ ਨੂੰ ਨਜ਼ਰੋਂ ਓਹਲੇ ਕਰ ਦਿੰਦੇ ਹਨ । ਪਿੰਡਾਂ ਵਿਚ ਜੋ ਐਗਰੀਕਲਚਰਲ ਲੈਂਡ ਹੈ ਉਸ ਤੇ ਪਹਿਲਾਂ ਹੀ ਬਥੇਰੇ ਟੈਕਸ ਲਗੇ ਹੋਏ ਹਨ, ਸਰਚਾਰਜ ਮਾਲੀਆ, ਸਪੈਸ਼ਲ ਸਰਚਾਰਜ ਆਦਿ ਕਈ ਤਰ੍ਹਾਂ ਦੇ ਟੈਕਸ ਹਨ ਅਤੇ ਜਦੋਂ ਇਨ੍ਹਾਂ ਟੈਕਸਾਂ ਨੂੰ ਲਗਾਉਣ ਲਈ ਇਸ ਹਾਊਸ ਵਿਚ ਬਿਲ ਲਿਆਂਦੇ ਗਏ ਤਾਂ ਅਜ ਇਸ ਬਿਲ ਦਾ ਵਿਰੋਧ ਕਰਨ ਵਾਲੇ ਮੈਂਬਰ ਸਾਹਿਬਾਨ ਐਨੀ ਖੇਚਲ ਵੀ ਨਹੀਂ ਕਰ ਸਕੇ ਕਿ ਉਹ ਇਥੇ ਬੈਠਣ ਅਤੇ ਉਨ੍ਹਾਂ ਨਾ ਹੀ ਇਸ ਗੱਲ ਦੀ ਖੇਚਲ ਕੀਤੀ ਹੈ ਕਿ ਜ਼ਿਮੀਂਦਾਰਾਂ ਅਤੇ ਕਿਸਾਨਾਂ ਤੇ ਜੋ ਭਾਰ ਪਾਇਆ ਜਾ ਰਿਹਾ ਹੈ ਇਸ ਦੇ ਬਾਰੇ ਵਿਚ ਉਨ੍ਹਾਂ ਵਿਚਾਰਿਆਂ ਦੀ ਹਾਂ ਵਿਚ ਹਾਂ ਦਾ ਨਾਹਰਾ ਤਾਂ ਲਗਾ ਦੇਣ । ਹੁਣ ਕਿਉਂਕਿ ਇਨ੍ਹਾਂ ਨੂੰ ਰੌਣਕ ਬਜ਼ਾਰਾਂ ਅਤੇ ਅੰਮ੍ਰਿਤਸਰ ਵਿਚ ਕਟੜਾ ਜੈਮਲ ਸਿੰਘ ਦੀਆਂ ਵੋਟਾਂ ਤੇ ਇਸ ਗੱਲ ਨਾਲ ਅਸਰ ਪੈਣ ਨਾਲ ਨੁਕਸਾਨ ਦੀ ਸੰਭਾਵਨਾ ਹੈ ਇਸ ਲਈ ਇਸ ਤਰੀਕੇ ਨਾਲ ਅਤੇ ਇਸ ਬਹਾਨੇ ਨਾਲ ਇਸ ਬਿਲ ਦੀ ਵਿਰੋਧਤਾ ਕਰ ਰਹੇ ਹਨ ਅਤੇ ਇਸ ਨੂੰ ਅਪੋਜ਼ ਕਰ ਰਹੇ ਹਨ । ਰੋਂਦੀ ਯਾਰਾਂ ਵੋਟਾਂ ਨੂੰ ਤੇ ਨਾਮ ਲੈ ਲੈ ਭਰਾਵਾਂ ਦਾ ਕਿ ਉਸਾਰੀ ਰੁਕ ਜਾਵੇਗੀ, ਜੇਕਰ ਅਸੀਂ ਪੰਜ-ਸਾਲਾ ਪਲਾਨ ਨੂੰ ਕਾਮਯਾਬ ਕਰਨਾ ਹੈ ਤਾਂ ਉਸ ਦੇ ਕੁਲ ਖਰਚਾਂ ਦਾ ਭਾਰ ਵੰਡ ਕੇ ਪਾਇਆ ਜਾਣਾ ਚਾਹੀਦਾ ਹੈ ਤਾਂ ਇਸੇ ਲਈ ਇਹ ਬਿਲ ਲਿਆਂਦਾ ਗਿਆ ਹੈ । ਪਰ ਇਸ ਵਿਚ ਅਜ ਜੋ ਆਪਣੇ ਆਪ ਨੂੰ ਤਰੱਕੀ ਦੇ ਰਾਹ ਤੇ ਤੁਰਨ ਵਾਲੇ ਕਹਿੰਦੇ ਹਨ ਭਾਰੀ ਰੁਕਾਵਟ ਪਾਉਣਾ ਚਾਹੁੰਦੇ ਹਨ ਇਸ ਬਿਲ ਨੂੰ ਪਾਸ ਨਾ ਕਰਵਾ ਕੇ । ਬਹੁਤ ਸਾਰੇ ਮੈਂਬਰਾਂ ਨੇ ਇਸ ਬਿਲ ਤੇ ਤਰਮੀਮਾਂ ਵੀ ਦਿੱਤੀਆਂ ਹਨ, ਪਤਾ ਨਹੀਂ ਉਨ੍ਹਾਂ ਨੂੰ ਲਾਲ ਲਫਜ਼ ਨਾਲ ਪਿਆਰ ਹੈ ਕਿ ਉਨ੍ਹਾਂ ਨੇ ਇਸ ਲਈ ਲਾਲ ਲਕੀਰ ਦੇ ਅੰਦਰ ਦੀ ਜਾਇਦਾਦ ਤੇ ਟੈਕਸ ਲਗਾਏ ਜਾਣ ਦੀ ਵਿਰੋਧਤਾ ਕੀਤੀ ਹੈ । ਕਮਿਊਨਿਸਟ ਸਾਥੀਆਂ ਵਲੋਂ ਇਹ ਤਰਮੀਮ ਪੇਸ਼ ਕੀਤੀ ਗਈ ਹੈ ਕਿ ਰੈਂਟਲ ਵੈਲਿਯੂ 240 ਰੁਪਏ ਤੋਂ ਵਧਾ ਕੇ 600 ਰੁਪਏ ਕਰ ਦਿੱਤੀ ਜਾਵੇ ਅਤੇ ਇਸੇ ਤਰ੍ਹਾਂ ਸੋਸ਼ਲਿਸਟ ਸਾਥੀ ਨੇ ਇਹ ਸੁਝਾਵ ਦਿੱਤਾ ਹੈ ਇਸ ਨੂੰ 1,000 ਰੁਪਏ ਤਕ ਵਧਾ ਦਿੱਤਾ ਜਾਵੇ ਯਾਨੀ ਇਤਨੇ ਕਿਰਾਏ ਦੇ ਮਕਾਨਾਂ ਨੂੰ ਜਾਂ ਥਾਵਾਂ ਤੋਂ ਮਾਲੀਆ ਨਾ ਲਿਆ ਜਾਵੇ ।

ਮੈਨੂੰ ਇਥੇ ਇਹ ਅਫਸੋਸ ਹੈ ਕਿ ਜਦ ਕਿ ਕਿਸਾਨ ਪਹਿਲਾਂ ਹੀ ਸਪੈਸ਼ਲ ਸਰਚਾਰਜ ਅਤੇ ਮਾਲੀਆ ਦੇ ਰਿਹਾ ਹੈ ਅਤੇ ਇਸ ਤਰ੍ਹਾਂ ਦਾ ਬਿਲ ਜਦੋਂ ਇਸ ਹਾਊਸ ਵਿਚ ਪੇਸ਼ ਕੀਤਾ ਜਾਂਦਾ ਹੈ ਤਾਂ ਇਹ ਪ੍ਰੋਗ੍ਰੈਸਿਵ ਰੁਚੀਆਂ ਰਖਣ ਵਾਲੇ ਮੈਂਬਰ ਸਾਹਿਬਾਨ ਜਾਂ ਤਾਂ ਚੁਪ ਸਾਧ ਲੈਂਦੇ ਹਨ ਅਤੇ ਕਿਸਾਨਾਂ ਦੀ ਹਿਮਾਇਤ ਵਿਚ ਇਕ ਅਖਰ ਵੀ ਨਹੀਂ ਕਹਿੰਦੇ ਤੇ ਜਾਂ ਹਾਊਸ ਚੋਂ ਚਲੇ ਜਾਂਦੇ ਹਨ । ਅਜ ਜਦ ਕਿ ਇਹ ਬਿਲ ਪੇਸ਼ ਕੀਤਾ ਗਿਆ ਹੈ ਤਾਂ ਵੀ ਉਹ ਇਸ ਬਿਲ ਦੀ ਮੁਖਾਲਫਿਤ ਕਰਨ ਲਈ ਉਤਾਵਲੇ ਨਜ਼ਰ ਆਉਂਦੇ ਹਨ ।

ਮੀਤ ਸਪੀਕਰ ਸਾਹਿਬ, ਪਿੰਡਾਂ ਵਿਚ ਵਸਣ ਵਾਲੇ ਅਤੇ ਦਿਹਾਤਾਂ ਵਿਚ ਰਹਿਣ ਵਾਲੇ ਅਗੇ ਹੀ ਕਾਫੀ ਟੈਕਸ ਅਦਾ ਕਰ ਰਹੇ ਹਨ ਅਤੇ ਡਿਸਟ੍ਰਿਕਟ ਬੋਰਡਾਂ ਨੇ 48 ਕਿਸਮ ਦੇ ਟੈਕਸ ਅਤੇ ਸੈਸ ਉਨ੍ਹਾਂ ਤੇ ਲਗਾਏ ਹੋਏ ਨੇ ਮਿਸਾਲ ਵਜੋਂ ਚੁਲ੍ਹਾ ਟੈਕਸ, ਲੋਕਲ ਰੇਟ,

ਚੌਕੀਦਾਰਾ ਟੈਕਸ ਅਤੇ ਡਿਵੈਲਪਮੈਂਟ ਲਈ ਹੋਰ ਕਈ ਤਰ੍ਹਾਂ ਦੇ ਟੈਕਸ ਅਤੇ ਫਿਰ ਰੈਡ ਕਰਾਸ ਜਿਸ ਵਲ ਕਲ ਵੀ ਕੁਝ ਮਾਨਯੋਗ ਮੈਂਬਰਾਂ ਨੇ ਇਸ਼ਾਰਾ ਕੀਤਾ ਸੀ, ਇਹ ਵੀ ਉਗਰਾਹਿਆ ਜਾਂਦਾ ਹੈ । ਭਾਵੇਂ ਇਹ ਸਾਰੇ ਤਰੱਕੀ ਦੇ ਨਾਮ ਤੇ ਪੈਸੇ ਇੱਕਠੇ ਕੀਤੇ ਜਾਂਦੇ ਹਨ ਪਰ ਇਹ ਵੀ ਪਤਾ ਨਹੀਂ ਕਿ ਸਕੂਲ ਅਤੇ ਹਸਪਤਾਲ ਜਿਨ੍ਹਾਂ ਲਈ ਇਹ ਚੰਦੇ ਇਕੱਠੇ ਕੀਤੇ ਜਾਂਦੇ ਹਨ ਉਹ ਸਾਰੇ ਸ਼ਹਿਰਾਂ ਵਿਚ ਹੀ ਬਣਾਏ ਜਾਣ । ਜੋ ਵੀ ਦਿਹਾਤੀ ਮੁਕਦਮੇ ਲਈ ਜਾਂਦਾ ਹੈ, ਰਜਿਸਟਰੀ ਕਰਾਉਣ ਜਾਵੇ ਜਾਂ ਹੋਰ ਕਿਸੇ ਕੰਮ ਕਚਹਿਰੀ ਪਹੁੰਚ ਜਾਵੇ ਤਾਂ ਉਸ ਦਿਹਾਤੀ ਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਉਹ ਜਬਰੀ ਤੌਰ ਤੇ ਰੈਡ ਕਰਾਸ ਦਾ ਚੰਦਾ ਦੇਵੇ । ਇਸ ਲਈ ਦਿਹਾਤਾਂ ਵਾਲੇ ਪਹਿਲਾਂ ਹੀ ਵਧ ਤੋਂ ਵਧ ਟੈਕਸਾਂ ਦਾ ਭਾਰ ਚੁਕੀ ਬੈਠੇ ਹਨ । ਉਨ੍ਹਾਂ ਤੇ ਬੇਟਰਮੈਂਟ ਟੈਕਸ, ਖੁਸ਼ ਹੈਸੀਅਤੀ ਟੈਕਸ ਆਦਿ ਲਗੇ ਹੋਏ ਨੇ ਇਸ ਲਈ ਮੈਂ ਸਮਝਦਾ ਹਾਂ ਕਿ ਇਸ ਬਿਲ ਦੀ ਵਿਰੋਧਤਾ ਕਰਨੀ ਮੁਨਾਸਿਬ ਨਹੀਂ ਜਾਪਦੀ । ਕਿਉਂ ਜੋ Taxation ਦਾ ਇਹ ਮੁਢਲਾ ਅਸੂਲ ਹੈ ਕਿ ਟੈਕਸ ਸਭ ਤਬਕਿਆਂ ਤੇ ਇਕੋ ਜਿਹਾ ਭਾਰ ਵੰਡ ਕੇ ਪਾਵੇ ।

ਇਸ ਦੇ ਨਾਲ ਹੀ ਮੈਂ ਮਾਨਯੋਗ ਵਜ਼ੀਰ ਸਾਹਿਬ ਨੂੰ ਜਿਨ੍ਹਾਂ ਨੇ ਇਸ ਬਿਲ ਨੂੰ ਇਸ ਹਾਊਸ ਵਿਚ ਪੇਸ਼ ਕੀਤਾ ਹੈ ਅਤੇ ਇਸ ਡਿਸਕ੍ਰਿਮੀਨੇਸ਼ਨ ਅਤੇ ਵਿਤਕਰੇ ਨੂੰ ਜੋ ਪਹਿਲਾਂ ਮੌਜੂਦ ਸੀ ਦੂਰ ਕਰਨ ਦਾ ਉਪਰਾਲਾ ਕੀਤਾ ਹੈ ਵਧਾਈ ਪੇਸ਼ ਕਰਦਾ ਹਾਂ । ਉਨ੍ਹਾਂ ਨੇ ਇਸ ਬਿਲ ਰਾਹੀਂ ਲਾਲ ਲਕੀਰ ਤੋਂ ਅੰਦਰ ਜਿਥੇ ਕਿ ਜਾਇਦਾਦ ਦੀ ਪਹਿਲਾਂ ਹੀ ਕੀਮਤ ਬਹੁਤ ਜ਼ਿਆਦਾ ਹੈ ਇਸ ਟੈਕਸ ਨੂੰ ਬਰਾਬਰ ਦਾ ਲਗਾ ਦਿੱਤਾ ਹੈ ਅਤੇ ਇਸ ਵਿਤਕਰੇ ਨੂੰ ਦੂਰ ਕਰ ਦਿੱਤਾ ਹੈ । ਇਸ ਦੇ ਵਿਰੁਧ ਜੋ ਆਵਾਜ਼ ਹਾਊਸ ਵਿਚ ਉਠਾਈ ਗਈ ਹੈ ਉਸ ਨੇ ਜਾਂ ਤਾਂ ਇਸ ਬਿਲ ਦੇ ਮੁਖ ਮੰਤਵ ਨੂੰ ਨਹੀਂ ਸਮਝਿਆ ਜਾਂ ਕਿਸੇ ਹੋਰ ਭਾਵਨਾ ਨਾਲ ਇਸ ਦੀ ਵਿਰੋਧਤਾ ਕੀਤੀ ਹੈ ।

उपाध्यक्ष महोदय : आप repeat न करें । (No repetition, please.)

ਸਰਦਾਰ ਗੁਰਮੀਤ ਸਿੰਘ ਮੀਤ ਇਸ ਦੇ ਨਾਲ ਹੀ ਮੈਂ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਇਹ ਟੈਕਸ ਜੋ ਲਗਾਇਆ ਜਾ ਰਿਹਾ ਹੈ ਇਹ ਇਸ ਸਟੇਟ ਲਈ ਕੋਈ ਨਵੀਂ ਚੀਜ਼ ਨਹੀਂ । ਆਪ ਟੈਕਸੇਸ਼ਨ ਇਨਕੁਆਰੀ ਕਮਿਸ਼ਨ ਦੀ ਰੀਪੋਰਟ ਦਾ ਸਫਾ 239 ਵੇਖੋ ਜਿਸ ਵਿਚ ਉਨ੍ਹਾਂ ਨੇ ਸਾਫ ਤੌਰ ਤੇ ਇਸ ਗੱਲ ਦਾ ਜ਼ਿਕਰ ਕੀਤਾ ਹੈ । ਆਸਾਮ, ਬੰਬਈ ਵਿਚ ਲੈਂਡ ਰੇਵਿਨਿਊ ਐਕਟ ਸ਼ਹਿਰਾਂ ਵਿਚ ਲਗਾ ਹੋਇਆ ਹੈ । ਮੈਸੂਰ ਅਤੇ ਹੈਦਰਾਬਾਦ ਵਿਚ ਵੀ ਇਹ ਟੈਕਸ ਲਿਆ ਜਾਂਦਾ ਹੈ । ਇਨ੍ਹਾਂ ਸਟੇਟਾਂ ਵਿਚ ਲੈਂਡ ਰੇਵੇਨਿਊ ਸ਼ਹਿਰੀ ਨਾਨ ਐਗਰੀਕਲਚਰ ਪ੍ਰਾਪਰਟੀ ਤੋਂ ਵੀ ਲਿਆ ਜਾਂਦਾ ਹੈ ਮਦਰਾਸ ਲੈਂਡ ਰੇਵੇਨਿਯੂ ਰੀਫਾਰਮ ਕਮੇਟੀ ਦੇ ਇਸ ਨੂੰ ਸਾਰੇ ਮਦਰਾਸ ਵਿਚ ਲਗਾਏ ਜਾਣ ਦਾ ਫੈਸਲਾ ਕੀਤਾ ਹੈ। ਕਮਿਸ਼ਨ ਦੀ ਰੀਪੋਰਟ ਦੇ ਸਫਾ 248 ਤੇ ਲਿਖਿਆ ਹੈ :

> "The annual value is taken as a basis in Assam, gross rental value in West Bengal, freehold value in Madhya Pradesh and Madras and market value in Bombay."

ਇਸ ਤੋਂ ਸਾਫ ਸਪਸ਼ਟ ਹੈ ਕਿ ਇਹ ਟੈਕਸ ਕੋਈ ਇਸ ਸੂਬੇ ਵਿਚ ਨਵਾਂ ਨਹੀਂ ਲਗਾਇਆ ਜਾ ਰਿਹਾ ਇਹ ਤਾਂ ਦੇਸ਼ ਦੇ ਦੂਸਰੇ ਸਾਰੇ ਸੂਬਿਆਂ ਵਿਚ ਲਾਗੂ ਹੈ । ਇਸ ਤਰ੍ਹਾਂ ਦਾ ਲੈਂਡ ਰੇਵੇਨਿਊ ਟੈਕਸ ਨਾਨ-ਐਗਰੀਕਲਚਰਲ ਪਰਪਜ਼ਿਜ਼ ਲਈ ਰਖੀ ਜਾਇਦਾਦ ਤੇ ਲਗਾਇਆ ਜਾਂਦਾ ਹੈ । ਅਤੇ ਇਸ ਦੇ ਨਾਲ ਹੀ ਇਹ ਕਾਨੂੰਨ ਉਨ੍ਹਾਂ ਸਟੇਟਾਂ ਵਿਚ ਅਜ ਲਾਗੂ ਨਹੀਂ ਕੀਤਾ ਗਿਆ ਸਗੋਂ ਅਜ ਤੋਂ ਬਹੁਤ ਸਾਲ ਪਹਿਲਾਂ ਤੋਂ ਲਾਗੂ ਚਲਿਆ ਆ ਰਿਹਾ ਹੈ ਇਸੇ ਤਰ੍ਹਾਂ ਇਸ ਨੂੰ

[ਸਰਦਾਰ ਗੁਰਮੀਤ ਸਿੰਘ ਮੀਤ]

ਇਸ ਸੂਬੇ ਵਿਚ ਵੀ ਐਕਸਟੈਂਡ ਕੀਤਾ ਜਾ ਰਿਹਾ ਹੈ। ਬਾਕੀ ਇਸ ਬਿਲ ਦੇ ਹਕ ਵਿਚ ਅਸਾਡੇ ਸਾਥੀ ਮਾਨ ਸਾਹਿਬ ਨੇ ਵੀ ਆਪਣੇ ਵਿਚਾਰ ਦਿੱਤੇ ਹਨ ਅਤੇ ਹਕ ਵਿਚ ਕਿਹਾ ਹੈ। ਮੈਂ ਵੀ ਆਪਣੇ ਵਲੋਂ ਇਸ ਬਿਲ ਦੀ ਤਾਈਦ ਕਰਦਾ ਹਾਂ ਅਤੇ ਇਨ੍ਹਾਂ ਸ਼ਬਦਾਂ ਨਾਲ ਵਜ਼ੀਰ ਸਾਹਿਬ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਉਨ੍ਹਾਂ ਨੇ ਇਕ ਪ੍ਰੋਗ੍ਰੈਸਿਵ ਕਦਮ ਲੈਕੇ ਇਸ ਵਿਤਕਰੇ ਨੂੰ ਦੂਰ ਕੀਤਾ ਹੈ। ਇਸ ਲਈ ਉਹ ਵਧਾਈ ਦੇ ਪਾਤਰ ਹਨ ਅਤੇ ਮੈਂ ਇਸ ਹਾਉਸ ਦੇ ਸਭ ਮੈਂਬਰਾਂ ਪਾਸ ਵੀ ਬੇਨਤੀ ਕਰਾਂਗਾ ਕਿ ਉਹ ਇਸ ਬਿਲ ਦੀ ਜ਼ੋਰਦਾਰ ਹਮਾਇਤ ਕਰਨ ਤਾਂ ਜੋ ਇਸ ਨੂੰ ਪਾਸ ਕੀਤਾ ਜਾ ਸਕੇ।

ਸਰਦਾਰ ਸਰੂਪ ਸਿੰਘ (ਅੰਮ੍ਰਿਤਸਰ ਸ਼ਹਿਰ, ਸਿਵਲ ਲਾਈਨਜ਼) : ਅਜ ਜਿੰਨੀਆਂ ਵੀ ਤਕਰੀਰਾਂ, ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਵਿਚ ਇਸ ਬਿਲ ਤੇ ਹੋਈਆਂ ਹਨ ਉਨ੍ਹਾਂ ਨੂੰ ਮੈਂ ਬੜੇ ਧਿਆਨ ਨਾਲ ਸੁਣਿਆ ਹੈ ਅਤੇ ਉਨ੍ਹਾਂ ਤੋਂ ਜਾਪਦਾ ਹੈ ਕਿ ਇਨ੍ਹਾਂ ਦਾ ਭਾਵ ਇਹ ਹੈ ਕਿ ਸ਼ਹਿਰਾਂ ਵਿਚ ਕੋਈ ਵੀ ਟੈਕਸ ਨਹੀਂ ਲਗਾ ਹੋਇਆ ਅਤੇ ਸਾਰੇ ਟੈਕਸ ਜ਼ਿਮੀਂਦਾਰਾਂ ਅਤੇ ਕਿਸਾਨਾਂ ਤੇ ਹੀ ਲਗਾਏ ਗਏ ਹੋਏ ਹਨ ਅਤੇ ਜੇਕਰ ਜ਼ਿਮੀਂਦਾਰ ਟੈਕਸਾਂ ਦੇ ਭਾਰ ਥਲੇ ਦਬਿਆ ਪਿਆ ਹੈ ਅਤੇ ਉਸ ਦੀ ਬੁਰੀ ਹਾਲਤ ਹੈ ਤਾਂ ਸ਼ਹਿਰੀ ਭਰਾਵਾਂ ਦੀ ਵੀ ਉਨੀ ਹੀ ਬੁਰੀ ਹਾਲਤ ਹੋਣੀ ਚਾਹੀਦੀ ਹੈ ਇਸ ਲਈ ਇਹ ਟੈਕਸ ਲਗਾਉਣਾ ਜ਼ਰੂਰੀ ਹੈ। ਕਿਸੇ ਵੀ measure ਨੂੰ ਇਸ ਤਰ੍ਹਾਂ ਦੇ ਮੋਟਿਵਜ਼ ਨਾਲ ਅਤੇ ਐਕਸਟੀਰੀਅਰ ਅਤੇ ਇਨਟੀਰੀਅਰ ਕਾਨਸਿਡਰੇਸ਼ਨ ਨਾਲ ਵਿਚਾਰ ਨਹੀਂ ਕਰਨਾ ਚਾਹੀਦਾ। ਸਗੋਂ ਇਸ ਤੇ ਵਿਚਾਰ ਉਸ ਬਿਲ ਦੇ ਮੰਤਵਾਂ ਅਤੇ ਮਨੋਰਥਾਂ ਨੂੰ ਸਾਹਮਣੇ ਰਖ ਕੇ ਕੀਤੀ ਜਾਣੀ ਚਾਹੀਦੀ ਹੈ। ਮੈਂ ਇਨ੍ਹਾਂ ਭਰਾਵਾਂ ਨੂੰ ਯਾਦ ਕਰਾਵਾਂ ਜੋ ਸ਼ਾਇਦ ਇਹ ਸਮਝਦੇ ਨੇ ਕਿ ਸ਼ਹਿਰਾਂ ਵਿਚ ਰਹਿਣ ਵਾਲੇ ਕਿਸੇ ਕਿਸਮ ਦਾ ਟੈਕਸ ਨਹੀਂ ਦਿੰਦੇ ਕਿ ਇਨਕਮ ਟੈਕਸ ਦਾ ਡਵਿਜ਼ੇਬਲ ਪੂਲ ਹੈ ਜਿਸ ਦਾ 61% ਹਿੱਸਾ ਵੰਡਿਆ ਜਾਣਾ ਹੁੰਦਾ ਹੈ ਅਤੇ ਉਸ ਦਾ 4.26 ਕਸਰ ਹਿਸਾ ਪੰਜਾਬ ਨੂੰ ਮਿਲਦਾ ਹੈ। ਇਸੇ ਤਰ੍ਹਾਂ ਪੰਜਾਬ ਨੂੰ ਇਸ ਪੂਲ ਵਿਚੋਂ 3 ਕਰੋੜ 26 ਲਖ ਅਤੇ 35 ਹਜ਼ਾਰ ਆਮਦਨ ਹੈ। ਇਸ ਦੇ ਸਾਥ ਜੇਕਰ ਆਪ ਇਸ ਨਵੇਂ ਸਾਲ 1958-59 ਦੇ ਲੈਂਡ ਰੇਵਿਨਿਊ ਨੂੰ ਵੇਖੋ ਤਾਂ ਪਤਾ ਲਗਦਾ ਹੈ ਕਿ ਸਭ ਕੁਝ ਲਗਾ ਕੇ ਕੁਲ 3 ਕਰੋੜ 15 ਲਖ 88 ਹਜ਼ਾਰ 120 ਰੁਪਏ ਬਣਦੀ ਹੈ। ਇਸ ਤੋਂ ਇਲਾਵਾ ਲੋਕਲ ਟੈਕਸ 2 ਕਰੋੜ ਦੇ ਸ਼ਹਿਰਾਂ ਵਾਲੇ ਦਿੰਦੇ ਨੇ। ਅੰਮ੍ਰਿਤਸਰ ਮਿਉਨਿਸਪਲ ਕਮੇਟੀ ਦਾ ਇਕ ਕਰੋੜ ਦਾ ਬਜਟ ਸਾਲ ਦਾ ਹੁੰਦਾ ਹੈ ਜੋ ਸ਼ਹਿਰਾਂ ਵਾਲਿਆਂ ਤੋਂ ਵਸੂਲ ਕੀਤਾ ਜਾਂਦਾ ਹੈ। ਫਿਰ ਮੈਨੂੰ ਸਮਝ ਨਹੀਂ ਆਉਂਦੀ ਕਿ ਕਿਥੇ ਮਾਨ ਸਾਹਿਬ ਨੂੰ ਇਸ ਵਿਚ ਕੋਈ ਡਿਸਕ੍ਰਿਮੀਨੇਸ਼ਨ ਵਿਖਾਈ ਦਿੱਤੀ ਅਤੇ ਪਤਾ ਨਹੀਂ ਕਿਥੇ ਕੋਈ ਵਿਤਕਰਾ ਦਿਸਿਆ ਕਿ ਜਿਸ ਤੇ ਉਨ੍ਹਾਂ ਇਹ ਕਹਿ ਦਿੱਤਾ ਕਿ ਸ਼ਹਿਰਾਂ ਤੇ ਇਹ ਟੈਕਸ ਲਾਗੂ ਕੀਤੇ ਜਾਣ ਲਈ ਇਹ ਬਿਲ ਪੇਸ਼ ਕੀਤਾ ਗਿਆ ਹੈ। ਅਤੇ ਪਤਾ ਨਹੀਂ ਉਨ੍ਹਾਂ ਦੀ ਅਖੋਂ ਇਹ ਗੱਲ ਓਹਲੇ ਹੋ ਗਈ ਹੋਵੇ ਕਿ ਸ਼ਹਿਰਾਂ ਵਾਲੇ ਵੀ ਕਈ ਕਿਸਮ ਦਾ ਟੈਕਸ ਦਿੰਦੇ ਹਨ ਅਤੇ ਜੇਕਰ ਇਹ ਸਭ ਕੁਝ ਜਾਣਦਿਆਂ ਹੋਇਆਂ ਉਨ੍ਹਾਂ ਕਿਸੇ ਵਿਤਕਰੇ ਦਾ ਜ਼ਿਕਰ ਕੀਤਾ ਹੈ ਤਾਂ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਆਪਣੀ ਨਾਵਾਕਫੀਅਤ ਦਾ ਮੁਜ਼ਾਹਰਾ ਕੀਤਾ ਹੈ। ਇਸ measure ਨੂੰ ਇਸ ਤਰ੍ਹਾਂ ਦੀਆਂ ਦਲੀਲਾਂ ਦੇਕੇ ਜਸਟੀਫਾਈ ਕਰਨਾ ਜਾਂ condemn ਕਰਨਾ ਮੈਂ ਮੁਨਾਸਿਬ ਖਿਆਲ ਨਹੀਂ ਕਰਦਾ। ਇਹ ਠੀਕ ਹੈ ਦਿਹਾਤਾਂ ਵਾਲੇ ਟੈਕਸ ਦਿੰਦੇ ਹਨ ਅਤੇ ਉਨ੍ਹਾਂ ਤੇ ਲੈਂਡ ਰੇਵੇਨਿਊ ਦਾ ਇਨਸੀਡੈਂਸ ਹੈ। ਇਸ ਦੇ ਨਾਲ ਹੀ ਐਗਰੀਕਲਚਰਲ

ਇਨਕਮ ਟੈਕਸ ਗਰੇਡਿੰਗ ਸਕੇਲ ਤੇ ਜੋ ਲਗਾਇਆ ਗਿਆ ਹੈ ਉਹ ਵੀ ਛੋਟੇ ਜ਼ਿਮੀਂਦਾਰਾਂ ਤੇ ਨਹੀਂ ਲਗਾਇਆ ਗਿਆ ਉਨ੍ਹਾਂ ਨੂੰ ਛੂਟ ਦਿੱਤੀ ਗਈ ਹੈ ਪਰ ਵਡੇ ਜ਼ਿਮੀਂਦਾਰ ਕੀ ਕਰਦੇ ਹਨ ਕਿ ਇਸ ਤਰ੍ਹਾਂ ਦਾ measure ਆ ਜਾਵੇ ਤਾਂ ਕਹਿ ਦਿੰਦੇ ਹਨ ਕਿ ਛੋਟੇ ਜ਼ਿਮੀਂਦਾਰਾਂ ਨੂੰ ਲੈਂਡ ਰੇਵੇਨਿਊ ਮਾਫ ਨਾ ਕੀਤਾ ਜਾਵੇ । ਡਿਪਟੀ ਸਪੀਕਰ ਸਾਹਿਬ, ਫਿਰ ਮੈਂ ਇਹ ਕਹਾਂ ਕਿ ਸ਼ਹਿਰੀਆਂ ਨੂੰ ਕਈ ਤਰਾਂ ਦੇਖ ਨਹੀਂ ਸੁਖਾਂਦੇ, ਤਾਂ ਗਲਤ ਨਹੀਂ ਹੋਵੇਗਾ । ਅਤੇ ਇਸ ਤਰ੍ਹਾਂ ਕਹਿਣਾ ਗਲਤੀ ਨਾ ਹੋਵੇਗੀ ਕਿ ਉਹ ਸ਼ਹਿਰੀਆਂ ਨੂੰ ਵੇਖ ਕੇ ਕੁਝ ਔਖ ਮਹਿਸੂਸ ਕਰਦੇ ਹਨ । ਸ਼ਹਿਰੀਆਂ ਲਈ ਪਹਿਲਾਂ ਹੀ ਲੈਂਡ ਐਲਿਆਨੇਸ਼ਨ ਐਕਟ ਮੌਜੂਦ ਹੈ ਅਤੇ ਸ਼ਹਿਰਾਂ ਨੂੰ ਪਹਿਲਾਂ ਹੀ ਮੁਸਤਸਨਾ ਕੀਤਾ ਹੋਇਆ ਹੈ। ਮਾਨ ਸਾਹਿਬ ਜਦੋਂ ਜੇਲ ਜਾਂਦੇ ਰਹੇ ਹਨ ਉਹ ਸ਼ਹਿਰਾਂ ਵਿਚ ਹੀ ਰਹਿਣਾ ਪਸੰਦ ਕਰਦੇ ਰਹੇ ਹਨ । ਇਨ੍ਹਾਂ ਨੇ ਆਪਣੀ ਤਾਲੀਮ ਸ਼ਹਿਰਾਂ ਵਿਚ ਹੀ ਹਾਸਲ ਕੀਤੀ ਅਤੇ ਆਪਣਾ ਸਾਰਾ ਸਕੂਲ ਅਤੇ ਕਾਲਜ ਕੈਰੀਅਰ ਸ਼ਹਿਰਾਂ ਵਿਚ ਹੀ ਬਣਾਇਆ ।

ਮੈਨੂੰ ਅਫਸੋਸ ਹੈ ਕਿ ਇਨ੍ਹਾਂ ਵਲੋਂ ਸ਼ਹਿਰੀ ਤੇ ਦਿਹਾਤੀ ਦਾ ਸਵਾਲ ਉਠਾਇਆ ਗਿਆ ਹੈ ਅਤੇ ਵਿਤਕਰੇ ਨੂੰ ਹਟਾਣ ਦੀ ਥਾਂ ਵਿਤਕਰਾ ਵਧਾਉਣ ਦਾ ਉਪਰਾਲਾ ਕੀਤਾ ਗਿਆ ਹੈ । ਸ਼ਹਿਰਾਂ ਵਿਚ ਜੋ ਸਹੂਲਤਾਂ ਹਨ ਉਨ੍ਹਾਂ ਨੂੰ ਦਿਹਾਤੀ ਪੂਰੀ ਤਰ੍ਹਾਂ ਮਾਣਦੇ ਹਨ ਅਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਦਿਹਾਤੀਆਂ ਨਾਲ ਵਿਤਕਰੇ ਭਰਿਆ ਸਲੂਕ ਕੀਤਾ ਜਾਂਦਾ ਹੈ । ਸਕੂਲ, ਸੜਕ, ਕਾਲਜ, ਹਸਪਤਾਲ ਸਭ ਦਿਹਾਤੀਆਂ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ ਅਤੇ ਦਿਹਾਤੀ ਉਨ੍ਹਾਂ ਤੋਂ ਲਾਭ ਉਠਾਂਦੇ ਹਨ । ਮਾਨ ਸਾਹਿਬ ਨੂੰ ਇਸ ਬਾਰੇ ਜ਼ਾਤੀ ਵਾਕਫੀਅਤ ਵੀ ਹੈ ਪਰ ਪਤਾ ਨਹੀਂ ਇਹ ਕਿਉਂ ਚਾਹੁੰਦੇ ਹਨ ਕਿ ਇਸ ਤਰ੍ਹਾਂ ਦਾ measure ਆਵੇ ।

ਸ਼ਹਿਰਾਂ ਵਿਚ ਰਹਿੰਦਿਆਂ ਹੋਇਆਂ ਮਾਨ ਸਾਸਿਬ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮਿਲੀਆਂ ਉਨ੍ਹਾਂ ਨੂੰ ਕਿਸੇ ਵੀ ਉਨ੍ਹਾਂ ਦੇ ਹਕ ਤੋਂ ਵਾਂਝਿਆਂ ਨਹੀਂ ਰਖਿਆ ਗਿਆ । ਪਰ ਫੇਰ ਵੀ ਜੇ ਮਾਨ ਸਾਹਿਬ ਅਜ ਕਹਿਣ ਕਿ ਜਿਥੇ ਕਿਧਰੇ ਵੀ ਕਿਸੇ ਤਰ੍ਹਾਂ ਦੀ development ਹੋਵੇ ਉਹ ਦਿਹਾਤਾਂ ਵਿਚ ਹੀ ਹੋਵੇ ਅਤੇ ਜੋ ਹਿੱਸਾ ਮਿਲੇ ਉਹ ਸ਼ਹਿਰੀਆਂ ਦੀ ਥਾਂ ਦਿਹਾਤੀਆਂ ਨੂੰ ਹੀ ਮਿਲੇ । ਏਥੋਂ ਤਕ ਉਹ ਚਾਹੁਣ ਕਿ ਇਸ ਹਾਊਸ ਦੀ ਇਟ ਇਟ ਕਰਕੇ ਵੀ ਪਿੰਡਾਂ ਵਿਚ ਲੈ ਜਾਈ ਜਾਵੇ । ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਇਸ ਕਿਸਮ ਦੀ ਦਲੀਲ ਨੂੰ ਕੋਈ ਵੀ ਪਸੰਦ ਨਹੀਂ ਕਰੇਗਾ, ਹਰ ਕੋਈ hate ਕਰੇਗਾ । ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਹਰ ਇਕ ਮੈਂਬਰ ਦੇ ਸਾਹਮਣੇ ਇਸ ਹਾਊਸ ਵਿਚ ਕੋਈ ਨ ਕੋਈ structure ਹੈ ਕੋਈ ਨਾ ਕੋਈ ਨਕਸ਼ਾ ਹੈ ਜਿਸ ਵਿਚ ਕਈ ਤਰ੍ਹਾਂ ਦੀਆਂ developments ਆਪੋ ਆਪਣੇ ਢੰਗ ਨਾਲ ਹੋਣੀਆਂ ਹਨ । ਅਗਰ ਮਾਨ ਸਾਹਿਬ ਇਹ ਸਮਝਣ ਕਿ ਜਿਤਨੀਆਂ ਵੀ ਸਹੂਲਤਾਂ ਹਨ ਉਹ ਇਨ੍ਹਾਂ ਵਾਸਤੇ ਹੀ ਹਨ, ਅਤੇ ਇਹ ਵੀ ਕਿਸੇ ਖਾਸ ਤਬਕੇ ਨੂੰ ਹੀ ਹਕ ਹਾਸਲ ਹੋਵੇ, ਸ਼ਹਿਰੀਆਂ ਅਤੇ ਪੇਂਡੂਆਂ ਵਿਚ ਕੋਈ ਵਿਤਕਰਾ ਹੀ ਰਖਿਆ ਜਾਵੇ, ਇਹ ਠੀਕ ਨਹੀਂ । ਉਹ ਪਿੰਡਾਂ ਵਿਚ ਹੀ ਨਹੀਂ ਰਹਿੰਦੇ ਉਨ੍ਹਾਂ ਨੂੰ ਕਈ ਮੌਕਿਆਂ ਤੇ ਸ਼ਹਿਰਾਂ ਵਿਚ ਵੀ ਜਾਣਾ ਪੈਂਦਾ ਹੈ । ਮੈਂ ਸਮਝਦਾ ਹਾਂ ਕਿ ਕਿਸੇ Legislature ਵਿਚ, ਕਿਸੇ ਮੰਗ ਮੁਤਾਬਿਕ ਕੋਈ ਵਿਤਕਰੇ ਭਰਿਆ ਸਲੂਕ ਕਰਨਾ ਅਤੇ ਉਸ ਤੇ ਬਹਿਸ ਕਰਨਾ, ਕਿ ਇਹ ਦਿਹਾਤਾਂ ਵਿਚ ਹੋਵੇ ਤੇ ਸ਼ਹਿਰਾਂ ਵਿਚ ਨਾ ਹੋਵੇ, ਜਾਇਜ਼ ਨਹੀਂ ਹੈ । ਮੈਂ ਉਨ੍ਹਾਂ ਨੂੰ ਇਕ ਮਿਸਾਲ ਦਿੰਦਾ ਹਾਂ ਕਿ Taxation Enquriy Commission the Report ਜਿਹੜੀ ਕਿ ਇਸ

[ਸਰਦਾਰ ਸਰੂਪ ਸਿੰਘ]

ਸਿਲਸਿਲੇ ਵਿਚ ਇਕ authentic ਚੀਜ਼ ਹੈ ਅਤੇ ਜਿਸ ਨੂੰ ਕਿ ਅਜ ਦਾ Magna Charta ਸਮਝਿਆ ਜਾਂਦਾ ਹੈ, ਵਿਚ ਇਸ ਬਾਰੇ ਕਿਹਾ ਗਿਆ ਹੈ ਕਿ ਰਾਜ ਵਿਚ Property-Tax ਇਸ ਢੰਗ ਨਾਲ ਲਗਾਉਣਾ ਚਾਹੀਦਾ ਹੈ ਕਿ ਜਿਹੜਾ 5 ਸਾਲਾਂ ਵਾਸਤੇ ਕੋਈ ਰੇਟ ਤੇ ਲੱਗੇ ਅਤੇ ਇਹ ਵੀ ਉਨ੍ਹਾਂ ਤੇ ਹੀ ਜਿਹੜੇ ਕਿ ਉਥੋਂ ਦੇ ਵਸਨੀਕ ਹੋਣ । ਪਰ ਜਿਸ ਤਰ੍ਹਾਂ ਇਨ੍ਹਾਂ ਦਾ ਕਹਿਣਾ ਹੈ ਕਿ ਇਹ Tax land-revenue ਤੇ ਹੋਵੇ ਇਹ ਸਰਾਸਰ ਉਨ੍ਹਾਂ ਦੀ ਗ਼ਲਤੀ ਹੈ । ਇਹ ਆਬਿਆਨੇ ਦੇ ਦਰ ਤੇ ਵੀ fix ਕਰਨਾ ਕਿਸੇ ਵੀ ਤਰ੍ਹਾਂ ਨਾਲ justified ਨਹੀਂ । ਇਸ ਬਾਰੇ ਉਨ੍ਹਾਂ ਨੇ ਇਸ ਰਿਪੋਰਟ ਵਿਚ ਲਿਖਿਆ ਹੈ :—

"We, therefore, recommend that the Government should reduce their rate of tax as and when and to the extent that the municipal bodies concerned increase the rate of their tax. The process may be spread over a period of five years so that the transition may take place without serious dislocation to the budgets of the two States. At the end of five years, however, the State Governments concerned should cease to levy the tax."

ਇਹ ਜਨਾਬ recommendation ਹੈ ਇਸ ਰਿਪੋਰਟ ਦੇ ਸਫ਼ਾ 390 ਤੇ । ਅੱਗੇ ਜਾ ਕੇ ਉਹ ਲਿਖਦੇ ਹਨ—

"As property forms the base for more than one tax, there is need for co-ordination between the various taxes levied by different authorities. One context in which this need arises is that of levy of income-tax on property owners...."

"There is also need to ensure that as a result of different taxes levied by different authorities an undue burden in the aggregate is not placed on the property owner. Since we envisage the elimination within a few years of the urban immovable property-tax levied by State Governments, the residual problem in this context will be that of co-ordination between the general property-tax and the income-tax. Such co-ordination will consist in effecting the necessary adjustments in exemptions, concessions and deductions ....".

ਇਨ੍ਹਾਂ ਲਫ਼ਜ਼ਾਂ ਵੱਲ ਉਹ ਕੋਈ ਧਿਆਨ ਨਹੀਂ ਦਿੰਦੇ ਉਹ ਤਾਂ ਸਿਰਫ਼ ਇਕੋ ਹੀ ਰਟ ਲਗਾਈ ਜਾਂਦੇ ਹਨ ਕਿ ਦਿਹਾਤੀਆਂ ਦਾ ਕਿਉਂਕਿ land revenue ਬਹੁਤ ਬਧ ਗਿਆ ਹੈ ਇਸ ਵਾਸਤੇ ਜਿਤਨੇ tax ਲੱਗਣ ਉਹ ਸ਼ਹਿਰੀਆਂ ਤੇ ਹੀ ਹੋਰ ਲੱਗਣ । ਪਰ ਜੋ ਸ਼ਹਿਰੀਆਂ ਦਾ financial structure ਹੈ ਜੇ ਤੁਸੀਂ ਉਸਨੂੰ ਵੇਖੋ ਤਾਂ ਤੁਹਾਨੂੰ ਪਤਾ ਲਗੇਗਾ ਕਿ ਉਸ ਦੀ ਹਾਲਤ ਕੀ ਹੈ । ਇਨ੍ਹਾਂ ਤੇ ਪਹਿਲਾਂ ਹੀ taxes ਦਾ ਕਿਤਨਾ ਭਾਰ ਪਿਆ ਹੋਇਆ ਹੈ । ਮਿਸਾਲ ਦੇ ਤੌਰ ਤੇ ਅਜ ਤੁਸੀਂ ਇਹ ਇਕ ਮਕਾਨ ਦਾ ਨਕਸ਼ਾ ਹੀ ਲੈ ਲਵੋ ।

ਇਹ house No. 46 ਹੈ ਅਤੇ ਇਸ ਦਾ ਖਸਰਾ ਨੰਬਰ ਹੈ 584 । ਇਸ ਦਾ area ਹੈ 5,417 yards ਅਤੇ ਇਸ ਦਾ rent assessed 2,280/- ਹੈ, ਇਸ ਦੇ structure ਦੀ ਕੀਮਤ ਹੈ 30,000/- ਅਤੇ ਇਸ ਵਿਚ 1800 ਰੁਪਏ ਇਸ ਦੀ cost ਦੇ ਹਨ ਅਤੇ 228 ਰੁਪਏ ਇਸ ਦੀ repairs ਦੇ, 205 ਰੁਪਏ ਇਸ ਦਾ property-tax, 205 ਰੁਪਏ house tax, 300 ਰੁਪਏ depreciation ਦੇ । ਇਸ ਤਰ੍ਹਾਂ ਕੁਲ ਖਰਚ ਜਿਹੜਾ ਇਹਦਾ ਬਣਦਾ ਹੈ ਉਹ ਹੈ *2738* ਰੁਪਏ ।

ਸਰਦਾਰ ਗੁਰਬਚਨ ਸਿੰਘ ਬਾਜਵਾ : ਬੜਾ ਘਟ ਲਗਾਇਆ ਹੈ ਜੀ ।

ਸਰਦਾਰ ਸਰੂਪ ਸਿੰਘ : ਇਹ ਜਨਾਬ ਨੇ, ਮੇਰਾ ਖਿਆਲ ਹੈ ਜੀ, ਸੁਣਿਆਂ ਨਹੀਂ। ਮੈਂ ਅਰਜ਼ ਕਰਾਂ ਜੀ ਕਿ 2280/- ਜਿਸ ਦਾ rent ਹੈ ਅਤੇ 2738 ਇਹਦਾ ਖਰਚ ਬਣਦਾ ਹੈ।

ਸ਼੍ਰੀ ਬਲਰਾਮ ਦਾਸ ਟੰਡਨ : Rent ਨਾਲੋਂ ਸਿਰਫ ਥੋੜਾ ਜਿਹਾ ਵੱਧ ਹੈ।

ਸਰਦਾਰ ਸਰੂਪ ਸਿੰਘ : ਇਹ ਹੈ ਹਾਲਤ, ਜਨਾਬ, ਇਸ tax structure ਦੀ ਜਿਹੜੀ. . . .

ਸ਼੍ਰੀ ਬਲਰਾਮ ਦਾਸ ਟੰਡਨ : Technically ਸਿਰਫ rent ਦੇ ਬਰਾਬਰ ਹੀ ਹੈ। (ਹਾਸਾ)

ਸਰਦਾਰ ਸਰੂਪ ਸਿੰਘ : ਇਹ ਜਿਹੜਾ ਮੇਰੇ ਭਰਾਵਾਂ ਦਾ ਜ਼ਾਵੀਆਏ ਨਿਗਾਹ ਹੈ ਕਿ ਜੇ ਇਕ ਮੁਰਗੀ ਇਨ੍ਹਾਂ ਦੇ ਹਥ ਵਿਚ ਆ ਜਾਵੇ ਤਾਂ ਇਹ ਚਾਹੁੰਦੇ ਹਨ ਕਿ ਇਸਨੂੰ ਮਾਰ ਕੇ ਅੱਜ ਹੀ ਸਾਰੇ ਅੰਡੇ ਇਸ ਵਿਚੋਂ ਕੱਢ ਲਏ ਜਾਣ। ਮੈਂ ਸਮਝਦਾ ਹਾਂ ਕਿ ਇਹ ਕੋਈ ਅਕਲ ਮੰਦੀ ਦੀ ਨਿਸ਼ਾਨੀ ਨਹੀਂ। ਮੁਰਗੀ ਮਾਰ ਕੇ ਇਹਦੇ ਵਿਚੋਂ ਨਿਕਲਣਾ ਕੁਝ ਨਹੀਂ।

2nd Five-Year Plan ਵਿਚ housing construction ਤੇ ਕੁਝ ਹੋਰ taxes ਦੀ ਸੰਭਾਵਨਾ ਹੈ। ਇਕ ਹਜ਼ਾਰ ਰੁਪਏ ਦੀ construction ਤੇ 122 ਰੁਪਏ ਹੋਰ tax ਲਗ ਜਾਣਾ ਹੈ। ਮੈਂ ਸਮਝਦਾ ਹਾਂ ਕਿ ਇਸ ਕਿਸਮ ਦੀਆਂ ਇਕ ਦੋ ਹੋਰ legislations ਆ ਗਈਆਂ ਤਾਂ Central Grant ਤੋਂ ਬਗੈਰ ਕੋਈ construction ਨਹੀਂ ਹੋਵੇਗੀ। ਮਾਨ ਸਾਹਿਬ ਨੂੰ ਇਸ ਬਾਰੇ ਆਪਣਾ mind clear ਕਰ ਲੈਣਾ ਚਾਹੀਦਾ ਹੈ।

ਮਾਨ ਸਾਹਿਬ ਆਪਣੀ ਸੀਟ ਤੇ ਆ ਗਏ ਹਨ ਮੈਂ ਉਨ੍ਹਾਂ ਦਾ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਮੇਰੇ ਖਿਆਲਾਤ ਸੁਣਨ ਦੀ ਤਕਲੀਫ ਗਵਾਰਾ ਕੀਤੀ ਹੈ। ਅੱਜ ਜਿਹੜਾ property tax rental value ਤੇ ਵੀ ਲਗਾ ਹੋਇਆ ਹੈ ਉਸਦਾ maximum rate 50% ਦੇ ਕਰੀਬ ਹੈ। ਜਿਸ ਦੀ rental value 500 ਜਾਂ 500 ਤੋਂ ਘਟ ਹੈ ਉਸ ਤੇ ਤਾਂ ਕੁਝ ਨਹੀਂ, ਪਰ ਜਿਸ ਦੀ 500 ਤੋਂ 2000/- ਹੈ ਉਸ ਤੇ $2\frac{1}{2}\%$ ਅਤੇ ਜਿਸ ਦੀ 2000/- ਤੋਂ ਉਪਰ ਹੈ ਉਸਤੇ 5% ਹੈ।

ਅੱਜ ਮਾਨ ਸਾਹਿਬ ਨੂੰ ਇਹ ਸਾਰੀ ਸ਼ਹਿਰੀ ਸਹੂਲੀਅਤ ਦੀ ਤਸਵੀਰ ਆਪਣੇ ਸਾਹਮਣੇ ਰੱਖ ਲੈਣੀ ਚਾਹੀਦੀ ਹੈ। ਫੇਰ, ਜਨਾਬ, ਏਥੇ Commission ਨੇ ਆਪਣੀ ਰੀਪੋਰਟ ਵਿਚ ਇਹ ਵੀ recommend ਕੀਤਾ ਹੈ ਕਿ property-tax ਤੋਂ 6% maximum ਹੋਣਾ ਚਾਹੀਦਾ ਹੈ। ਪਰ ਏਥੇ taxes ਦੀ ਇਹ ਹਾਲਤ ਹੈ ਕਿ ਕੋਈ ਹਿਸਾਬ ਹੀ ਨਹੀਂ। ਉਹ ਕਹਿੰਦੇ ਹਨ ਕਿ land revenue ਹੀ ਵਧਿਆ ਹੈ ਉਨ੍ਹਾਂ ਨੂੰ, ਖਾਸ ਤੌਰ ਤੇ ਮਾਨ ਸਾਹਿਬ ਨੂੰ ਸ਼ਹਿਰੀਆਂ ਦੀ ਤਕਲੀਫ ਦੀ ਵਾਕਫੀ ਨਹੀਂ ਹੈ। ਮਾਨ ਸਾਹਿਬ ਤਾਂ ਬੜੇ ਪੁਰਾਣੇ ਅਤੇ ਤਜਰੁਬਾਕਾਰ legislator ਹਨ। ਉਨ੍ਹਾਂ ਨੇ ਇਸ ਚੀਜ਼ ਦਾ ਪਿਛਾ ਕਰਨ ਦੀ ਅਸਲ ਵਿਚ ਕੋਸ਼ਿਸ਼ ਹੀ ਨਹੀਂ ਕੀਤੀ। ਦਰ ਅਸਲ it is a tax on agricultural income. ਜੇ ਕਰ ਉਹ ਜ਼ਮੀਨ agricultural purposes ਲਈ ਨਾਂ ਵਰਤੀ ਜਾਵੇ ਤਾਂ ਉਸ ਤੇ ਕੋਈ land revenue ਨਹੀਂ ਲਗਦਾ। ਇਹ ਉਤਨਾ ਹੀ ਅਤੇ ਉਸ ratio

[ਸਰਦਾਰ ਸਰੂਪ ਸਿੰਘ]

ਨਾਲ ਹੀ ਲਗਦਾ ਹੈ ਜਿਤਨੀ ਕਿ if it had been put to agricultural use. ਇਹ ਮੇਰੀ ਰਾਏ ਨਹੀਂ ਬਲਕਿ ਬੜੇ ਬੜੇ land revenue experts ਦੀ, land revenue settlement officers ਦੀ ਰਾਏ ਹੈ।

Shri Inder Singh: This is a normal assessment.

Sardar Bhupinder Singh Man: No, This is seasonal assessment.

ਸਰਦਾਰ ਸਰੂਪ ਸਿੰਘ: ਡਿਪਟੀ ਸਪੀਕਰ ਸਾਹਿਬ, ਮੈਂ ਮਾਨ ਸਾਹਿਬ ਦੀ guidence ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਮੁਲਕ ਵਿਚ ਇਸ ਕਿਸਮ ਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਵਾਸਤੇ ਇਕ ਕਿਤਾਬ ਹੈ ਜਿਸ ਦਾ ਨਾਉਂ ਹੈ Constitution of India. (ਹਾਸਾ) ਉਹ ਬੜੀ ਸਸਤੀ ਮਿਲਦੀ ਹੈ ਅਤੇ ਇਹ Government India publication ਹੈ।

ਚੌਧਰੀ ਬਲਬੀਰ ਸਿੰਘ: ਜਿਹੜੀ ਹਰ ਥਾਂ ਤੋਂ ਮਿਲ ਸਕਦੀ ਹੈ।

ਸਰਦਾਰ ਸਰੂਪ ਸਿੰਘ: Taxation ਬਾਰੇ ਇਸ ਵਿਚ ਇਕ separate chapter ਹੈ। ਮਾਨ ਸਾਹਿਬ ਨੂੰ ਜੇ ਕਿਸੇ ਕਿਸਮ ਦਾ ਭੁਲੇਖਾ ਹੋਵੇ ਤਾਂ ਉਹ ਇਸ ਨੂੰ ਪੜ੍ਹਨ। ਇਸ ਦੇ ਵਿਚ ਸਾਫ਼ ਲਿਖਿਆ ਹੋਇਆ ਹੈ ਪਰ ਇਸ ਬਾਰੇ ਇਨ੍ਹਾਂ ਦੇ ਦਿਲ ਵਿਚ darkness ਕਿਨੀ ਹੈ। Item No. 22 ਜਿਹੜਾ ਹੈ ਉਹ Union Government ਦਾ sphere ਹੈ। ਇਸ ਵਿਚ ਦਿੱਤਾ ਹੋਇਆ ਹੈ—

"Union Taxes on income other than agricultural income...."

ਇਸ ਦਾ ਮਤਲਬ ਇਹ ਹੈ ਕਿ ਕੋਈ ਵੀ income ਹੋਵੇ ਜਿਹੜੀ agricultural income ਨਾ ਹੋਵੇ ਉਹ Union Government ਦਾ sphere ਹੈ। ਕਿਉਂਕਿ ਇਸ ਵਿਚ ਦਿੱਤਾ ਹੋਇਆ ਹੈ—

"Taxes on the capital value of the assets, exclusive of agricultural land, of individuals and companies"

ਡਿਪਟੀ ਸਪੀਕਰ ਸਾਹਿਬ, ਜਿਹੜੇ Union Government ਇਨ੍ਹਾਂ items ਤੇ tax ਲਗਾ ਸਕਦੀ ਹੈ। ਫੇਰ ਮੇਰੇ ਦੋਸਤ ਕਹਿਣਗੇ, what about the agricultural income ਉਸ ਦੇ ਵਾਸਤੇ 366 article ਦੇ ਮੁਤਾਬਕ ਉਸਦੀ definition ਦਿੱਤੀ ਗਈ ਹੈ ਅਤੇ ਉਸਦਾ meaning ਕੀ ਹੈ। Agricultural income means:-

"(a) any rent or revenue derived from land which is used for agricultural purposes, and is either assessed to land revenue in the taxable territories or subject to a local rate assessed and collected by officers of the Government as such;

(b) any income derived from such land by—

(i) agriculture, or

(ii) the performance by a cultivator or receiver of rent-in-kind of any process ordinarily employed by a cultivator or receiver of rent-in-kind to render the produce raised or received by him fit to be taken to market, or

(iii) the sale by a cultivator or receiver of rent-in-kind of the produce raised or received by him, in respect of which no process has been performed other than a process of the nature described in sub-clause (ii);

(c) any income derived from any building owned and occupied by the receiver of the rent or revenue of any such land, or occupied by the cultivator or the receiver

of rent-in-kind, of any land with respect to which, or the produce of which, any operation mentioned in sub-clauses (ii) and (iii) of clause (b) is carried on :

Provided that the building is on or in the immediate vicinity of the land, and is a buidling which the receiver of the rent or revenue or the cultivator, or the receiver of the rent-in-kind by reason of his connection with the land requires a dwelling-house or as a store-house or other out-building :"

Mr. Deputy Speaker : No, I will not allow it. It is not relevant.

Sardar Bhupinder Singh Mann : Sir, he should not be permitted to spread his own mind ....

Sardar Sarup Singh : Is this your only defence ?

ਮੈਂ ਅਰਜ਼ ਕਰ ਰਿਹਾ ਸੀ ਕਿ ਉਹ agricultural income constitution ਦੇ ਜ਼ਰੀਏ Income Tax Act ਦੇ ਵਿਚ define ਕਰ ਦਿੱਤੀ ਗਈ ਹੈ । ਅਤੇ constitution ਕਿਨਾ ਸਖਤ ਹੈ...

Mr. Deputy Speaker : Order, please ! Agricultural income से इसका क्या सम्बन्ध है । (How is it relevant to the agricultural income ?)

ਸਰਦਾਰ ਸਰੂਪ ਸਿੰਘ : ਡਿਪਟੀ ਸਪੀਕਰ ਸਾਹਿਬ, ਇਸ ਵਿਚ ਦਿੱਤਾ ਹੋਇਆ ਹੈ—

"No Bill or amendment which imposes or varies any tax or duty in which States are interested, or which varies the meaning of the expression "agricultural income" as defined for the purposes of the enactments relating to Indian income tax or which affects the principles on which under any of the foregoing provisions of this Chapter moneys are or may be distributable to States, or which imposes any such surcharge for the purposes of the Union as is mentioned in the foregoing provisions of this Chapter shall be introduced or moved in either House of Parliament except on the recommendation of the President."

Mr. Deputy Speaker: Order, please.

Sardar Bhupinder Singh Mann : He is completely confused.

Sardar Sarup Singh : Confused, but who is confused. ਡਿਪਟੀ ਸਪੀਕਰ ਸਾਹਿਬ, agricultural income ਦੀ definition ਕਿਤਨੀ rigid ਹੈ ਕਿ ਜਦ ਤਕ President authorise ਨਾ ਕਰੇ ਕੋਈ bill ਵੀ ਮੂਵ ਨਹੀਂ ਹੋ ਸਕਦਾ । ਇਹ ਜਿਹੜੇ ਇਹ ਟੈਕਸ ਲਗਦੇ ਹਨ ਉਹ—

It is in the nature of a tax on the property.

ਮੇਰੀ submission ਹੈ ਕਿ—

It is only the Union which can tax capital assets and income other than agricultural income. Therefore, I hold that all this is *ultra vires*.

Sardar Bhupinder Singh Mann : Sir, who is he to hold it *ultar vires* ?

Sardar Sarup Singh : Sir, I am giving my opinion.

ਮੈਂ ਸਮਝਦਾ ਹਾਂ, ਡਿਪਟੀ ਸਪੀਕਰ ਸਾਹਿਬ, ਇਹ ਨਵੀਂ conception executive ਦੇ ਰਾਹੀਂ ਲਾਏ ਹਨ । ਜਿਹੜਾ proposal ਹੈ ਉਹ ਤਲਵਾਰ ਦੀ ਤਰ੍ਹਾਂ ਲਟਕ ਰਿਹਾ ਹੈ । ਇਸ ਲਈ ਇਸ ਤੇ ਬੜੀ ਧੀਰਜ ਨਾਲ ਵਿਚਾਰ ਕਰਨ ਦੀ ਲੋੜ ਹੈ ।

[ਸਰਦਾਰ ਸਰੂਪ ਸਿੰਘ]

ਮੈਂ ਅੰਤ ਵਿਚ ਇਹ ਕਹਿੰਦਾ ਹਾਂ ਕਿ ਜਿਹੜਾ ਟੈਕਸ ਬਰਦਾਸ਼ਤ ਕਰ ਸਕਦਾ ਹੈ tax ਉਸ ਤੇ ਲਗਾਣਾ ਚਾਹੀਦਾ ਹੈ, ਉਸ ਤੋਂ ਟੱਪ ਵੀ ਲਗਾ ਸਕਦੇ ਹੋ ਲੇਕਿਨ ਅਜਿਹਾ measure ਜਿਹੜਾ ਕਿ against Constitution ਹੈ, against public interest ਹੈ, against morality ਹੈ ਅਤੇ ਜਿਹੜਾ based on prejudices ਹੈ, ਉਹ ਇਸ ਹਾਊਸ ਵਿਚ ਨਹੀਂ ਆਉਣਾ ਚਾਹੀਦਾ ।

श्री इन्द्र सिंह (जींद, जनरल) : जनाब डिप्टी स्पीकर साहिब, अभी जिन कांग्रेसी मेम्बर साहिब ने अपने विचार इस के ऊपर रखे हैं, मैं उन से सहमत नहीं हूँ। उनकी सारी दलील इस बात के ऊपर थी कि जो land revenue बन्दोबस्त के वक्त assess होता है या जो normal assessment उसकी होती है, मैं समझता हूँ कि यह केस और यह बिल जो हमारे सामने है यह बिल्कुल उससे मुख्तलिफ हैं। तो जो agricultural purpose के लिये land होती है और जिस के ऊपर बन्दोबस्त के वक्त assessment की जाती है उसका इस बिल के साथ दूर का भी वास्ता नहीं। जो arguments सरदार सरूप सिंह ने हाउस के सामने रखे हैं, वह बन्दोबस्त के वक्त जिन जरई जमीनों पर मालिया लगता है। उन के साथ सम्बन्धित हैं। और Land Revenue Act में यह पाबन्दी नहीं है कि जो जमीन . . . .

(*Voices* : No, no, no.)

I am sorry । अगर जमीन जो जरई परपज (purpose) के लिये थी तो उस पर assessment नहीं हो सकती। ऐसी कोई चीज ऐक्ट के अन्दर मौजूद नहीं।

तो अब सवाल यह है कि यह special assessment शहरों के अन्दर जो लाल लकीर से बाहर आबादी चली गई है चाहे वह दस्तकारी की शक्ल में हो, कारखानों की शक्ल में हो, बाग-बगीचों की शक्ल में हो, recreation पार्कस की शक्ल में हो और चाहे वह छोटी छोटी घरेलू दस्तकारियों की शक्ल में हो, जो आबादी लाल लकीर के अन्दर बाहर फैल गई है शहरों में उस के ऊपर special assessment लगाने के लिये यह बिल हाउस के सामने पेश हुआ है . . . .

(Voices : No, no, no.)

असूली तौर पर मैं इस बिल की हिमायत करता हूँ। और मैं कहता हूँ कि जो discrimination अन्दर और बाहर थी, लाल लकीर के उसको इस बिल से दूर किया जा रहा है।

अब सवाल यह पैदा होता है कि इस असूल की तो हिमायत करता हूँ लेकिन उस में जो चन्द एक बातें हैं उनकी तरफ जनाब की तवज्जुह और आपके जरिये वजीर साहिब की तवज्जुह दिलाना चाहता हूँ।

मैं यह महसूस करता हूँ कि 1952 में भी कांग्रेसी वजीरों ने एक बिल इस हाउस के अन्दर पेश किया था और उस के जरिये Land Revenue Act में तरमीम करनी चाही थी।

(*Mr. Speaker occupied the chair.*)

उस के बाद सन् 1955 में उस amending Act के तहत rules बने थे लेकिन आज तक उन rules के ऊपर अमल दरामद नहीं हुआ। और अब फिर यह Bill नए सिरे से Select Committee के पास जाने के बाद नई शक्ल में हमारे सामने आया है। मैं महसूस करता हूँ कि आज भी हमारे वज़ीर माल साहिब इस बात के ऊपर clear नहीं हैं कि किस category के ऊपर इस Bill की application होनी चाहिए और किन को exempt करना चाहिए। मैं अर्ज़ करता हूँ कि अगर tax लगाने हैं तो आप को देखना पड़ेगा कि tax का असर किन लोगों पर पड़ता है और उस के नतायज क्या होते हैं। जब इस बात का ख्याल नहीं रखा जाता तो मैं समझता हूँ कि आप taxation के असूल के खिलाफ चल रहे हैं। इस Bill में सिर्फ़ residential house को, जिन की rental value 20 रुपये महीना होगी, exempt किया गया है। बाकी जो छोटी छोटी दुकानें हैं, मिसाल के तौर पर जूते मुरम्मत करने वाले की दुकान है, पकौड़े बेचने वाले की दुकान है, या small scale पर कपड़ा बेचने वाले की दुकान है, इन सब का ध्यान नहीं रखा गया। मुझे यह कहने में हिचकिचाहट नहीं है कि पिछले बंदोबस्त के बाद बहुत सी आबादी बढ़ी है और उस के साथ छोटी छोटी दस्तकारियां भी बढ़ी हैं, club houses और libraries शहरों के अन्दर बनी हैं। इन सब चीज़ों का ध्यान नहीं रखा गया। अगर उन को ध्यान में रखा जाता तो यह Bill एक बहुत अच्छा Bill होता। एक तरफ तो यह कोशिश की गई है कि जिन रिहायशी घरों का किराया 20 रुपए तक माहवार का है उनको exempt कर दिया जाए लेकिन जिन दुकानों के अन्दर मोची जूते repair करते हैं, लोहार काम करते हैं, जुलाहे काम करते हैं, या जो लोग पकौड़े वगैरह बेच कर अपना गुज़ारा करते हैं उनकी तरफ कोई ध्यान नहीं दिया गया। इस लिये मैं समझता हूँ कि यह एक तरह की discrimination की गई है। 20 रुपये माहवार किराये वाले मकानों को तो आप exemption दे रहे हैं लेकिन जो शहरों के अन्दर छोटी छोटी दुकानें हैं उन को आप include कर रहे हैं। मैं वज़ीर साहिब से दरखास्त करूंगा कि वह इस discrimination को दूर करें और जो छोटी छोटी दुकानें हैं उन को भी exempt करें। जहां तक इस बिल को लाने का ताल्लुक है असूली तौर पर यह दुरुस्त है। मगर इस में कुछ नकायस हैं जिन को अगर दूर कर दिया जाए तो यह बिल बहुत अच्छा बन सकता है। अगर यह special assessment slab system पर लगाया जाता, जैसा कि agricultural income पर लगाया गया है, और Taxation Enquiry Commission की report के मुताबिक होता तो ठीक था। बाकी उन्हों ने कहा है कि जिस शहर के अन्दर या जिस locality में कारोबार है उस के ऊपर graded tax लगाया गया है।

ਮਾਲ ਮੰਤ੍ਰੀ: ਉਹ ਤਾਂ ਖੁਦ ਬਖੁਦ ਲਗ ਜਾਏਗਾ।

श्री इन्द्र सिंह : मैं यह कहना चाहता हूँ कि officers को एक अख्तियार दिया गया है कि वह special assessment को कम कर दें या ज्यादा कर दें। एक तरफ तो यह कहते हैं कि मकानों की तामीर में कोई फर्क नहीं आता लेकिन जो Bill की clause 2 है उस के अन्दर 'rent' की जो तारीफ है उस में से सिर्फ house tax को ही deduct

[श्री इन्द्र सिंह]

करते हैं। मेरा सुझाव यह है कि house tax के अलावा जो propety tax वगैरह हैं उन को भी deduct कर दिया जाए और एक ही किस्म का tax लगाया जाए, चाहे वह शहरी आबादी पर हो और चाहे देहाती आबादी पर हो। जो हर किस्म के tax लगाने की Government आदी हो गई है उस को यह आदत छोड़ देनी चाहिए। एक ही जायदाद पर मुख्तलिफ़ नाम के tax लगा कर हमारी सरकार की जो खज़ाना भरने की policy है वह socialist pattern of society कायम करने के असूल के खिलाफ़ है। इस लिये मैं गुज़ारिश करूंगा कि जहां आप ने house tax exempt किया है उस के साथ ही property tax और जो 'other taxes' जायदाद के ऊपर लगते हैं उन सब को exempt करके आप slab system पर एक tax लगाएं। यह बात हरगिज़ मुनासिब नहीं कि एक जूतों की repair करने वाले पर भी वही assessment हो और उस के मुकाबले में एक कारखानेदार पर भी वही assessment हो जो कि लाखों रुपये कमाता है। जो गरीब जूते बनाता है या पकौड़े बेचता है वह तो बहुत मुश्किल से अपने पेट का गुज़ारा कर सकता है। इस लिये मैं गुज़ारिश करूंगा कि दोनों पर assessment बराबर नहीं होनी चाहिये और slab system पर tax लगना चाहिये ताकि हमारे सूबे की तामीर में मुनासिब लोग मुनासिब हिस्सा डाल सकें। अगर आप ऐसा नहीं करेंगे तो उस से लोगों के अन्दर बेचैनी बढ़ेगी जो कि सूबे की तरक्की में एक बड़ी भारी रुकावट होगी। इस लिये मैं एक बार फिर गुज़ारिश करूंगा कि tax एक किस्म का और slab system पर लगाया जाना चाहिये।

इस के बाद जो बात सरदार सरूप सिंह जी ने कही है, देहातों और शहरों का मुकाबला कर के, उस के मुतअल्लिक मैं कुछ कहना चाहता हूँ। उन्होंने कहा है कि देहातियों की निसबत शहरी लोग जो हैं वह बहुत ज़्यादा tax देते हैं। मैं समझता हूँ कि जहां उन्होंने देहातों और शहरों के taxes का अंदाज़ा बताया है उस के साथ ही उन को इस बात का भी मुकाबला कर के देखना चाहिये कि देहातों में क्या amenities हैं और शहरों में क्या क्या amenities हैं। वह इस बात से इन्कार नहीं कर सकते कि देहातों में जो amenities हैं वह शहरों के मुकाबले में नफ़ी के बराबर हैं। Maternity centres को आप लें तो 99 फी सदी वह शहरों में हैं, जो बड़े बड़े hospitals हैं वह भी शहरों में ही हैं। इसी तरह education को आप ले लीजिए। जितने Engineering Colleges हैं, Medical Colleges हैं, Law Colleges हैं, libraries हैं, Arts Colleges हैं वह सब के सब आप को शहरों में ही मिलेंगे। गर्ज़ें कि सब किस्म की amenities शहरों के अन्दर मौजूद हैं। इस के मुकाबले में गांवों के अन्दर कुछ भी नहीं है। इस लिये मैं सरदार सरूप सिंह जी से कहूंगा कि उन्हें ऐसे Bill की support करने से कतराना नहीं चाहिए। इस Bill की जितनी भी तारीफ की जाए उतनी ही कम है बशर्ते कि जो बातें मैंने कही हैं उन का ध्यान रखा जाए। इन अलफाज़ के साथ मैं गुज़ारिश करूंगा कि इस Bill को पास कर देना चाहिए।

राओ गजराज सिंह (गुड़गांव) : जनाब स्पीकर साहिब, इस बिल का जो मकसद है, जो basic चीज़ है उसको हम far fetched discussion में ले गए हैं। इस Bill

की जो statement of objects and reasons है उस में यह बात दर्ज है कि लाल लकीर के अन्दर पहले हाला नहीं था और उस के बाहिर लगा हुआ था । अब उस discrimination को दूर करने के लिये, लाल लकीर के अन्दर भी special assessment लगाने के लिये यह amendment Bill लाया गया है । स्पीकर साहिब, Hindu Law से लेकर आज तक जो कानून रहा है वह यह था कि राजा तमाम भूमि का मालिक होता था और तमाम रैयत से या proprietors से मालिया वसूल किया जाता था । आज भी, स्पीकर साहिब, आप किसी मुल्क का मुलाहज़ा फरमा लीजिए कि सरकार तमाम ज़मीन की मालिक है । लेकिन यहां पर जो सरकार है यह देहातों की ज़मीन की super proprietor तो है मगर शहरों की ज़मीन की मालिक नहीं है । मेरे दोस्त सरदार सरूप सिंह ने कहा है कि शहरों की जायदाद तो investment करके बनाई जाती है इस लिये उसको exemption होनी चाहिये । मैं उन को बताना चाहता हूं कि गांवों की ज़मीन पर भी अगर investment न की जाए तो वह पैदावार नहीं दे सकती । हमारे ज़िले में एक एक कुआं लगाने पर 10, 10 हज़ार रुपया खर्च आ जाता है । इस लिये जब उन पर मालगुज़ारी लगती है तो क्या वजह है कि शहरी जायदाद पर न लगे । इस लिये मेरे इन दोस्तों को वह असूल भी याद आना चाहिए । यह सवाल नहीं है कि मालिया इस पर लगना चाहिये और इस पर नहीं लगना चाहिये । मैं ने अर्ज़ किया कि आप तमाम jurisprudence को उठा कर देख लें और कदीम वक्तों के कानूनों को देख लें उस में भूमि जो है उस का मालिक राजा है या सरकार है । भूमि पर कर लगाने का उसे अधिकार है । भूमि चाहे गांव की हो चाहे शहर की हो सब की सरकार मालिक मानी गई है । मगर अब तक तो यही समझा जाता रहा है कि सरकार सिर्फ देहाती ज़मीनों की ही मालिक है और उसी को मालिया लगता रहा है । इस लिये अर्ज़ है कि इस कानूनी पहलू से भी देख लें कि यह शहरी ज़मीन पर भी लगना चाहिये या नहीं । फिर दूसरी चीज़ भी है । Socialistic pattern of society, equity और justice भी इस बात की मांग करते हैं कि यह लगना चाहिये । इस के मुतअल्लिक अभी मेरे एक दोस्त ने जो अभी बोले हैं, उन्होंने चंद एक बातें बताई हैं और वही चीज़ें मैं अर्ज़ करूंगा कि तमाम State Revenue का बेश्तर हिस्सा आज तक हरों पर ही खर्च किया गया । चाहे हस्पताल हों, चाहे सड़कें हों स्कूल कालिज हों, और या दूसरी चीज़ें हों वह पहले शहरों में ही provide होती हैं और होती रही हैं । मुझे तो अभी भी इस बजट को देख कर शिकायत है कि इस का बेश्तर हिस्सा शहरों के लिये ही मखसूस है और खर्च किया जाएगा । एक veterinary hospital भी कायम करना हो तो वह भी शहरों के अन्दर जाएगा हालांकि इस का ताल्लुक गांव की आबादी से है और उन को दस दस और बारह बारह मील से मुवेशी वहां लाने पड़ते हैं । तो मेरे कहने का मतलब है कि तमाम चीज़ें तो यह शहरों में चाहें कि वहां हों और जब रुपए पैसे का सवाल आए और टैक्स लगने का मामला हो तो यह आवाज़ उठाई जाए कि साहिब यह तो शहर वालों पर लग गया । अजीब मंतक है । एक भाई तो यहां तक फरमाने लगे कि यह तो बड़ी भारी discrimination हो रही है । मगर मैं तो कहता हूँ कि discrimination तो अब तक होती रही है । और अब उस को हटाया जा रहा

[राओ गजराज सिंह]

है । अगर इस discrimination को हटाना ही discrimination है तो हम इस discrimination को welcome करते हैं। (cheers)। अब तक तो एक तबके के साथ discrimination होती रही है कि तमाम बोझ तो एक तबके पर डाला गया और उस से वसूल करके दूसरे पर खर्च किया गया । तो आज अगर यह एक कदम इस चीज़ को बन्द करने के लिये उठाया है तो इस में कौन सी ऐसी चीज़ है कि जिस पर किसी को कोई एतराज़ हो सकता हो ? मैं कहता हूं कि equity की बिना पर, justice की बिना पर और good conscience को बिना पर यह लगना चाहिये । हां अगर कोई मुनासिब एतराज़ की बात हो तो कहें, जैसा कि एक amendment socialist मेम्बरान की तरफ से आई है । मैं उसे सही मानता हूँ कि net assets को मालूम करने के लिये जहां और तमाम चीज़ों को मद्देनज़र रखा जाता है वहां house tax के साथ property tax को भी मद्देनज़र रखना चाहिये। मिनिस्टर साहिब शायद और बातों में मसरूफ हैं । मैं उनकी तवज्जुह इस तरफ दिलाना चाहता हूँ कि जब house tax और property tax की definition आप के Land Revenue Act में मौजूद है कि net assets का तरीका यह है तो आप दो तरीके इस में नहीं लिख सकते जब तक कि आप साथ में यह नहीं लिखते कि not withstanding anything inconsistent with any other sections of the Act. जब तक आप यह चीज़ न लिखें दो तरीके नहीं हो सकते हैं । तो मेरी अर्ज़ यह है कि property tax जो है वह भी house tax की तरह मुस्तसना कर देना चाहिये । मेरा ख्याल है कि ज्ञानी जी इस चीज़ पर गौर करेंगे क्योंकि कानून में यह एक तरह की inconsistency हो जाती है । इस लिये net assets निकालते वक्त property tax भी निकाल देना चाहिये और यह चीज़ इस में include कर देनी चाहिये और फिर net rental value count करनी चाहिये । इस सिलसिले में एक और दलील दी जाती है---यहां तो नहीं बाहर दी जाती है-कि जब गांव की आबादी पर land revenue नहीं है तो फिर शहर की आबादी पर क्यों ? मैं समझता हूँ कि जो भाई यह बातें करते हैं उन्होंने कानून सही तरीके से study नहीं किया है सिर्फ़ सुनी सुनाई बातें करते हैं । उनकी वाकफियत के लिये मैं बता देना चाहता हूँ कि वहां जब एक village estate का land revenue तशखीस होता है तो उसमें फिर गांव के बिस्वेदार कह देते हैं कि फलां फलां जगहों को मुस्तसना कर दिया जाए लेकिन land revenue की जो तशखीस होती है वह तमाम की तमाम estate पर होती है । मिसाल के तौर पर 500 रुपये मालिया मुकर्रर हुआ तो गांव वाले कह देते हैं कि मरघट, जौहड़, आबादी वगैरह को मुस्तसना कर दो और वह उस में से काट दी जाती हैं । बाकी रकम जो होती है वह तमाम को तमाम दूसरे रकबे पर डाल दी जाती है । इस लिये यह कहना कि गांव की आबादी मुस्तसना है, एक गलत चीज़ है क्योंकि रकम जो तमाम होती है वह दूसरे रकबे पर डाल दी जाती है । तो मैं अर्ज़ करूंगा कि इसी तरह से आप भी शहरों की सारी estate पर मालिया लगा दीजिए और फिर आबादी को मुस्तसना करार दे दीजिए और बाकी रकबे पर लगवा लें । मैं आप शहर वालों से कहता हूँ कि आप इत्तफाक से अगर इस तरीके से शहरी आबादी को मुस्तसना करार दिलाना चाहते हो तो आइए इस असूल को मानिए और मेरा ख्याल है कि गवर्नमेंट को भी इस में कोई एतराज़ नहीं होगा ।

माल मन्त्री : इस सूरत में तो कोई एतराज़ नहीं।

राम्रो गजराज सिंह : मेरे कुछ दोस्तों ने शिकायत की थी कि इन को 240 रुपये की छूट दे दी गई है और इतनी रकम की net rental value वालों को मुस्तसना कर दिया है। मगर मैं इस चीज़ को दूसरी शकल में लेता हूं और मैं वज़ीर साहिब का मशकूर हूं कि जिस चीज़ के लिये इतने अरसे से कहते रहे हैं कि जो land revenue है इसे income tax की basis पर कर दीजिए वह चीज़ इन्होंने यहां मान ली है और मान लिया है कि 240 रुपए की limit होनी चाहिये। कल को जब बंदोबस्त होगा तो हमें भी कहने की गुंजाइश होगी कि जब आपने 240 रुपये की आमदनी की छूट वाला असूल मान लिया है और Act की शकल में मौजूद है तो हमारे लिये भी ऐसा करो। इस लिये यह तो अच्छी बात इन्होंने की है। फिर, जनाब, मैं इस के बारे में ज्यादा बहस में नहीं जाना चाहता। मगर मैं इन भाइयों से कहूंगा कि आप ज़रा Taxation Enquiry Commission की report को पढ़ लें। उन में तो पंजाब का उस तबके का जिस को कि आप बदनाम करने की बात करते हैं और चंद समाचारवादी अखबारात तो लिखते हैं . . .

श्री बलराम दास टंडन : यह समाचारवादी अखबार क्या हुए (हंसी)।

राम्रो गजराज सिंह : वही जो झूटी सच्ची जोड़ कर बुरी खबरें फैलाया करते हैं और आप तो उनकी बाबत ज्यादा जानते हैं (*Interruptions*) मैं ने तो इसी लिए गोल मोल बात कही थी। मगर आप क्यों particular होते हैं ? 'शहरों में रहने वालों पर जुल्म और ज्यादती' 'ज्ञानी जी की करतूत' इस तरह की चीज़ें लिखते हैं। जो साहिबान Taxation Enquiry Commission के मेम्बर थे उनका नाम लो तो फरमाते हैं अजी वह तो बड़े आलम फाज़िल आदमी थे और बड़े आला पैमाने के आदमी थे। मगर अगर साथ ही यह भी कह दें कि उन्होंने अपनी report में लिखा है कि यह जायज़ टैक्स है और नाजायज़ तौर पर छोड़ा हुआ है तो कहेंगे कि बड़े नालायक हैं और जैसा कि एक जज साहिब की report के मुतअल्लिक कहने के लिए उठ खड़े हुए थे। दरअसल बात यह है कि आज तक इन्होंने बोझ उठाया नहीं था, दूसरों पर ही लादते रहे। इन का हाल तो उस बैल जैसा है जिस पर कभी बोझ रखा न गया और सारा बोझ दूसरा बैल उठाता रहा हो और अगर आज एक छटांक बोझ रखा गया तो हांपने लगा। यह चाहते हैं कि एक ही बैल सारा बोझ उठाता रहे और यह मज़े से खाते रहें। मैं अर्ज़ करता हूं कि आप कोई बात करें तो वह असूल की करें। आप कहें कि ज़मीन जो है, चाहे शहरों के अन्दर है चाहे देहातों में, उस पर मालिया नहीं लगना चाहिए। अगर आप कहते हैं कि शहरी ज़मीन पर मालिया नहीं लगना चाहिए तो यह असूली बात नहीं। मगर आप कहते हैं कि कहीं भी ज़मीन पर मालिया नहीं लगना चाहिए तो हम भी आपके साथ हैं। आइए आप दरिया दिली के साथ हम आप को follow करेंगे और गवर्नमेंट से कहते हैं कि सारी ज़मीन का मालिया छोड़ दो और रुपए पैसे का कोई दूसरा ज़रिया निकालो और काम चलाओ। फिर कहेंगे कि रुपया के बगैर

[राम्रो गजराज सिंह]

काम कैसे चलेगा । इस लिए मैं अपने इन दोस्तों से अर्ज करूंगा कि आप को बड़ी संजीदगी के साथ इन सारी बातों पर ग़ौर करना चाहिए और सोचना चाहिए । मैं खुद उन में से हूं जिन पर यह लगेगा । मेरे पास भी शहर में मकान मौजूद हैं । लेकिन हमें सारी बातें असूली तौर पर देखनी चाहिएं और जाती तौर पर नहीं देखना चाहिए । अगर State को revenue नहीं आएगा तो काम कैसे चलेगा ? उन लोगों से जो शहरों में बड़ी बड़ी कोठियां बना कर बैठे हैं उन से अगर यह चीज़ न ली जाए तो फिर Socialistic pattern of society कौन सा हुआ और कहां से आएगा ? टैक्स तो लिया जाए उन से ही जो पहले से ही देते आए हैं और यह शहरों में बैठे बग़ैर कुछ दिए अखबारों में Socialistic pattern of society के मज़मून लिखते जाएं । अखबारों में तो इसका बड़ा ढंढोरा पीटते हैं और Socialistic pattern of society की बड़ी बातें लिख कर कागज़ स्याह करते हैं लेकिन जब अमली तौर पर जिक्र आए तो Socialists unsocialists बन जाते हैं और कांग्रेसी खराब आदमी बन जाते हैं क्योंकि वह इस किस्म के टैक्स वसूल करते हैं । और यह कांग्रेसी बहुत ग़रीब आदमी बन जाते हैं जो इस किस्म के टैक्स तजवीज़ करते हैं । यह अजीब लाजिक है, अजीब मन्तक है । मैं ने अर्ज किया कि eminent persons ने टैक्सेशन एनक्वायरी कमेटी की रिपोर्ट में कहा है कि यह पहले लग जाना चाहिए था, आज तक कोताही हुई है । पांच दस साल पहल लगा देना चाहिए था। अन्त में मैं अर्ज कर देना चाहता हूं कि 48 से 60 तक की मुख्तलिफ दफ़ात में जो inconsistencies हैं उन को निकाल देना चाहिए तो फिर मुनासिब चीज़ होगी ।

ਸਰਦਾਰ ਉਮਰਾਓ ਸਿੰਘ (ਨਕੋਦਰ, ਜਨਰਲ) : ਸਪੀਕਰ ਸਾਹਿਬ, ਇਹ ਜੋ revolutionary measure ਹਾਊਸ ਦੇ ਸਾਹਮਣੇ ਪੇਸ਼ ਹੈ ਇਸ ਲਈ ਮੈਂ Revenue Minister ਸਾਹਿਬ ਨੂੰ ਵਧਾਈ ਦਿੰਦਾ ਹਾਂ । ਇਸ measure ਨੂੰ ਲਿਆਉਣ ਨਾਲ ਜੋ ਦਿਹਾਤੀ ਅਤੇ ਸ਼ਹਿਰੀ ਦੀ discrimination ਜਾਂ distinction ਕਲਾਜ਼ 3,4 ਅਤੇ ਕਲਾਜ਼ 48 ਵਿਚ ਦਿੱਤੀ ਗਈ ਸੀ ਉਹ ਦੂਰ ਹੋ ਜਾਏਗੀ । ਕਿਉਂਕਿ ਉਨ੍ਹਾਂ ਕਲਾਜ਼ਾਂ ਦੇ amend ਹੋ ਜਾਣ ਨਾਲ ਜਿਹੜੀ distinction urban ਅਤੇ rural ਵਿਚ ਸੀ ਉਸ ਨੂੰ ਦੂਰ ਕਰ ਕੇ land revenue ਸਾਰੀ ਜ਼ਮੀਨ ਤੇ ਲਗਾਇਆ ਜਾਏਗਾ । ਜਿਥੋਂ ਤਕ land revenue ਲਾਉਣ ਦਾ ਤਅੱਲਕ ਹੈ ਸਰਕਾਰ ਜ਼ਮੀਨ ਦੀ ਪੈਦਾਵਾਰ ਦਾ ਹਿੱਸਾ ਲੈਂਦੀ ਹੈ । Land Revenue ਦਾ ਇਤਿਹਾਸ ਇਹ ਹੈ ਕਿ ਇਹ ਹਿੱਸਾ ਪਹਿਲੇ kind ਦੇ ਤੌਰ ਤੇ ਲਿਆ ਜਾਂਦਾ ਸੀ ਲੇਕਿਨ ਅੰਗਰੇਜ਼ਾਂ ਦੇ ਆਉਣ ਦੇ ਬਾਅਦ 1871 ਵਿਚ ਐਕਟ ਬਣਿਆ ਜਿਸ ਦੇ ਮਾਤਹਿਤ cash ਦੇ ਤੌਰ ਤੇ ਲੈਣਾ ਸ਼ੁਰੂ ਹੋ ਗਿਆ । 1871 ਵਿਚ ਜਦੋਂ Land revenue Act ਬਣਿਆ ਉਸ ਵਿਚ, ਸਪੀਕਰ ਸਾਹਿਬ, ਇਸ ਕਿਸਮ ਦੀ ਕੋਈ distinction ਮੌਜੂਦ ਨਹੀਂ ਸੀ ਜਿਸ ਤੋਂ ਇਹ ਪਤਾ ਲੱਗ ਸਕੇ ਕਿ land revenue urban areas ਵਿਚ ਨਹੀਂ ਲਗੇਗਾ

12.00 noon

ਬਲਕਿ ਇਹ distinction 1928 ਦੀ ਅਮੇਂਡਮੇਂਟ ਵਿਚ ਲਿਆਂਦੀ ਗਈ ਸੀ। Section 48, 1928 ਵਿਚ amend ਕੀਤਾ ਗਿਆ। ਇਸ ਦੇ ਮੁਤਾਬਕ ਜੋ amendment ਕੀਤੀ ਗਈ ਉਹ ਮੈਂ ਤੁਹਾਡੇ ਗੋਸ਼ਗੁਜ਼ਾਰ ਕਰਨਾ ਚਾਹੁੰਦਾ ਹਾਂ :

All land, to whatever purpose applied and wherever situate, is liable to the payment of land revenue to the Government, except such land as has been wholly exempted from that liability by special contract with the Government or by the provisoins of any law for the time being in force....

ਏਨੀ ਪੁਰਾਣੀ ਕਲਾਜ਼ ਸੀ। ਇਸ ਦੇ ਨਾਲ ਇਹ add ਕੀਤਾ ਗਿਆ :

and such land as is included in the village site.

Village site ਵਿਚ ਜੋ ਜ਼ਮੀਨ include ਕੀਤੀ ਜਾਣੀ ਹੈ 1928 ਵਿਚ ਇਹ ਪਹਿਲੀ ਦਫ਼ਾ exempt ਕੀਤੀ ਗਈ। ਇਸ ਦਾ ਮਕਸਦ ਮੈਂ ਸਮਝਦਾ ਹਾਂ ਇਹ ਨਹੀਂ ਸੀ ਕਿ ਸਾਰੀ ਜ਼ਮੀਨ exempt ਕਰ ਦਿੱਤੀ ਜਾਏ। 1952 ਵਿਚ ਇਸ ਦੀ amendment ਹੋਈ ਜਿਸ ਦੇ ਮੁਤਾਬਕ special assessment ਹੋਈ। ਸਪੀਕਰ ਸਾਹਿਬ, ਉਹ ਜ਼ਮੀਨਾਂ ਜਿਹੜੀਆਂ agricultural purposes ਲਈ ਇਸਤੇਮਾਲ ਹੁੰਦੀਆਂ ਸਨ ਉਹ houses ਵਗੈਰਾ ਬਣਨ ਨਾਲ ਜਾਂ ਹੋਰ ਤਰ੍ਹਾਂ non-agricultural use ਵਿਚ ਆਉਣ ਲੱਗ ਪਈਆਂ। Section 59 ਵਿਚ amendment ਲਿਆਉਣ ਨਾਲ ਭਾਵੇਂ ਉਹ ਜ਼ਮੀਨਾਂ town sites ਦੇ ਬਾਹਰ ਹੋਣ ਜਾਂ ਅੰਦਰ situated ਹੋਣ ਉਹ ਉਸੇ ਹੀ ਤਰ੍ਹਾਂ special assessment ਲਈ liable ਹੋਣਗੀਆਂ। ਸਪੀਕਰ ਸਾਹਿਬ, ਤਿੰਨ ਕਿਸਮ ਦੀ land ਸੀ ਜਿਹੜੀ ਕਿ houses ਵਿਚ convert ਕਰ ਦਿੱਤੀ ਗਈ। ਇਕ ਤਾਂ ਉਹ ਜ਼ਮੀਨ ਹੈ ਜਿਥੇ ਕਿ ਪਹਿਲੇ ਹੀ ਮਕਾਨ ਬਣੇ ਹੋਏ ਹਨ, ਦੂਜੀ ਉਹ ਜਿਸ ਤੇ ਪੁਰਾਣੇ ਮਕਾਨ ਬਣੇ ਹੋਏ ਹਨ ਉਸ ਵਿਚ ਹੋਰ ਮਕਾਨ add ਹੋ ਗਏ ਅਤੇ agricultural purposes ਵਾਲੀ ਜ਼ਮੀਨ ਤੇ ਵੀ ਮਕਾਨ ਬਣ ਗਏ। ਤੀਜੀ ਉਹ ਜਿਹੜੀ ਕਿ ਸਾਰੀ ਬਿਲਕੁਲ agricultural purposes ਲਈ ਇਸਤੇਮਾਲ ਹੁੰਦੀ ਸੀ ਜਿਸ ਉਤੇ ਨਵੀਆਂ ਮੰਡੀਆਂ ਜਾਂ ਨਵੇਂ ਸ਼ਹਿਰ ਬਣ ਗਏ ਹਨ। ਜਿਥੋਂ ਤੱਕ ਦੂਜੀ ਔਰ ਤੀਜੀ ਦਾ ਤਅੱਲਕ ਹੈ ਇਨ੍ਹਾਂ ਵਿਚ ਜਿੰਨੀ extension ਹੋਈ ਉਸ ਤੇ ਪਿਛਲਾ ਮਾਲੀਆ ਲੈ ਰਹੇ ਸੀ। ਪਰ ਕਈ ਐਸੀਆਂ ਜ਼ਮੀਨਾਂ ਹਨ ਜਿਹੜੀਆਂ ਕਿ ਪਹਿਲੇ agricultural use ਵਿਚ ਆਉਂਦੀਆਂ ਸਨ ਪਰ ਹੁਣ non-agricultural use ਵਿਚ ਆਉਂਦੀਆਂ ਹਨ ਉਨ੍ਹਾਂ ਤੇ ਕਿਸੇ ਕਿਸਮ ਦਾ land revenue ਨਹੀਂ charge ਕੀਤਾ ਜਾਂਦਾ ਸੀ ਜਦੋਂ ਕਿ ਲਾਲ ਲਕੀਰ ਤੋਂ ਜਿਹੜੀਆਂ ਬਾਹਰ ਹਨ ਉਨ੍ਹਾਂ ਤੋਂ land revenue charge ਕੀਤਾ ਜਾ ਰਿਹਾ ਹੈ। Land revenue ਵਿਚ ਇਸ discrimination ਨੂੰ ਦੂਰ ਕਰਨ ਲਈ ਇਹ strong measure ਲਿਆਂਦਾ ਗਿਆ ਹੈ, ਜਿਹੜਾ ਕਿ ਮੈਂ ਸਮਝਦਾ ਹਾਂ ਸਾਡੀ Constitution ਦੀ spirit ਦੇ ਐਨ ਮੁਤਾਬਕ ਹੈ ਕਿਉਂਕਿ Constitution ਦੇ ਮੁਤਾਬਕ ਹਰ ਇਕ ਦੇ ਨਾਲ Social Justice ਅਤੇ indiscrimination ਦੇ ਅਸੂਲ ਮੰਨੇ ਗਏ ਹਨ।

ਸਰਦਾਰ ਸਰੂਪ ਸਿੰਘ ਹੋਰਾਂ ਨੂੰ ਮੈਂ ਦਸਣਾ ਚਾਹੁੰਦਾ ਹਾਂ ਕਿ ਇਹ urban property ਤੇ ਟੈਕਸ ਨਹੀਂ ਲਾਇਆ ਜਾ ਰਿਹਾ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ land revenue ਵਿਚ ਤੇ property ਤੇ tax ਵਿਚ ਫਰਕ ਹੁੰਦਾ ਹੈ :

Land revenue, including the assessment and collection of revenue, the maintenance of land records, survey for revenue purposes and records of rights, and alienation of revenues.

[ਸਰਦਾਰ ਉਮਰਾਓ ਸਿੰਘ]

ਇਸ ਵਿਚ ਕਿਤੇ ਇਹ ਜ਼ਿਕਰ ਨਹੀਂ ਕਿ land revenue ਕਿਨ੍ਹਾਂ ਜ਼ਮੀਨਾਂ ਤੇ ਲਗਣਾ ਹੈ । ਆਇਆ ਉਹ agricultural land ਤੇ ਲਗਣਾ ਹੈ ਜਾਂ ਸਾਰੀ ਜ਼ਮੀਨ ਤੇ, ਇਸ ਕਿਸਮ ਦਾ ਕੋਈ ਵਿਤਕਰਾ ਨਹੀਂ। ਮੈਂ ਸਮਝਦਾ ਹਾਂ ਕਿ Constitution ਦੇ ਮੁਤਾਬਕ ਹੀ ਇਹ ਟੈਕਸ ਲਾਇਆ ਗਿਆ ਹੈ ।

ਇਸ ਦੇ ਅਲਾਵਾ special assessment ਦੇ ਮੁਤੱਲਕ ਇਹ ਵਿਤਕਰਾ ਕੀਤਾ ਜਾਏਗਾ ਕਿ ਜੋ ਗ਼ਰੀਬ ਹੈ, ਛਾਬੜੀ ਵਾਲਾ ਹੈ ਜਾਂ ਜਿਸ ਦਾ ਮਹਿਲ ਹੈ ਉਸ ਦੇ ਮੁਤਾਬਕ ਹੀ assessment ਹੋਵੇ । 1952 ਵਿਚ assessment ਕਰਨ ਵੇਲੇ ਖਿਆਲ ਇਸ ਗੱਲ ਦਾ ਰਖਿਆ ਗਿਆ ਸੀ ਕਿ ਕਿੰਨਾ benefit ਉਠਾਇਆ ਗਿਆ ਹੈ । ਜੇਕਰ ਕਿਸੇ ਦਾ cinema ਹੈ ਜਾਂ factory ਹੈ ਤਾਂ ਉਸ ਦੀ assessment ਵੀ ਉਸ ਦੇ benefit ਦੇ ਮੁਤਾਬਕ ਕੀਤੀ ਜਾਂਦੀ ਹੈ । ਬਲਕਿ ਮੈਂ ਤੇ ਕਹਾਂਗਾ ਕਿ different ਕਿਸਮ ਦੀ ਜ਼ਮੀਨ ਜੋ different ਕਿਸਮ ਦੇ ਇਸਤੇਮਾਲ ਵਿਚ ਆਉਂਦੀ ਹੈ ਉਸ ਤੇ different ਕਿਸਮ ਦਾ ਮਾਮਲਾ ਲਾਇਆ ਗਿਆ ਹੈ । ਇਸ ਵਾਸਤੇ ਮੈਂ ਸਮਝਦਾ ਹਾਂ ਕਿ ਇਹ ਜਿਹੜੀ ਦਲੀਲ ਹੈ ਕਿ ਇਹ ਨਵੇਂ ਮਕਾਨਾਂ ਦੇ ਬਣਨ ਵਿਚ ਹਾਇਲ ਹੋਵੇਗਾ ਬਿਲਕੁਲ ਗਲਤ ਹੈ । ਇਹ ਮਾਮਲਾ ਉਨ੍ਹਾਂ ਜ਼ਮੀਨਾਂ ਤੇ ਲਗਣਾ ਹੈ ਜਿਨ੍ਹਾਂ ਤੇ already ਮਕਾਨ ਬਣੇ ਹੋਏ ਹਨ ਤੇ ਉਹ ਜ਼ਮੀਨਾਂ village sites ਦੇ ਵਿਚ ਹਨ । ਜਿਹੜੀਆਂ ਜ਼ਮੀਨਾਂ agricultural purposes ਵਾਸਤੇ ਹਨ ਤੇ ਉਥੇ ਨਵੇਂ ਮਕਾਨ ਬਣਨੇ ਹਨ ਓਥੇ ਮਾਮਲਾ ਪਿਛਲੇ ਐਕਟ ਦੇ ਮੁਤਾਬਿਕ ਲੱਗ ਰਿਹਾ ਹੈ।

ਇਸ ਦੇ ਅਲਾਵਾ ਇਹ ਵੀ ਕਿਹਾ ਗਿਆ ਹੈ ਕਿ ਜ਼ਮੀਨ ਦਾ ਮਾਮਲਾ produce ਉਤੇ, ਫ਼ਸਲ ਦੀ ਕਾਸ਼ਤ ਤੇ ਲਾਇਆ ਜਾ ਰਿਹਾ ਹੈ । Om Parkash Commentary ਦੇ ਦੂਜੇ ਪੈਰੇ ਵਿਚ ਲਿਖਿਆ ਹੈ ਕਿ—

(a) when land revenue which has been released or assigned is resumed ;

(b) when lands are sold, leased or granted by the Government ;

(c) when the assessment of any land has been annulled or the landowner has refused....

(d) when assessments of land revenue require revision in consequence of the action of water....

(e) when revenue due to the Government on account of pasture or other natural products of land, or on account of mills....

ਇਸ ਵਿਚ ਬਿਲਕੁਲ ਨਹੀਂ ਲਿਖਿਆ ਕਿ agricultural production ਵਿਚੋਂ ਇਤਨਾ ਹਿੱਸਾ ਲਵੋ । Net assets ਵਿਚ agricultural produce ਵੀ ਹੋ ਸਕਦੀ ਹੈ ਤੇ ਹੋਰ ਵਰਤੋਂ ਵੀ ਹੋ ਸਕਦੀ ਹੈ ਜਿਹੜੀ net assets ਵਿਚ ਆ ਸਕਦੀ ਹੈ ।

ਸਪੀਕਰ ਸਾਹਿਬ, ਇਹ ਵੀ ਕਿਹਾ ਜਾ ਰਿਹਾ ਹੈ ਕਿ ਸ਼ਹਿਰੀਆਂ ਤੇ ਅਗੇ ਹੀ ਬੜੇ ਟੈਕਸ ਲੱਗੇ ਹੋਏ ਹਨ । ਉਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਕਿ ਕਿਸਾਨਾਂ ਉਤੇ ਕਿੰਨੇ ਟੈਕਸ ਲਗੇ ਹੋਏ ਹਨ । ਇਹ ਲੋਕ ਟੈਕਸਾਂ ਦੇ ਬੋਝ ਥੱਲੇ ਦਬੇ ਹੋਏ ਹਨ । ਇਨ੍ਹਾਂ ਤੇ ਕਈ ਪਰਕਾਰ ਦੇ ਟੈਕਸ ਲਗੇ ਹੋਏ ਹਨ ਅਰਥਾਤ, Land Revenue, Surcharge, Special Surcharge, Local rates, Abiana, Betterment charges, Chulah

tax, Chowkidara tax. ਇਸ ਤੋਂ ਅਲਾਵਾ, ਸਪੀਕਰ ਸਾਹਿਬ, ਕਿਸਾਨਾਂ ਦੀ ਜ਼ਮੀਨ ਦਾ ਇਕ ਮਰਲਾ ਵੀ ਇਹੋ ਜਿਹਾ ਨਹੀਂ ਜਿਸ ਤੇ ਮਾਮਲਾ ਨਾ ਲਗਦਾ ਹੋਵੇ। ਬੂਰ ਜ਼ਮੀਨ ਤੇ ਬੰਜਰ ਕਦੀਮ, ਗੋਹਾ ਸੁਟਣ ਵਾਸਤੇ ਗੜ੍ਹੇ ਕਢੇ ਹੋਇਆਂ ਤੇ ਵੀ Land revenue ਲਗਦਾ ਹੈ ਤੇ ਫੇਰ ਉਸ ਜ਼ਮੀਨ ਤੇ ਕਿਉਂ ਨਾ ਟੈਕਸ ਲਗਾਇਆ ਜਾਏ ਜਿਸ ਤੇ ਵੱਡੀਆਂ ਵੱਡੀਆਂ ਕੋਠੀਆਂ ਬਣਵਾ ਕੇ ਲੋਕ ਬੜੇ ਅਰਾਮ ਦੀ ਜ਼ਿੰਦਗੀ ਕੱਟ ਰਹੇ ਹਨ। ਇਸ ਟੈਕਸ ਦੀ exemption ਦਾ ਜ਼ਿਕਰ clause 7 ਵਿਚ ਕੀਤਾ ਗਿਆ ਹੈ, ਅਰਥਾਤ ਉਨ੍ਹਾਂ ਮਕਾਨਾਂ ਤੇ ਇਹ ਟੈਕਸ ਨਹੀਂ ਲਗਣ ਲੱਗਾ ਜਿਨ੍ਹਾਂ ਦੀ rental annual value 240 ਰੁਪਿਆਂ ਤੋਂ ਘੱਟ ਹੈ। ਮੈਂ ਇਸ principle ਦੇ ਖਿਲਾਫ ਨਹੀਂ। ਉਨ੍ਹਾਂ ਨੂੰ ਜ਼ਰੂਰ ਇਸ ਤਰ੍ਹਾਂ ਦਾ benefit ਮਿਲਣਾ ਚਾਹੀਦਾ ਹੈ। ਮੈਂ Revenue Minister ਦੇ ਸ਼ੁਕਰਗੁਜ਼ਾਰ ਕਰਾਂਗਾ ਕਿ ਉਹ Land Revenue Act ਨੂੰ ਇਸ ਹੱਦ ਵਿਚ ਲੇ ਆਏ ਹਨ ਜਿਸ ਨਾਲ ਪਿੰਡਾਂ ਵਿਚ ਰਹਿਣ ਵਾਲਿਆਂ ਦੀ ਬਹੁਤ ਸਾਰੀ ਤਾਦਾਦ ਇਸ assessment ਤੋਂ ਮਾਫ ਹੋ ਜਾਏਗੀ। Punjab Act ਦੇ section 59 ਦੀ amendment ਇਸ ਵਿਚ ਕੀਤੀ ਗਈ ਹੈ। Section 59 special assessment ਨੂੰ deal ਕਰਦਾ ਹੈ। ਇਹ special assessment ਕਿਵੇਂ ਕਿਥੇ ਹੋ ਸਕਦੀ ਹੈ—

> When assessment of land revenue requires revision in consequence of the land being put to a use different from that for which an assessment is in force or when the land has been put to use for non-agricultural purposes,....

ਜਿਥੇ ਜ਼ਮੀਨ non-agricultural purpose ਵਾਸਤੇ ਵਰਤੀ ਜਾਵੇ ਜਾਂ

> When the assessment of land revenue requires revision in consequence of the land being put to a use different from that for which an assessment is in force....

ਦੋ ਹਾਲਤਾਂ ਵਿਚ special assessment ਲਗੇਗਾ—ਇਕ ਉਸ ਜ਼ਮੀਨ ਤੇ ਜਿਹੜੀ ਪਹਿਲਾਂ agricultural purpose ਵਾਸਤੇ ਇਸਤੇਮਾਲ ਹੁੰਦੀ ਸੀ ਤੇ ਹੁਣ non-agricultural ਇਸਤੇਮਾਲ ਵਿਚ ਆਉਣੀ ਹੈ। ਯਾਨੀ ਪਹਿਲਾਂ ਜਿਸ ਕੰਮ ਵਾਸਤੇ ਇਸਤੇਮਾਲ ਹੁੰਦੀ ਸੀ ਹੁਣ ਦੂਜੇ ਕੰਮ ਵਾਸਤੇ ਇਸਤੇਮਾਲ ਹੋਣੀ ਹੈ। ਉਸ ਜ਼ਮੀਨ ਤੇ ਜਿਹੜਾ ਮਾਮਲਾ ਪਹਿਲਾਂ ਲੱਗਾ ਹੋਇਆ ਹੈ ਉਸ ਵਿਚ revision ਕੀਤੀ ਜਾਣੀ ਹੈ। ਇਸ amendment ਨਾਲ ਸਿਰਫ ਉਹੀ ਲੋਕ benefit ਲੈਣਗੇ ਜਿਹੜੇ ਲਾਲ ਲਕੀਰ ਤੋਂ ਬਾਹਰ ਹਨ ਤੇ ਉਸ ਜ਼ਮੀਨ ਤੇ ਪਹਿਲਾਂ ਹੀ ਮਾਮਲਾ ਲੱਗਾ ਹੋਇਆ ਹੈ। ਜਿਨ੍ਹਾਂ ਦੇ ਮਕਾਨ ਪੁਰਾਣੇ ਹਨ ਉਨ੍ਹਾਂ ਸਬੰਧੀ amendment Section 48 ਦੇ ਥੱਲੇ ਲਿਆਂਦੀ ਜਾਏ। ਇਸ Section ਵਿਚ ਲਿਆ ਕੇ ਮੈਂ ਸਮਝਦਾ ਹਾਂ ਕਿ special assessment ਨਹੀਂ ਹੋਣੀ, ਇਸ ਤੇ general assessment ਹੋਣੀ ਹੈ। ਸੋ ਇਹ amendment ਹੈ ਜਿਹੜੀ ਅਸੀਂ ਫੇਰ ਲਿਆ ਸਕਦੇ ਹਾਂ। ਜਿਸ ਮਕਾਨ ਦੀ rental value 240 ਰੁਪਏ ਤੱਕ ਹੈ ਉਸ ਤੇ special assessment ਨਹੀਂ ਹੋਣੀ। ਇਕੱਲੇ ਮਕਾਨ ਦੀ rental value 240 ਰੁਪਏ ਤੋਂ ਘੱਟ ਹੋ ਸਕਦੀ ਹੈ ਪਰ ਕਿਸੇ ਦਾ ਇਕ ਮਕਾਨ ਇਥੇ ਹੈ, ਇਕ Amritsar ਤੇ ਇਕ Ludhiana ਹੋ ਸਕਦਾ ਹੈ। ਇਸ ਤਰ੍ਹਾਂ general exemption ਦੇਣ ਨਾਲ ਬਹੁਤ ਸਾਰੇ ਆਦਮੀ ਫਾਇਦਾ ਉਠਾ ਸਕਣਗੇ। ਗਵਰਨਮੈਂਟ ਦਾ ਮਕਸਦ ਗਰੀਬ ਆਦਮੀਆਂ ਨੂੰ ਇਕ ਇਕ ਮਕਾਨ ਤੇ exemption ਦੇਣ

[ਸਰਦਾਰ ਉਮਰਾਉ ਸਿੰਘ]

ਦਾ ਹੈ । ਇਸ ਕਲਾਜ਼ ਨੂੰ ਇਸ ਤਰੀਕੇ ਨਾਲ amend ਕਰਨ ਦੀ ਲੋੜ ਹੈ। ਜਿਨ੍ਹਾਂ ਕੋਲ 5/7 ਹਵੇਲੀਆਂ ਹਨ ਤੇ ਉਨ੍ਹਾਂ ਦੀ rental value 240 ਤੋਂ ਘੱਟ ਹੈ ਉਹ ਆਪਣੀ ਹਵੇਲੀ ਦੀ partition ਕਰ ਲੈਣਗੇ ਤਾਂ ਜੋ ਉਨ੍ਹਾਂ ਦੀ ਹਵੇਲੀ ਜਾਂ ਮਕਾਨ ਇਸ exemption ਥੱਲੇ ਆ ਜਾਏ ਤੇ ਉਹ ਇਸ special assessment ਤੋਂ ਬੱਚ ਜਾਣ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ measure ਦੀ support ਕਰਦਾ ਹਾਂ ।

Sardar Rajinder Singh : Sir, I beg to move that question be now put.

खान अब्दुल गफ्फार खां : On a point of information, Sir. मैं आप की विसातत से Revenue Minister से दरियाफ्त करना चाहता हूं कि वह इस गलत फहमी को दूर करने के लिये फरमाएं कि आया जिस तरह से जब किसी गांव पर special assessment तजवीज की जाती है.......

अध्यक्ष महोदय : जब आप बोलेंगे तो यह सब बातें कर लेना अब आप तशरीफ़ रखें। (The hon. Member can say all these things when he gets time to speak. He may now resume his seat.)

खान अब्दुल गफ्फार खां : शहर में जो जमीनें हैं उन का रकवा भी...

अध्यक्ष महोदय : हाउस में जो debate चल रही है उस के दरमियान में ही आप Revenue Minister से clarification कराना चाहते हैं। यह हो सकता है कि आप को भी time मिल जाए। (The hon. Member wants to seek clarification from the Revenue Minister in the midst of the debate. It is possible that he may also get time to speak.)

ਚੌਧਰੀ ਬਲਬੀਰ ਸਿੰਘ (ਹੁਸ਼ਿਆਰਪੁਰ, ਜਨਰਲ) : ਸਪੀਕਰ ਸਾਹਿਬ, ਇਹ ਜਿਹੜਾ ਬਿਲ ਪੇਸ਼ ਕੀਤਾ ਜਾ ਰਿਹਾ ਹੈ ਇਸ ਨੇ ਪੰਜਾਬ ਵਿਚ ਇਕ ਅਜੀਬ ਬੇਚੈਨੀ ਫੈਲਾ ਦਿੱਤੀ ਹੈ । ਇਥੇ ਅਗੇ ਹੀ ਬੜੇ ਟੈਕਸ ਲਗੇ ਹੋਏ ਹਨ ਤੇ ਇਹ ਕਨੂੰਨ ਬਣ ਜਾਣ ਨਾਲ multiplication of taxes ਹੋ ਜਾਏਗੀ । ਮੈਨੂੰ ਡਰ ਹੈ ਕਿ ਇਸ ਤਰੀਕੇ ਨਾਲ ਸ਼ਹਿਰੀ ਤੇ ਦਿਹਾਤੀ ਦਾ ਝਗੜਾ ਨਾ ਸ਼ੁਰੂ ਹੋ ਜਾਏ । ਸਾਧਾਰਨ ਚੀਜ਼ ਹੈ ਕਿ ਇਸ ਵਿਚ ਕਈ clauses ਹਨ ਜਿਨ੍ਹਾਂ ਨੂੰ amend ਕੀਤਾ ਜਾ ਰਿਹਾ ਹੈ । ਜਿਸ ਮਕਾਨ ਦੀ annual rental value 240 ਰੁਪਏ ਤੋਂ ਘੱਟ ਹੈ ਉਸ ਨੂੰ ਇਸ ਕਨੂੰਨ ਦੇ ਮੁਤਾਬਕ ਟੈਕਸ ਤੋਂ ਮੁਸਤਸਨਾ ਕੀਤਾ ਜਾਏਗਾ । ਇਸ ਬਿਲ ਦਾ ਨਾਂ Land Revenue (Amendment) Bill ਦੀ ਥਾਂ ਜੇ Property Tax (Amendment) Bill ਰੱਖ ਦਿੱਤਾ ਜਾਂਦਾ ਤਾਂ ਕੀ ਹਰਜ ਸੀ । ਪਰਾਪਰਟੀ ਟੈਕਸ ਜਿਹੜਾ ਹੈ ਇਸ ਨੂੰ 10 per cent ਦੀ ਬਜਾਏ ਹੋਰ ਸਤਹ ਤੇ ਉਪਰ ਬਧਾ ਦਿੱਤਾ ਜਾਂਦਾ । 10 per cent ਦੀ ਬਜਾਏ 15 per cent ਹੋ ਜਾਂਦਾ ਜਾਂ 20 per cent ਹੋ ਜਾਂਦਾ । ਜਦੋਂ ਇਸ ਸਬੰਧੀ ਇਕ ਟੈਕਸ ਪਹਿਲਾਂ ਮੌਜੂਦ ਹੈ ਤਾਂ ਇਹ ਲੈਂਡ ਰੈਵਿਨਿਊ ਨਹੀਂ ਲਗਾਉਣਾ ਚਾਹੀਦਾ । ਇਸ ਨਾਲ ਇਕ ਹੋਰ ਟੈਕਸ ਸ਼ੁਰੂ ਹੋ ਜਾਂਦਾ ਹੈ । ਜਦੋਂ ਪਰਾਪਰਟੀ ਟੈਕਸ ਮੌਜੂਦ ਹੈ ਤਾਂ ਉਸ ਦੇ ਵਿਚ ਹੀ ਇਹ ਇਜ਼ਾਫਾ ਰੱਖਿਆ ਜਾਂਦਾ। ਮੇਰੇ ਕਾਂਗਰਸੀ ਦੋਸਤਾਂ ਨੇ ਸੋਸ਼ਲਿਜ਼ਮ ਦਾ ਨਾਉਂ ਕਿਸੇ ਕਿਤਾਬ

ਵਿਚੋਂ ਪੜ੍ਹ ਲਿਆ ਹੈ ਕਿ ਸੋਸ਼ਲਿਜ਼ਮ ਵੀ ਕੋਈ ਲਫ਼ਜ਼ ਹੈ। ਉਨ੍ਹਾਂ ਦੀ ਗੱਲ ਤਾਂ ਏਸ ਤਰ੍ਹਾਂ ਹੈ ਕਿ ਜਿਵੇਂ 4 ਮੂਰਖ ਪੰਡਤ ਸਨ। ਉਹ ਪੜ੍ਹਨ ਗਏ। ਜਿਸ ਵੇਲੇ ਉਹ ਪੜ੍ਹ ਕੇ ਵਾਪਸ ਆਏ ਤਾਂ ਜਦੋਂ ਉਹ ਰਸਤੇ ਵਿਚ ਜਾ ਰਹੇ ਸਨ ਇਕ ਥਾਂ ਰਸਤਾ ਦੋਰਾਹਾ ਹੋ ਗਿਆ। ਉਨ੍ਹਾਂ ਨੇ ਕਿਹਾ ਹੁਣ ਕਿਧਰ ਨੂੰ ਜਾਈਏ। ਤਾਂ ਉਨ੍ਹਾਂ ਨੇ ਕਿਤਾਬ ਕੱਢੀ ਤੇ ਦੇਖਿਆ। ਕਿਤਾਬ ਵਿਚ ਲਿਖਿਆ ਸੀ 'ਮਹਾਜਨੋਂ ਯੇਨ ਗਤਾਹ ਸਹ ਪੰਥਾ'। ਉਨ੍ਹਾਂ ਨੇ ਕਿਹਾ ਜਿਧਰ ਬਹੁਤੇ ਜਣੇ ਜਾਣ ਓਧਰ ਨੂੰ ਜਾਓ। ਉਨ੍ਹਾਂ ਨੇ ਦੇਖਿਆ ਕਿ ਇਕ ਮੁਰਦੇ ਨੂੰ ਸੀੜ੍ਹੀ ਤੇ ਲਈ ਜਾਂਦੇ ਸਨ। ਉਨ੍ਹਾਂ ਦੇ ਨਾਲ ਬਹੁਤੇ ਆਦਮੀ ਜਾਂਦੇ ਸਨ। ਉਹ ਉਨ੍ਹਾਂ ਬਹੁਤੇ ਆਦਮੀਆਂ ਨਾਲ ਚਲੇ ਗਏ। ਜਦੋਂ ਉਹ ਸ਼ਮਸ਼ਾਨ ਵਿਚ ਪਹੁੰਚੇ ਤਾਂ ਉਨ੍ਹਾਂ ਨੇ ਓਥੇ ਇਕ ਖੋਤਾ ਵੇਖਿਆ। ਉਨ੍ਹਾਂ ਕਿਹਾ ਇਹ ਖੋਤਾ ਕੀ ਹੈ। ਉਨ੍ਹਾਂ ਨੇ ਅੱਗੇ ਕਦੇ ਨਹੀਂ ਦੇਖਿਆ ਸੀ। ਉਨ੍ਹਾਂ ਨੇ ਫੇਰ ਕਿਤਾਬ ਕੱਢੀ ਤੇ ਦੇਖਿਆ ਕਿ ਸ਼ਮਸ਼ਾਨ ਦੇ ਵਿਚ ਜਿਹੜਾ ਆਵੇ ਉਹ ਸਾਡਾ ਬੰਧੂ ਹੈ। ਉਹ ਉਸ ਨੂੰ ਆਪਣਾ ਸਮਝ ਕੇ ਸਾਰੇ ਜੱਫੀਆਂ ਪਾਉਣ ਲੱਗ ਪਏ। ਫੇਰ ਜਦੋਂ ਓਥੋਂ ਬਾਹਰ ਨਿਕਲੇ ਤਾਂ ਰਸਤੇ ਵਿਚ ਉਨ੍ਹਾਂ ਨੂੰ ਇਕ ਊਠ ਮਿਲਿਆ। ਉਨ੍ਹਾਂ ਨੇ ਪਹਿਲਾਂ ਊਠ ਕਦੇ ਨਹੀਂ ਦੇਖਿਆ ਸੀ। ਉਨ੍ਹਾਂ ਨੇ ਕਿਹਾ ਕਿ ਇਹ ਕੀ ਚੀਜ਼ ਹੈ। ਉਨ੍ਹਾਂ ਨੂੰ ਪਤਾ ਨਹੀਂ ਸੀ। ਉਹ ਓਥੇ ਬੈਠ ਗਏ ਤੇ ਉਨ੍ਹਾਂ ਨੇ ਫੇਰ ਕਿਤਾਬ ਕੱਢੀ ਤਾਂ ਉਸ ਵਿਚ ਲਿਖਿਆ ਸੀ..... (ਵਿਘਨ) (ਮਾਲ ਮੰਤ੍ਰੀ : ਤੁਸੀਂ ਉਨ੍ਹਾਂ ਦੇ ਨਾਲ ਸੀ ?) ਜੋ ਤੁਹਾਡੇ ਨਾਲ ਪੰਡਤ ਨੇ ਮੈਂ ਉਨ੍ਹਾਂ ਨੂੰ ਨਹੀਂ ਕਹਿ ਰਿਹਾ (ਅਰਥ ਮੰਤ੍ਰੀ : ਅਸੈਂਬਲੀ ਵਿਚ ਇਹ ਨਹੀਂ ਕਹਿ ਸਕਦੇ।) ਅੱਜ ਇਹ ਪੋਜ਼ੀਸ਼ਨ ਹੈ। ਉਨ੍ਹਾਂ ਨੇ ਸੋਸ਼ਲਿਜ਼ਮ ਦਾ ਲਫ਼ਜ਼ ਸੁਣ ਲਿਆ ਜਾਂ ਕਿਸੇ ਕਿਤਾਬ ਵਿਚ ਸੋਸ਼ਲਿਜ਼ਮ ਦਾ ਲਫ਼ਜ਼ ਪੜ੍ਹ ਲਿਆ ਜਾਂ ਉਨ੍ਹਾਂ ਦੇ ਜਿਹੜੇ ਵੱਡੇ ਲੀਡਰ ਨੇ ਉਨ੍ਹਾਂ ਨੇ ਕਿਹਾ ਹੈ ਕਿ ਹੁਣ ਹਿੰਦੁਸਤਾਨ ਦਾ ਢਾਂਚਾ ਸੋਸ਼ਲਿਸਟਿਕ ਪੈਟਰਨ ਆਫ ਸੋਸਾਇਟੀ ਦਾ ਬਣਾਉਣਾ ਹੈ, ਉਨ੍ਹਾਂ ਦੇ ਨਾਲ ਹਰ ਇਕ ਆਦਮੀ ਨੇ ਆਪਣੀ ਆਪਣੀ ਤਾਲੀਮ ਬਣਾ ਲਈ ਹੈ। ਜੇ ਟੈਕਸ ਲਗਾਉਣਾ ਹੈ ਤਾਂ ਉਹ ਟੈਕਸ ਲਗਾਓ ਜਿਹੜੇ ਟੈਕਸ ਆਲਰੈਡੀ ਨੇ। ਜੇ ਉਨ੍ਹਾਂ ਦੇ ਨਾਲ ਇਹ ਟੈਕਸ ਲਗਾਇਆ ਜਾ ਸਕਦਾ ਹੈ ਤਾਂ ਹੋਰ ਖੱਪ ਨਾ ਪੁਆਓ। ਪਰਾਪਰਟੀ ਟੈਕਸ ਮੌਜੂਦ ਹੈ। ਉਸ ਨੂੰ ਵਧਾਇਆ ਜਾ ਸਕਦਾ ਹੈ। ਉਸ ਦੀ ਦਰ ਵਧਾ ਦੇਣੀ ਚਾਹੀਦੀ ਹੈ। ਉਸ ਦੇ ਲਈ ਗਰੇਡੇਸ਼ਨਜ਼ ਬਣਾਈਆਂ ਜਾ ਸਕਦੀਆਂ ਨੇ, ਕਿਤਨੀ ਅਮਾਊਂਟ ਦੇ ਉਪਰ ਕਿਤਨੇ ਪਰ ਸੈਂਟ ਟੈਕਸ ਲਗਾਉਣਾ ਹੈ। ਜਿਸ ਦੀ ਸੌ ਰੁਪਏ ਕਰਾਏ ਦੀ ਆਮਦਨ ਹੋਵੇ ਉਸ ਤੇ ਕਿਤਨਾ ਟੈਕਸ ਲਗਣਾ ਹੈ, ਦੋ ਸੌ ਰੁਪਏ ਕਰਾਏ ਦੀ ਆਮਦਨ ਵਾਲੇ ਤੇ ਕਿਤਨਾ ਲੱਗਣਾ ਹੈ। ਜਿਹੜਾ ਸਾਡਾ ਸਰਚਾਰਜ ਟੈਕਸ ਬਣ ਚੁਕਾ ਹੈ ਉਸ ਦੇ ਬਾਰੇ ਸਰਕਾਰ ਨੇ ਇਕ ਅਸੂਲ ਮੰਨਿਆ ਹੈ। ਉਸ ਨੂੰ ਪਰਾਪਰਟੀ ਟੈਕਸ ਤੇ ਲਾਗੂ ਕਰ ਦਿਓ। ਏਸ ਨੂੰ ਲੈਂਡ ਰੈਵਿਨਿਊ ਬਿਲ ਦਾ ਨਾਉਂ ਨਾ ਦਿਓ, ਪਰਾਪਰਟੀ ਟੈਕਸ ਦੇ ਨਾਉਂ ਫਿਰ ਦਿਓ। ਜਿਹੜੇ ਪਰਾਪਰਟੀ ਟੈਕਸ ਅਦਾ ਕਰ ਸਕਦੇ ਨੇ ਉਨ੍ਹਾਂ ਦਾ ਤੁਹਾਨੂੰ ਇਕ ਦਰਜਾ ਮੁਕੱਰਰ ਕਰਨਾ ਪਏਗਾ। ਅੱਜ ਜਦੋਂ ਸੋਸ਼ਲਿਜ਼ਮ ਦੀਆਂ ਗੱਲਾਂ ਚੱਲ ਪਈਆਂ ਤਾਂ ਸਾਨੂੰ ਇਹ ਦਰਜਾ ਮੁਕੱਰਰ ਕਰਨਾ ਪਏਗਾ ਕਿ ਕਿਸ ਦਰਜੇ ਤੇ ਜ਼ਿਆਦਾ ਟੈਕਸ ਲਗਾਉਣਾ ਹੈ, ਕਿਹੜਾ ਦਰਜਾ ਹੈ ਜਿਸ ਤੋਂ ਹੇਠਾਂ ਅਸੀਂ ਟੈਕਸ ਮੁਆਫ਼ ਕਰਨੇ ਨੇ। ਮਿਸਾਲ ਦੇ ਤੌਰ ਤੇ ਇਕ ਆਦਮੀ, ਇਕ ਅਫ਼ਸਰ ਜਦੋਂ ਰਿਟਾਇਰ ਹੋ ਜਾਂਦਾ ਹੈ ਤਾਂ ਉਹ ਇਕ ਆਪਣਾ ਮਕਾਨ ਬਣਾ ਲੈਂਦਾ ਹੈ। ਉਹ ਮਕਾਨ ਦੇ ਉਪਰ ਹਾਊਸ ਟੈਕਸ, ਪਰਾਪਰਟੀ ਟੈਕਸ ਅਤੇ ਦੂਸਰੇ ਟੈਕਸ ਵੀ ਦਿੰਦਾ ਹੈ। 240 ਰੁਪਏ ਸਾਲਾਨਾ ਕਰਾਏ ਦੇ ਮਕਾਨ ਲਈ

[ਚੌਧਰੀ ਬਲਬੀਰ ਸਿੰਘ]

ਅਗਰਚੇ ਪਸ਼ਨ ਰੱਖੀ ਗਈ ਹੈ । ਜੇ ਉਹ 25 ਰੁਪਏ ਮਾਹਵਾਰ ਕਰਾਏ ਤੇ ਮਕਾਨ ਦੇ ਦਿੰਦਾ ਹੈ ਤਾਂ ਉਸ ਨੂੰ ਸਾਲ ਦਾ 300 ਰੁਪਏ ਕਰਾਇਆ ਆ ਜਾਂਦਾ ਹੈ ਤਾਂ ਉਸ ਨੂੰ ਇਹ ਨਵਾਂ ਟੈਕਸ ਦੇਣਾ ਪੈ ਜਾਂਦਾ ਹੈ । ਜਿਸ ਆਦਮੀ ਨੇ ਸਾਰੀ ਉਮਰ ਕਮਾਈ ਕੀਤੀ, ਉਸ ਦੇ ਕੋਲ ਹੋਰ ਕੋਈ ਆਸਾਸਾ ਨਹੀਂ, ਅਖੀਰ ਵੇਲੇ ਜੇ ਉਹ ਕੋਈ ਮਕਾਨ ਬਣਾ ਲਵੇ ਤਾਂ ਉਸ ਮਕਾਨ ਤੇ ਵੀ ਇਹ ਐਨਾ ਟੈਕਸ ਲਗਾ ਦਿਓ ਤਾਂ ਉਹ ਕਹੇਗਾ ਕਿ ਮਕਾਨ ਬਣਾਉਣ ਦੀ ਬਜਾਏ ਕਰਾਏ ਤੇ ਰਹਿਣ ਲੱਗ ਜਾਏ । ਮੇਰੇ ਦੋਸਤਾਂ ਨੇ ਕਿਹਾ ਕਿ ਸ਼ਹਿਰਾਂ ਵਿਚ ਕੀਮਤਾਂ ਵੱਧ ਗਈਆਂ । ਬੜੀਆਂ ਕੀਮਤਾਂ ਕਰਕੇ ਇਹ ਟੈਕਸ ਲਗਾਉਣਾ ਜ਼ਰੂਰੀ ਹੋ ਗਿਆ । ਹੁਣ ਮੈਂ ਉਨ੍ਹਾਂ ਨੂੰ ਪੁਛਾਂ ਕਿ ਫਰਜ਼ ਕਰੋ ਕਿ ਮੈਂ ਅੱਜ ਇਕ ਮਕਾਨ ਖਰੀਦਦਾ ਹਾਂ । ਉਸ ਮਕਾਨ ਦੀ ਕੀਮਤ ਅੱਜ ਤੋਂ ਕੁਝ ਸਾਲ ਪਹਿਲਾਂ ਇਕ ਹਜ਼ਾਰ ਰੁਪਿਆ ਸੀ । ਸ਼ਹਿਰ ਦੀ ਡੀਵੈਲਪਮੈਂਟ ਹੋਣ ਕਰਕੇ ਉਸ ਮਕਾਨ ਦੀ ਕੀਮਤ ਅੱਜ 10,000 ਰੁਪਿਆ ਹੋ ਗਈ ਹੈ । ਮੈਂ 10,000 ਰੁਪਏ ਨੂੰ ਉਹ ਮਕਾਨ ਖਰੀਦ ਲੈਂਦਾ ਹਾਂ । ਜਿਸ ਆਦਮੀ ਨੇ ਉਹ ਮਕਾਨ ਇਕ ਹਜ਼ਾਰ ਰੁਪਿਆ ਲਗਾ ਕੇ ਬਣਾਇਆ ਅੱਜ ਉਸ ਨੇ ਉਸ ਮਕਾਨ ਦਾ 10,000 ਰੁਪਿਆ ਲੈ ਲਿਆਂ, 9,000 ਰੁਪਿਆ ਅੱਜ ਉਸ ਦੀ ਜੇਬ ਵਿਚ ਮੁਨਾਫਾ ਚਲਿਆ ਗਿਆ । ਜਿਹੜੀ ਮਕਾਨ ਦੀ ਕੀਮਤ ਨਾਲ ਇਸ ਤਰ੍ਹਾਂ ਦੀ ਆਮਦਨੀ ਵਧਣੀ ਹੈ ਉਸ ਮੁਨਾਫੇ ਤੇ ਉਸ ਕੋਲੋਂ ਟੈਕਸ ਲੈਣਾ ਚਾਹੀਦਾ ਹੈ । ਹਾਲਾਂਕਿ ਇਸ ਲਿਹਾਜ਼ ਨਾਲ ਉਸ ਦੀ ਆਮਦਨ ਵਧਦੀ ਚਲੀ ਗਈ ਹੈ । ਇਹ ਜਿਹੜੀ ਦਲੀਲ ਹੈ ਕਿ ਸ਼ਹਿਰਾਂ ਦੇ ਵਿਚ ਕੀਮਤ ਬੜ੍ਹ ਗਈ ਹੈ ਏਸ ਲਈ ਇਹ ਟੈਕਸ ਲਗਾਉਣਾ ਜ਼ਰੂਰੀ ਹੋ ਗਿਆ ਹੈ ਇਹ ਠੀਕ ਨਹੀਂ । ਇਕ ਅਸੂਲ ਹੈ ਕਿ ਜਿਹੜਾ ਟੈਕਸ ਅਦਾ ਕਰ ਸਕਦਾ ਹੈ ਉਸ ਤੇ ਲਗਾਇਆ ਜਾਏ ਅਤੇ ਜਿਹੜਾ ਅਦਾ ਨਹੀਂ ਕਰ ਸਕਦਾ ਉਸ ਤੇ ਨਾ ਲਗਾਇਆ ਜਾਏ । ਜਿਸ haphazard ਤਰੀਕੇ ਨਾਲ ਟੈਕਸ ਲਗਾਏ ਜਾ ਰਹੇ ਨੇ, ਅਜਿਹੇ ਬਿਲ ਬਣਾਏ ਜਾ ਰਹੇ ਨੇ ਇਸ ਦੇ ਮੁਤੱਲਿਕ ਲੋਕਾਂ ਦੇ ਦਿਲ ਵਿਚ ਬੇਚੈਨੀ ਹੈ । ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਕਿ ਇਸ ਕਾਨੂੰਨ ਦੇ ਮੁਤਾਬਕ ਕਿਹੜੇ ਸ਼ਹਿਰੀ ਟੈਕਸ ਦੀ ਸਿੰਪਲੀਫੀਕੇਸ਼ਨ ਕੀਤੀ ਜਾਂਦੀ ਹੈ । ਇਸ ਕਿਸਮ ਦਾ ਢਾਂਚਾ ਇਨ੍ਹਾਂ ਟੈਕਸਾਂ ਵਿਚ ਦੱਸਿਆ ਗਿਆ ਹੈ । ਲੋਕਾਂ ਦੇ ਵਿਚ ਜਿਹੜੇ ਗੱਲਤ ਖਦਸ਼ੇ ਨੇ, ਗੱਲਤ ਖਿਆਲ ਪੈਦਾ ਹੋਏ ਹੋਏ ਨੇ ਉਹ ਕਿਸ ਤਰ੍ਹਾਂ ਖਤਮ ਹੋ ਸਕਦੇ ਨੇ, ਇਸ ਬਾਰੇ ਸੋਚਣਾ ਹੈ । ਪਹਿਲਾਂ ਲੋਕਾਂ ਵਿਚ ਜਾ ਕੇ ਇਹ ਗੱਲ ਦੱਸੀ ਜਾਏ । ਲੋਕ ਏਸ ਟੈਕਸ ਨੂੰ ਪਸੰਦ ਕਰਨਗੇ ਜੇ ਤੁਸੀਂ ਲੋਕਾ ਨੂੰ ਜਾ ਕੇ ਦੱਸ ਸਕੋ ਕਿ ਜਿਹੜੇ ਆਦਮੀ ਅਦਾ ਨਹੀਂ ਕਰ ਸਕਦੇ ਉਨ੍ਹਾਂ ਉਪਰ ਇਹ ਟੈਕਸ ਨਹੀਂ ਲੱਗਣਾ, ਜਿਹੜੇ ਅਦਾ ਕਰ ਸਕਦੇ ਨੇ ਉਨ੍ਹਾਂ ਉਪਰ ਲੱਗੇਗਾ । ਲੇਕਿਨ ਉਸ ਆਦਮੀ ਤੇ ਇਹ ਟੈਕਸ ਨਹੀਂ ਲਗੇਗਾ । ਜਿਹੜਾ ਸਾਰੀ ਜ਼ਿੰਦਗੀ ਨੌਕਰੀ ਕਰ ਕੇ ਅਖੀਰ ਵਿਚ ਆਪਣੇ ਵਸਣ ਲਈ ਮਕਾਨ ਬਣਾ ਲੈਂਦਾ ਹੈ । ਉਸ ਮਕਾਨ ਤੇ ਹਾਊਸ ਟੈਕਸ, ਪਰਾਪਰਟੀ ਟੈਕਸ—ਇਨ੍ਹਾਂ ਦੇ ਟੈਕਸਾਂ ਤੋਂ ਬਾਦ ਇਹ ਇਕ ਹੋਰ ਟੈਕਸ ਲੈਣਾ ਸ਼ੁਰੂ ਕਰਾਂਗੇ । ਇਸ ਲਈ ਉਹ ਕਹਿੰਦਾ ਹੈ ਕਿ ਮੈਂ ਮਕਾਨ ਨਹੀਂ ਬਣਾਉਂਦਾ, ਮੈਂ ਕਰਾਏ ਦੇ ਮਕਾਨ ਤੇ ਰਹਿਣਾ ਸ਼ੁਰੂ ਕਰ ਦਿਆਂਗਾ । ਅਸੀਂ ਲੋਕਾਂ ਨੂੰ ਲੋ ਇਨਕਮ ਗਰੁਪ ਮਕਾਨਾਂ ਦੇ ਲਈ ਰੁਪਿਆ ਕਰਜ਼ਾ ਦਿੰਦੇ ਹਾਂ, ਕਿਉਂਕਿ ਲੋਕਾਂ ਦੀ ਜ਼ਰੂਰੀਆਤ ਦੇ ਮੁਤਾਬਕ ਮਕਾਨ ਬਣ ਨਹੀਂ ਰਹੇ । ਏਸ ਵੇਲੇ ਪੋਜ਼ੀਸ਼ਨ ਇਹ ਹੈ ਕਿ ਲੱਖਾਂ ਦੀ ਤਾਦਾਦ ਵਿਚ ਅਜਿਹੇ ਲੋਕ ਹਨ ਜਿਹੜੇ ਸ਼ਹਿਰਾਂ ਦੇ ਵਿਚ ਪਟੜੀਆਂ ਦੇ ਉਪਰ ਸੌਂਦੇ ਹਨ, ਜਿਹੜੇ ਖੁਲ੍ਹੇ ਆਸਮਾਨ ਦੇ ਥੀਰੇ ਸੌਂਦੇ ਹਨ । ਉਨ੍ਹਾਂ ਦੇ ਸਿਰ ਦੇ ਉਪਰ ਕੋਈ ਛੱਤ ਨਹੀਂ ਹੁੰਦੀ । ਉਹ ਛੱਤ ਦੇ

ਬਗ਼ੈਰ ਪਟੜੀਆਂ ਔਰ ਥੜਿਆਂ ਦੇ ਉਪਰ ਸੌਂਦੇ ਨੇ । ਉਨ੍ਹਾਂ ਨੂੰ ਮਕਾਨਾਂ ਦੀ ਜ਼ਰੂਰਤ ਹੈ । ਲੋਕਾਂ ਨੂੰ ਰਹਿਣ ਲਈ ਜਗਾਹ ਨਹੀਂ ਮਿਲਦੀ । ਅੱਜ ਚੰਡੀਗੜ੍ਹ ਦੇ ਵਿਚ ਜੋ ਹਾਲਤ ਹੈ ਇਹ ਦੇਖੋ । ਕੱਲ੍ਹ ਮੁਜ਼ਾਹਰਾ ਹੋਇਆ ਸੀ । ਉਸ ਮੁਜ਼ਾਹਰੇ ਵਿਚ ਲੋਕਾਂ ਨੇ ਕਿਹਾ ਕਿ ਅਸੀਂ ਮਕਾਨ ਬਣਾਉਂਦੇ ਹਾਂ, ਚੰਡੀਗੜ੍ਹ ਦੀਆਂ ਆਲੀਸ਼ਾਨ ਇਮਾਰਤਾਂ ਅਸੀਂ ਬਣਾਈਆਂ, ਪਰ ਸਾਨੂੰ ਵੀ ਰਹਿਣ ਲਈ ਕੋਈ ਜਗਾਹ ਮਿਲਣੀ ਚਾਹੀਦੀ ਹੈ । ਅੱਜ ਹਾਊਸਿੰਗ ਪਰਾਬਲਮ ਬੜੀ ਐਕਿਊਟ (acute) ਹੈ ਔਰ ਸਰਕਾਰ ਆਪਣੇ ਪਾਸੋਂ ਕਰੋੜਾਂ ਰੁਪਏ ਇਸ ਗੱਲ ਲਈ ਦੇ ਰਹੀ ਹੈ ਤਾਕਿ ਹਾਊਸਿੰਗ ਸ਼ਾਰਟੇਜ ਨੂੰ ਪੂਰਾ ਕੀਤਾ ਜਾ ਸਕੇ । ਦੂਸਰੇ ਪਾਸੇ ਇਸ ਸ਼ਕਲ ਵਿਚ ਕੰਮ ਕੀਤਾ ਜਾ ਰਿਹਾ ਹੈ ਜਿਸ ਦੇ ਨਾਲ ਲੋਕਾਂ ਵਿਚ ਅਨਰੈਸਟ ਫੈਲੇ, ਲੋਕਾਂ ਵਿਚ ਬੇਯਕੀਨੀ ਫੈਲੇ । ਜੋ ਅਜਿਹੀਆਂ ਨਵੀਆਂ ਚੀਜ਼ਾਂ ਟੈਕਸਾਂ ਦੀ ਸ਼ਕਲ ਵਿਚ ਚਲਦੀਆਂ ਨੇ ਉਨ੍ਹਾਂ ਦੇ ਨਾਲ ਲੋਕਾਂ ਵਿਚ ਇਕ ਅਨਰੈਸਟ ਫੈਲਦਾ ਹੈ । ਉਹ ਸੋਚਦੇ ਹਨ ਕਿ ਅਸੀਂ ਏਥੇ ਮਹਿਫ਼ੂਜ਼ ਨਹੀਂ, ਸਾਡਾ ਸਰਮਾਇਆ ਮਹਿਫ਼ੂਜ਼ ਨਹੀਂ । ਸਾਡੀ ਪਲੈਨਿੰਗ ਦੇ ਵਿਚ ਬੜੇ ਡੀਫੈਕਟ ਨੇ । ਇਕ ਇਕ ਸਾਲ ਦੇ ਵਿਚ ਤਿੰਨ ਤਿੰਨ ਬਿਲ ਬਣਦੇ ਨੇ ਇਕੋ ਚੀਜ਼ ਤੇ । ਇਕੋ ਹੀ ਐਕਟ ਨੂੰ ਬਦਲਣ ਲਈ ਇਕ ਸਾਲ ਵਿਚ ਤਿੰਨ ਵਾਰੀ ਏਥੇ ਬਿਲ ਪੇਸ਼ ਹੋ ਜਾਂਦੇ ਨੇ ਅਤੇ ਪਾਸ ਹੋ ਜਾਂਦੇ ਨੇ । ਅਸੀਂ ਵਾਜ਼ਹ ਤੌਰ ਤੇ ਬੈਠ ਜਾਈਏ, ਇਕ ਕਮੇਟੀ ਇਸ ਨੂੰ ਸੋਚ ਵਿਚਾਰ ਕਰ ਲਏ ਕਿ ਕਿਹੜੇ ਟੈਕਸ ਕਿੰਨੇ ਲੱਗਣੇ ਨੇ । ਕਿੰਨ੍ਹਾਂ ਲੋਕਾਂ ਤੇ ਇਹ ਟੈਕਸ ਲੱਗਣਾ ਹੈ । ਇਸ ਟੈਕਸ ਨਾਲ ਕਿੰਨਾ ਕੁ ਅਸਰ ਪੈਣਾ ਹੈ । ਜੇ ਅਸੀਂ ਆਪਣੇ ਦਿਮਾਗ ਦੇ ਵਿਚ ਸਹੀ ਨਕਸ਼ਾ ਬਣਾ ਲਈਏ, ਸਹੀ ਢਾਂਚਾ ਬਣਾ ਲਈਏ, ਫੇਰ ਸਾਡੇ ਸੂਬੇ ਦੀ ਪਾਲਿਸੀ ਉਸ ਦੇ ਮੁਤਾਬਕ ਚੱਲੇ, ਟੈਕਸੇਸ਼ਨ ਪਾਲਿਸੀ ਚੱਲੇ, ਤਾਂ ਸਾਡੇ ਸੂਬੇ ਦਾ ਫ਼ਾਇਦਾ ਹੋ ਸਕਦਾ ਹੈ । ਲੇਕਿਨ ਜਿਸ ਤਰੀਕੇ ਨਾਲ ਅਸੀਂ ਅੱਜ ਚੱਲ ਰਹੇ ਹਾਂ ਇਹ ਠੀਕ ਨਹੀਂ । ਜਿੰਨੇ ਵੀ ਮੇਰੇ ਦੋਸਤ ਬੋਲੇ ਉਨ੍ਹਾਂ ਵਿਚੋਂ ਕਿਸੇ ਨੇ ਸ਼ਹਿਰਾਂ ਦੀਆਂ ਤਕਲੀਫ਼ਾਂ ਨੂੰ ਦਸਿਆ, ਕਿਸੇ ਨੇ ਕਿਹਾ ਕਿ ਦਿਹਾਤਾਂ ਵਿਚ ਇਹ ਤਕਲੀਫ਼ ਹੈ । ਅੱਜ ਦਿਹਾਤੀ ਔਰ ਸ਼ਹਿਰੀ ਦਾ ਸਵਾਲ ਨਹੀਂ । ਦਿਹਾਤਾਂ ਦੇ ਵਿਚੋਂ ਜਿਹੜੇ ਆਉਂਦੇ ਨੇ, ਮੇਰੇ ਦੋਸਤ ਸਰਦਾਰ ਅਮਰਾਓ ਸਿੰਘ ਜੈਸੇ, ਉਨ੍ਹਾਂ ਨੂੰ ਵੀ ਜਿਸ ਵੇਲੇ ਟੈਕਸ ਦੀ ਲੋੜ ਹੈ ਤਾਂ ਉਹ ਏਥੇ ਕਹਿ ਸਕਦੇ ਨੇ ਕਿ ਸ਼ਹਿਰਾਂ ਤੇ ਟੈਕਸ ਲਗਾਓ । ਸ਼ਹਿਰਾਂ ਦੇ ਵਿਚ ਜਿਹੜੇ ਵੱਡੇ ਵੱਡੇ, ਪੁਰੀ ਸਾਹਿਬ ਵਰਗੇ ਹਨ, ਉਹ ਟੈਕਸ ਦੇ ਸਕਦੇ ਨੇ । ਐਸ ਵੇਲੇ ਦਿਹਾਤੀ ਔਰ ਸ਼ਹਿਰੀ ਦਾ ਮੁਆਮਲਾ ਨਹੀਂ, ਬਲਕਿ ਇਹ ਮੁਆਮਲਾ ਹੈ ਕਿ ਕਿਹੜੇ ਆਦਮੀ ਟੈਕਸ ਦੇ ਸਕਦੇ ਨੇ । ਜਿਹੜੇ ਅਜਿਹੇ ਨੇ ਉਨ੍ਹਾਂ ਦੇ ਲਈ ਕੋਈ categories ਮੁਕਰਰ ਕਰਨੀਆਂ ਚਾਹੀਦੀਆਂ ਹਨ, ਕੋਈ categories fix ਕਰਨੀਆਂ ਚਾਹੀਦੀਆਂ ਹਨ । ਮੇਰੇ ਦੋਸਤ ਨੇ ਕਿਹਾ ਹੈ ਕਿ ਉਨ੍ਹਾਂ ਕੋਲ ਸ਼ਹਿਰ ਦੇ ਵਿਚ ਮਕਾਨ ਹੈ, ਉਹ ਟੈਕਸ ਦੇ ਸਕਦੇ ਨੇ । ਉਨ੍ਹਾਂ ਦੇ ਕੋਲ ਤਾਂ ਪਰਮਿਟ ਨੇ ਉਨ੍ਹਾਂ ਨੂੰ ਦੂਜੇ ਪਾਸੇ ਤੋਂ ਆਮਦਨ ਆ ਜਾਏਗੀ, ਉਨ੍ਹਾਂ ਨੂੰ ਓਧਰੋਂ ਆਮਦਨ ਹੋ ਸਕਦੀ ਹੈ । ਇਸ ਤਰ੍ਹਾਂ ਦੇ ਨਾਲ ਹਕੂਮਤ ਦਾ ਕੰਮ ਨਹੀਂ ਚਲਦਾ । ਕੌਣ ਅਦਾ ਕਰ ਸਕਦਾ ਹੈ, ਕੌਣ ਨਹੀਂ ਕਰ ਸਕਦਾ, categories ਬਣਾਉਣ ਦੇ ਬਾਦ Taxtation Policy ਕਾਮਯਾਬ ਹੋ ਸਕਦੀ ਹੈ ਅਤੇ ਅਸੀਂ ਲੋਕਾਂ ਦਾ confidence ਹਾਸਲ ਕਰ ਸਕਦੇ ਹਾਂ । ਇਨ੍ਹਾਂ ਲਫ਼ਜ਼ਾਂ ਦੇ ਨਾਲ ਮੈਂ ਇਸ ਬਿਲ ਨੂੰ oppose ਕਰਦਾ ਹਾਂ । ਪਰਾਪਰਟੀ ਟੈਕਸ, ਹਾਊਸ ਟੈਕਸ ਅਤੇ ਇਹ ਜਿਹੜਾ ਨਵਾਂ ਕਨੂੰਨ ਹੈ, ਜਿਸ ਰਾਹੀਂ ਇਹ ਟੈਕਸ ਲਗਣਾ ਹੈ ਇਹ ਤਿੰਨੇ ਇਕ ਕਨੂੰਨ ਵਿਚ ਲਿਆਂਦੇ ਜਾਣ ।

Sardar Rajinder Singh : Sir, I beg to move—

That the question be now put.

Mr. Speaker : Question is—

That the question be now put.

After ascertaining the votes of the House by voices Mr. Speaker said, "I think the Ayes have it". This opinion was challenged. The division bells were then ruug. Mr. Speaker after ascertaining the votes of the Members present, by voices again, declared that the motion was carried.

The motion was declared carried.

ਮਾਲ ਮੰਤਰੀ (ਗਿਆਨੀ ਕਰਤਾਰ ਸਿੰਘ) : ਸਪੀਕਰ ਸਾਹਿਬ, ਇਸ ਬਿਲ ਦੇ ਉਤੇ ਇਸ ਹਾਊਸ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਖਿਆਲਾਤ ਦਾ ਇਜ਼ਹਾਰ ਕੀਤਾ ਹੈ । ਉਨ੍ਹਾਂ ਵਿਚੋਂ ਇਕ ਮੈਂਬਰ ਨੇ ਤਾਂ ਇਸ ਨੂੰ (revolutionery) ਰੈਵਿਲਿਯੂਸ਼ਨਰੀ ਬਿਲ ਕਹਿ ਦਿਤਾ ਹੈ । ਮੇਰੀ ਰਾਏ ਵਿਚ ਇਹ ਬਿਲ ਸਾਧਾਰਨ ਬਿਲ ਹੈ ਇਸ ਦੇ ਵਿਚ revolutionery ਗਲ ਕੋਈ ਨਹੀਂ । ਦੂਸਰੇ ਇਸ ਦੇ ਉਤੇ ਵਿਚਾਰ ਕਰਦਿਆਂ ਹੋਇਆਂ ਐਗਰੀਕਲਚਰਲ ਟੈਕਸ ਅਤੇ ਕਾਨਸਟੀਟਿਯੂਸ਼ਨ ਦੀ ਕਿਤਾਬ ਦੇ ਹਵਾਲੇ ਵੀ ਦਿਤੇ ਗਏ ਹਨ ਜਿਨ੍ਹਾਂ ਵਿਚ ਇਹ ਜ਼ਿਕਰ ਹੈ ਕਿ ਇਹ ਟੈਕਸ ਲਗਾ ਸਕਦੇ ਹਨ ਕਿ ਨਹੀਂ ਲਗਾ ਸਕਦੇ । ਇਸ ਸਿਲਸਿਲੇ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ Land Revenue Tax ਹੈ ਕਿ rent ਹੈ ਇਹ ਬਹਿਸ ਅਸਾਡੇ ਦੇਸ਼ ਵਿਚ ਸਦੀ ਭਰ ਦੇ ਸਮੇਂ ਤੋਂ ਚਲਦੀ ਆ ਰਹੀ ਹੈ ਪਰ ਇਸ ਦਾ ਕਤਈ ਫੈਸਲਾ ਨਹੀਂ ਹੋ ਸਕਿਆ ਕਿ ਇਹ ਟੈਕਸ ਹੈ ਕਿ rent ਹੈ ਜਾਂ ਦੋਹਾਂ ਵਿਚੋਂ ਕੋਈ ਤੀਸਰੀ ਕਿਸਮ ਦੀ ਨਵੀਂ ਚੀਜ਼ ਹੈ ਇਹ ਚੀਜ਼ ਅਜੇ ਤਕ ਤੈ ਨਹੀਂ ਹੋਈ । ਦੇਸ਼ ਦੀ ਸਰਕਾਰ ਨੇ land revenue ਲਗਾਉਣ ਦਾ ਆਈਨ ਨੇ ਇਖਤਿਆਰ ਦਿਤਾ ਹੋਇਆ ਹੈ । ਇਹ ਜੋ ਤਜਵੀਜ਼ ਮੈਂ ਕਰ ਰਿਹਾ ਹਾਂ ਇਹ ਮਾਲੀਆ ਹੈ, land revenue ਹੈ ਤੇ ਕੋਈ ਟੈਕਸ ਨਹੀਂ ਹੈ । Land Revenue Act ਵਿਚ ਦਰਜ ਹੈ ਕਿ ਸਾਰੀ ਜੋ ਜ਼ਮੀਨ ਹੈ ਉਸ ਦਾ ਹਾਲਾ ਲੈ ਸਕਦੇ ਹਨ ਸਵਾਏ ਉਸ ਦੇ ਕਿ ਜਿਸ ਨੂੰ ਸਰਕਾਰ ਛਡ ਦੇਵੇ ਜਾਂ ਸਵਾਏ ਉਸ ਦੇ ਕਿ ਜੋ ਲਾਲ ਲਕੀਰ ਦੇ ਅੰਦਰ ਜ਼ਮੀਨ ਹੈ ਤਾਂ ਮੇਰੇ ਕਹਿਣ ਦਾ ਇਹ ਮਤਲਬ ਹੈ ਕਿ ਹਾਲਾ ਪੰਜਾਬ ਦੇ ਬਹੁਤ ਸਾਰਿਆਂ ਹਿਸਿਆਂ ਵਿਚ ਲਗਾ ਹੋਇਆ ਸੀ ਇਹ ਜੋ ਤਜਵੀਜ਼ ਹੈ ਜਿਥੇ ਹਾਲਾ ਇਸ ਵਕਤ ਨਹੀਂ ਹੈ ਉਨ੍ਹਾਂ ਕੁਝ ਹਿਸਿਆਂ ਵਿਚ ਹਾਲਾ ਲਾਉਣ ਦੀ ਤਜਵੀਜ਼ ਹੈ। ਇਸ ਤਜਵੀਜ਼ ਨੂੰ ਅਮਲ ਵਿਚ ਲਿਆਉਣ ਲਈ assessment ਜਾਂ ਬੰਦੋਬਸਤ ਹੋਣਾ ਹੈ। Land Revenue ਦੀ ਜੋ ਕਿਤਾਬ ਹੈ ਉਸ ਵਿਚ ਦੋ ਤਰਾਂ ਦੇ ਬੰਦੋਬਸਤ ਮੰਨੇ ਗਏ ਹਨ । ਇਕ ਜਨਰਲ ਬੰਦੋਬਸਤ ਜਿਹੜਾ ਕਿ ੩੦ ਸਾਲ ਤੋਂ ਬਾਦ ਹੁੰਦਾ ਹੈ ਅਤੇ ਇਕ ਬੰਦੋਬਸਤ ਜਿਹੜਾ ਕਿ special assessment ਦੇ ਨਾਮ ਤੇ ਜਾਰੀ ਹੈ । ਹੁਣ ਜਿਹੜੇ ਰੂਲਜ਼ ਬਣਾਏ ਗਏ ਹਨ ਉਨ੍ਹਾਂ ਵਿਚ ਉਸ ਦੀ ਮਿਆਦ ੧੦ ਸਾਲ ਰਖੀ ਗਈ ਹੈ । ਉਹ assessment ਤਾਂ ਇਕ ਤਰੀਕਾ ਹੈ ਹਾਲਾ ਲਗਾਉਣ ਦਾ । Assessment ਜਿਹੜੀ ਹੈ ਉਹ agricultural income ਜਾਂ agricultural produce ਦੇ ਸਿਲਸਿਲੇ ਵਿਚ ਵੀ ਹੋ ਸਕਦੀ ਹੈ ਅਤੇ non-agricultural income ਦੇ ਸਿਲਸਿਲੇ ਵਿਚ ਵੀ ਚਾਲੂ ਕੀਤੀ ਜਾ ਸਕਦੀ ਹੈ । ਕਿਉਂ ਕਿ ਜਿਹੜੀ ਜ਼ਮੀਨ ਵਿਚ ਖੇਤੀ ਕੀਤੀ ਜਾਂਦੀ ਹੈ ਉਸ ਦੇ ਉਤੇ ਹਾਲਾ ਬਹੁਤ ਪੁਰਾਣੇ ਸਮੇਂ ਤੋਂ ਲਾਗੂ ਹੈ ।

ਉਸ ਨੂੰ ਉਸ assessment ਦੇ ਕਾਇਦੇ Land Revenue Act ਵਿਚ ਉਸ ਦੇ ਮੁਤੱਲਿਕ ਜੋ ਦਫਾਤ ਹਨ ਪਹਿਲਾਂ ਦਾਖਲ ਕੀਤੇ ਗਏ । ਬੜਾ ਸਮਾਂ ਬੀਤ ਜਾਣ ਦੇ ਪਿਛੋਂ ਆਹਿਸਤਾ ਆਹਿਸਤਾ ਇਹ ਗਲ ਨੋਟਿਸ ਵਿਚ ਆਈ ਕਿ ਬਹੁਤ ਸਾਰੀ ਜ਼ਮੀਨ ਖੇਤੀ ਵਿਚੋਂ ਹਟਾ ਕੇ ਦੂਸਰੇ ਇਸਤੇਮਾਲ ਵਿਚ ਲਿਆਂਦੀ ਜਾ ਰਹੀ ਹੈ ਉਸ ਤੋਂ ਇਹ ਖਿਆਲ ਪੈਦਾ ਹੋਇਆ ਕਿ ਉਨ੍ਹਾਂ ਜ਼ਮੀਨਾਂ ਦੇ ਉਤੇ ਕਿ agricultural produce ਵਾਲਾ ਹਾਲਾ ਹੀ ਲਗਣਾ ਚਾਹੀਦਾ ਹੈ ਜਾਂ ਉਨ੍ਹਾਂ ਉਤੇ ਹਾਲਾ ਕਿਸੇ ਦੂਸਰੇ ਤਰੀਕੇ ਨਾਲ ਤਸ਼ਖੀਸ ਕੀਤਾ ਜਾਣਾ ਚਾਹੀਦਾ ਹੈ ਅਤੇ ਕਿਸੇ ਹੋਰ ਅਸੂਲ ਦੇ ਮਾਤਹਿਤ ਲੈਣਾ ਚਾਹੀਦਾ ਹੈ । ਇਸ ਸੋਚ ਦਾ ਨਤੀਜਾ special assessment ਨਿਕਲਿਆ ਜਿਹੜਾ ਕਿ 1939 ਵਿਚ Land Revenue Act ਵਿਚ ਦਾਖਲ ਕੀਤਾ ਗਿਆ । ਹੁਣ ਜਿਥੇ ਖੇਤੀ ਹੈ ਉਥੇ ਤਾਂ ਏਕੜ ਘੁਮਾਂ ਅਤੇ ਕਨਾਲਾਂ ਦੀ ਰਾਹੀਂ ਹਾਲਾ ਤਜਵੀਜ਼ ਕੀਤਾ ਜਾਂਦਾ ਹੈ ਲੇਕਿਨ ਜਿਹੜੀ ਜ਼ਮੀਨ ਖੇਤੀ ਦੇ ਕੰਮ ਤੋਂ ਹਟਾ ਦਿਤੀ ਗਈ ਹੈ ਅਤੇ ਗੈਰ-ਜ਼ਰਈ ਇਸਤੇਮਾਲ ਵਿਚ ਲਿਆਂਦੀ ਗਈ ਹੈ ਉਸ ਉਤੇ ਹਾਲਾ ਲਗਾਣ ਦਾ ਤਰੀਕਾ ਜਿਹੜਾ agricultural ਜ਼ਮੀਨ ਦੇ ਮੁਤੱਲਕ ਹੈ ਉਹ ਚਾਲੂ ਨਹੀਂ ਹੋ ਸਕਦਾ ਕਿਉਂਕਿ ਉਥੇ agricultural produce ਨਹੀਂ ਹੋ ਸਕਦੀ । ਫਿਰ ਜੋ ਹਾਲਾ ਵਸੂਲ ਕਰਨਾ ਹੈ ਉਸ ਦਾ ਜੋ ਤਰੀਕਾ ਹੋਣਾ ਚਾਹੀਦਾ ਹੈ ਉਹ ਇਹ ਹੈ ਕਿ net letting value ਕਢੀ ਜਾਵੇ ਅਤੇ ਉਸ ਦੇ ਮੁਤਾਬਿਕ ਹਾਲਾ ਲਗਾਇਆ ਜਾਵੇ । Net letting value ਲਗਾਣ ਦਾ ਤਰੀਕਾ ਸਿਰਫ ਹਾਲਾ ਲਗਾਣ ਦਾ ਤਰੀਕਾ ਹੀ ਹੈ ਇਸ ਤੋਂ ਵਧੇਰੇ ਕੁਝ ਨਹੀਂ । ਐਨੀ ਜਿਹੀ ਗਲ ਨੂੰ ਇਹ ਕਹਿਣਾ ਕਿ ਇਹ ਟੈਕਸ ਹੈ ਇਹ ਮੁਨਾਸਿਬ ਨਹੀਂ ਮਾਲੂਮ ਹੁੰਦਾ । ਗੈਰ ਜ਼ਰਈ ਜ਼ਮੀਨ ਦਾ ਹਾਲਾ ਕਿਸ ਤਰ੍ਹਾਂ ਲਗਾਇਆ ਜਾਵੇ ਇਸ ਦੇ ਮੁਤੱਲਿਕ ਰੂਲਜ਼ ਬਣਾਏ ਗਏ ਹਨ । ਪੰਜਾਬ ਵਿਚ ਉਨ੍ਹਾਂ ਤੇ ਅਮਨ ਕੀਤਾ ਗਿਆ ਹੈ ਅਤੇ ਉਹ ਮਸਲਾ ਤਰੱਕੀ ਕਰਦਾ ਹੋਇਆ ਇਕ ਖਾਸ ਮਰਹਲੇ ਤੇ ਆ ਗਿਆ ਹੈ ਯਾਨੀ assessment ਉਸ ਦੀ ਬਹੁਤ ਹਦ ਤਕ ਪੂਰੀ ਕਰ ਲਈ ਹੈ ਅਤੇ ਹੁਣ ਅਸੀਂ ਰੀਪੋਰਟਾਂ ਸ਼ਾਇਆ ਕਰ ਰਹੇ ਹਾਂ ਅਤੇ ਉਨ੍ਹਾਂ ਤੇ objections invite ਕੀਤੇ ਜਾ ਰਹੇ ਹਨ ਉਨ੍ਹਾਂ ਦਾ ਫੈਸਲਾ ਹੋ ਜਾਣ ਦੇ ਬਾਦ ਉਹ ਹਾਲਾ ਚਾਲੂ ਕੀਤਾ ਜਾਵੇਗਾ ।

ਜਿੰਨ੍ਹੀਂ ਦਿਨੀਂ ਇਹ assessment ਹੁੰਦੀ ਸੀ ਉਨ੍ਹੀਂ ਦਿਨੀਂ ਇਕ ਬੜਾ ਭਾਰੀ ਇਤਰਾਜ਼ ਇਹ ਆਉਂਦਾ ਰਿਹਾ ਸੀ ਕਿ ਇਕ ਸ਼ਹਿਰ ਦੇ ਇਕ ਤਕੜੇ ਹਿਸੇ ਵਿਚ ਤਾਂ ਇਹ ਨਵਾਂ ਹਾਲਾ ਲਗਾਉਣ ਦੀ ਤਜਵੀਜ਼ ਹੈ; ਉਸ ਦੀ ਵਸੂਲੀ ਵੀ ਹੁੰਦੀ ਰਹੀ ਹੈ ਪਰ ਉਸੇ ਸ਼ਹਿਰ ਦਾ ਇਕ ਹਿੱਸਾ ਜੋ ਹੈ ਉਸ ਉਤੇ ਐਸਾ ਕੋਈ ਹਾਲਾ ਨਹੀਂ ਲਗਾਇਆ । ਇਸ ਲਈ ਇਕੋ ਹੀ ਸ਼ਹਿਰ ਵਿਚ ਦੋ ਤਰ੍ਹਾਂ ਦਾ ਵਰਤਾਉ ਮੁਨਾਸਬ ਨਹੀਂ । ਉਹ ਇਤਰਾਜ਼ ਮਾਕੂਲ ਸੀ, ਜਾਇਜ਼ ਸੀ । ਉਸੇ ਇਤਰਾਜ਼ ਦਾ ਨਤੀਜਾ ਇਸ ਬਿਲ ਦੀ ਸ਼ਕਲ ਵਿਚ ਇਸ House ਦੇ ਸਾਮ੍ਹਣੇ ਲਿਆਂਦਾ ਗਿਆ ਹੈ ਤਾਕਿ ਉਹ ਇਤਰਾਜ਼ ਰਫਾ ਹੋ ਜਾਵੇ ਔਰ ਇਕੋ ਜਿਹਾ ਯਾਨੀ ਬਰਾਬਰ ਦਾ ਸਲੂਕ ਹੋਵੇ । ਇਹ ਬਿਲ ਨਾ ਸਿਰਫ ਇਕ ਹੀ ਸ਼ਹਿਰ ਵਿਚ ਆਬਾਦ ਲੋਕਾਂ ਨਾਲ ਇਕੋ ਜਿਹਾ ਸਲੂਕ ਕਰਨ ਦੀ ਤਜਵੀਜ਼ ਪੇਸ਼ ਕਰਦਾ ਹੈ ; ਬਲਕਿ ਇਥੇ ਦੂਜਿਆਂ ਸੂਬਿਆਂ ਨਾਲੋਂ ਹਾਲਾ ਲਗਾਉਣ ਦਾ ਜਿਹੜਾ ਵਿਤਕਰਾ ਸੀ ਉਸ ਨੂੰ ਵੀ ਦੂਰ ਕਰਦਾ ਹੈ । ਜਦ ਬੰਬਈ ਵਿਚ ਸ਼ਹਿਰਾਂ ਅਤੇ ਕਸਬਿਆਂ ਦੇ ਅੰਦਰ ਹਾਲਾ ਲਗਦਾ ਹੈ ਤਾਂ ਪੰਜਾਬ ਦੇ ਵਸਨੀਕ ਸ਼ਹਿਰੀ ਉਨ੍ਹਾਂ ਨਾਲੋਂ ਘਟ ਦੇਸ਼ ਭਗਤ ਨਹੀਂ ਕਿ ਉਹ ਇਹੀ ਹਾਲਾ

[ਮਾਲ ਮੰਤ੍ਰੀ]

ਆਪਣੇ ਸੂਬੇ ਦੇ ਖਜ਼ਾਨੇ ਭਰਨ ਲਈ ਤੇ ਇਸ ਦੀ ਤਰੱਕੀ ਲਈ ਨ ਦੇਣ । ਇਹ ਹਾਲਾ ਲਗਾਉਣਾ ਮੁਨਾਸਬ ਹੈ ਔਰ ਸਟੇਟ ਸਟੇਟ ਵਿਚ ਅਤੇ ਸ਼ਹਿਰ ਸ਼ਹਿਰ ਵਿਚ ਇਸ ਸਬੰਧੀ ਜੋ ਵਿਤਕਰਾ ਪਿਆ ਹੋਇਆ ਹੈ, ਉਸ ਨੂੰ ਦੂਰ ਕਰਨ ਲਈ ਮੈਂ ਇਹ ਬਿਲ ਲਿਆਂਦਾ ਹੈ ਤਾਂਕਿ ਬਰਾਬਰ ਦਾ ਸਲੂਕ ਕਰਨ ਵਾਲੇ ਅਸੂਲ ਤੇ ਅਮਲ ਕਰਾਇਆ ਜਾਵੇ ।

ਇਸ ਬਿਲ ਉਤੇ ਬਹੁਤ ਸਾਰੇ ਇਤਰਾਜ਼ ਕੀਤੇ ਗਏ । ਉਨ੍ਹਾ ਇਤਰਾਜ਼ਾਂ ਦਾ ਅਕਸਰ ਕਰਕੇ ਜਵਾਬ ਵੀ ਦੇ ਦਿੱਤਾ ਗਿਆ ਹੈ । ਇਸ ਵਾਸਤੇ ਉਨ੍ਹਾਂ ਉਤੇ ਬੋਲਣ ਦੀ ਬਹੁਤ ਜ਼ਿਆਦਾ ਜ਼ਰੂਰਤ ਨਹੀਂ ਰਹੀ । ਪਰ ਫਿਰ ਵੀ ਇਕ ਦੋ ਗਲਾਂ ਜ਼ਰੂਰ ਅਰਜ਼ ਕਰਦਾ ਹਾਂ । ਇਸ ਬਿਲ ਉਤੇ ਇਕ ਬੜਾ ਭਾਰੀ ਇਤਰਾਜ਼ ਇਹ ਕੀਤਾ ਗਿਆ ਹੈ ਕਿ ਇਹ ਬਿਲ immoral ਹੈ । ਮੈਨੂੰ ਸਮਝ ਨਹੀਂ ਪਈ ਕਿ ਇਹ ਚੀਜ਼ ਕਿਵੇਂ immoral ਹੈ । ਹਾਂ ਇਕੋ ਬਾਤ ਹੋ ਸਕਦੀ ਹੈ ਕਿ ਸਾਰੇ ਟੈਕਸਾਂ ਨੂੰ ਔਰ ਸਾਰੇ ਦੇ ਸਾਰੇ ਹਾਲੇ ਨੂੰ immoral ਕਿਹਾ ਜਾਵੇ ਤਾਂ ਇਹ ਵੀ immoral ਹੋ ਸਕਦਾ ਹੈ । ਪਰ ਜੇ ਬਾਕੀ ਦੇ ਟੈਕਸ ਵਾਜਬ ਨੇ ਤਾਂ ਇਸ ਨੂੰ ਉਨ੍ਹਾਂ ਤੋਂ ਨਖੇੜ ਕੇ ਇਸ ਨੂੰ ਵਖਰੇ ਤੌਰ ਤੇ immoral ਕਹਿਣਾ ਜਚਦਾ ਨਹੀਂ ।

ਇਸ ਤੋਂ ਅਲਾਵਾ ਚੌਧਰੀ ਇੰਦਰ ਸਿੰਘ ਹੋਰਾਂ ਕਿਹਾ ਸੀ ਕਿ ਇਹ ਜੋ ਬਿਲ ਲਿਆਂਦਾ ਗਿਆ ਹੈ ਇਸ ਦੇ ਬਣਾਉਣ ਨਾਲ ਜੁੱਤੀਆਂ ਬਨਾਉਣ ਵਾਲਾ ਜੋ ਸ਼ਹਿਰ ਦਾ ਗ਼ਰੀਬ ਹੈ ਉਸ ਦੀ ਦੁਕਾਨ ਉਤੇ ਵੀ ਹਾਲਾ ਲਗਾਇਆ ਜਾਵੇਗਾ ਔਰ ਇਸ ਤਰ੍ਹਾਂ ਉਸ ਗ਼ਰੀਬ ਨੂੰ ਭਾਰੀ ਦਿੱਕਤ ਪਹੁੰਚੇਗੀ । ਮੇਰਾ ਖਿਆਲ ਹੈ ਕਿ ਉਨ੍ਹਾਂ ਨੇ ਬਿਲ ਨੂੰ ਇਸ ਦੇ principal Act ਨਾਲ ਰਲਾ ਕੇ ਨਹੀਂ ਪੜ੍ਹਿਆ । ਜੇ ਉਸ ਵਿਚ ਸ਼ਾਮਿਲ ਕਰਕੇ ਪੜ੍ਹਦੇ ਤਾਂ ਇਸ ਇਤਰਾਜ਼ ਦੇ ਕਰਨ ਦੀ ਕੋਈ ਲੋੜ ਨਾ ਪੈਂਦੀ । ਉਸ Act ਦੀ clause 59 ਦੀ Sub-clause F ਤੋਂ ਬਾਅਦ ਸਾਰੀਆਂ ਕਲਾਜ਼ਾਂ ਨੂੰ cover ਕਰਨ ਵਾਲੀ ਇਕ proviso ਦਰਜ ਹੈ ਅਤੇ ਇਹ special assessment ਦੇ ਬਾਰੇ ਹੈ ਜਿਹੜਾ ਕਿ ਹਰ ਸ਼ਹਿਰ ਦੇ ਅੱਧੇ ਤੇ ਅੱਧੇ ਤੋਂ ਜ਼ਿਆਦਾ ਹਿੱਸੇ ਤੇ ਅਗੇ ਹੀ ਲਾਗੂ ਹੈ ਅਤੇ ਇਸ ਬਿਲ ਦੇ ਪਾਸ ਹੋ ਜਾਣ ਨਾਲ ਮੁਕੰਮਲ ਸ਼ਹਿਰ ਤੇ ਲਾਗੂ ਹੋ ਜਾਵੇਗਾ ਔਰ ਇਹ proviso ਉਸ ਵਿਚ ਵੀ ਲਾਗੂ ਰਹੇਗਾ । ਉਹ proviso ਇਹ ਹੈ ਕਿ :—

> Provided that any use of land for purposes of a garden, an orchard or pasture ; or the use of houses on such land occupied or let for agricultural purposes or for purposes subservient to agriculture or small-scale cottage industries or for any public or charitable purposes shall not be considered as a use different from that for which an assessment is in force or for non-agricultural purposes.

ਤਾਂ ਇਨ੍ਹਾਂ ਨੂੰ ਤਾਂ ਅਗੇ ਹੀ ਬੜੀ ਰਿਆਇਤ ਦਿੱਤੀ ਹੋਈ ਹੈ ਕਿ ਜੋ ਖੇਤੀ ਕਰਨ ਦੀ ਕਿਸਮ ਦਾ ਹਾਲਾ ਹੈ ਉਹ ਲਗਣਾ ਹੈ । ਹੁਣ ਇਸ ਤੋਂ ਅਗੇ ਇਹ ਲਿਖਿਆ ਗਿਆ ਹੈ ਕਿ residential houses ਜੋ ਹਨ ਉਨ੍ਹਾਂ ਦੀ rental value ਜੇ 240 ਰੁਪਏ ਸਾਲ ਦੀ ਹੋਵੇ ਤਾਂ ਉਨ੍ਹਾਂ ਉਪਰ ਵੀ ਇਹ special assessment ਨਹੀਂ ਲਾਗੂ । ਇਨ੍ਹਾਂ ਥਾਵਾਂ ਤੇ ਜੋ ਖੇਤੀ ਕਰਨ ਵਾਲਾ ਹਾਲਾ ਹੈ ਉਹੀ ਲਗੂ ਔਰ ਇਸ ਕਲਾਜ਼ ਦੇ ਆਉਣ ਨਾਲ ਲਾਲ ਲਕੀਰ ਦੇ ਅੰਦਰ ਜੋ ਹੈ ਉਨ੍ਹਾਂ ਉਪਰ ਚੂੰਕਿ ਹਾਲਾ ਨਹੀਂ ਲਗਦਾ

ਉਨ੍ਹਾਂ ਉਪਰ ਵੀ ਇਹ ਲਾਗੂ ਹੋ ਜਾਵੇ, ਇਸ ਲਈ ਦੋਵਾਂ ਨੂੰ ਬਰਾਬਰ ਕਰਨ ਦਾ ਸਵਾਲ ਹੈ। ਪਰ ਨਾਲ ਹੀ ਜਿਹੜੀਆਂ ਰਿਆਇਤਾਂ ਹਨ ਉਹ ਜ਼ਰੂਰ ਹੋਣਗੀਆਂ।

ਚੌਧਰੀ ਇੰਦਰ ਸਿੰਘ ਜੀ ਨੇ ਫਰਮਾਇਆ ਸੀ ਕਿ ਇਹ ਹਾਲਾ graded tax ਦੀ ਸ਼ਕਲ ਵਿਚ ਹੋਣਾ ਚਾਹੀਦਾ ਹੈ ਬਾਕੀ land revenue ਤੇ ਜਿਸ ਤਰ੍ਹਾਂ special charges ਲਗਾਏ ਗਏ ਹਨ ਉਸੇ ਕਿਸਮ ਦਾ ਹੋਣਾ ਚਾਹੀਦਾ ਹੈ। ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਇਹ ਜਿਸ ਕਿਸਮ ਦਾ ਹਾਲਾ ਇਸ ਵੇਲੇ ਲਗਿਆ ਹੋਇਆ ਹੈ ਉਸੇ ਕਿਸਮ ਦਾ ਲਗਿਆ ਰਹਿਣਾ ਹੈ ਔਰ ਚੂੰਕਿ ਇਹ ਹਾਲਾ ਹੈ ਔਰ ਹਰ ਹਾਲੇ ਉਪਰ special charge ਲਗਦਾ ਹੈ ਇਸ ਲਈ ਇਹ ਜ਼ਾਹਿਰ ਹੋਇਆ ਕਿ graded ਹਾਲਾ ਤਾਂ ਆਪਣੇ ਆਪ ਹੀ ਲਗ ਜਾਣਾ ਹੈ। ਇਸ ਲਈ ਉਸ ਦੇ ਮੁਤੱਲਿਕ ਤਾਂ ਕੋਈ ਗੁੰਜਾਇਸ਼ ਬਾਕੀ ਨਹੀਂ। ਉਨ੍ਹਾਂ ਨੂੰ ਸ਼ਾਇਦ ਯਾਦ ਨਹੀਂ ਰਿਹਾ ਕਿ ਇਹ ਤਾਂ ਹਾਲੇ ਦੀ ਜੋ ਸ਼ਰਾਹ ਹੈ ਉਸ ਦੇ ਮੁਤਾਬਿਕ ਹੀ ਲੈਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਲਈ ਇਹ ਹਾਲਾ ਜਦੋਂ non-agricultural ਜ਼ਮੀਨਾਂ ਲਈ ਸ਼ਹਿਰਾਂ ਵਿਚ ਲਾਗੂ ਹੋਵੇਗਾ ਤਾਂ ਉਹ graded ਵਾਲਾ ਕਾਨੂੰਨ ਆਪਣੇ ਆਪ ਹੀ ਲਾਗੂ ਹੋ ਜਾਣਾ ਹੈ। ਜਿਸ ਕਿਸਮ ਦੀ ਚੀਜ਼ ਉਹ ਚਾਹੁੰਦੇ ਹਨ, ਉਹ ਅਗੇ ਹੀ ਮੌਜੂਦ ਹੈ। ਇਸ ਲਈ ਇਸ ਬਾਰੇ ਉਨ੍ਹਾਂ ਨੂੰ ਫਿਕਰ ਨਹੀਂ ਕਰਨਾ ਚਾਹੀਦਾ।

ਇਕ ਮਾਨਯੋਗ ਮੈਂਬਰ : ਤੁਸੀਂ ਭੁਲ ਗਏ ਸੋ ਇਸ ਲਈ ਉਨ੍ਹਾਂ ਨੇ ਯਾਦ ਕਰਾ ਦਿੱਤਾ ਹੈ।

ਮਾਲ ਮੰਤ੍ਰੀ : ਨਹੀਂ, ਮੈਂ ਭੁਲਿਆ ਨਹੀਂ। ਬਾਕੀ ਇਸ ਤੋਂ ਅਲਾਵਾ ਕੋਈ ਹੋਰ ਅਜਿਹੀ ਬਾਤ ਨਹੀਂ ਹੋਈ ਜਿਸ ਦੀ ਬਾਬਤ ਮੈਨੂੰ ਕੁਝ ਕਹਿਣ ਦੀ ਲੋੜ ਹੋਵੇ। ਹਾਂ, ਇਕ ਗਲ ਜ਼ਰੂਰ ਹੈ ਕਿ ਕਈ ਸਾਹਿਬਾਨ ਨੇ ਇਸ ਗਲ ਵਲ ਧਿਆਨ ਦਵਾਇਆ ਹੈ ਕਿ local bodies ਦੇ taxes ਨਹੀਂ ਸ਼ਾਮਲ ਹੋਣੇ ਚਾਹੀਦੇ। Net letting value ਨੂੰ ਸ਼ਾਮਲ ਕਰਨਾ ਚਾਹੀਦਾ ਹੈ, property tax ਦੀ ਮਨਾਹੀ ਮਿਲਣੀ ਚਾਹੀਦੀ ਹੈ ਔਰ ਇਸ ਤੋਂ ਅਲਾਵਾ ਜਿਹੜੀ 240 ਦੀ ਹਦ ਹੈ, ਉਹ ਕਈਆਂ ਨੇ ਕਿਹਾ ਹੈ ਕਿ ਬਹੁਤ ਕੰਮ ਹੈ। ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਉਹ clauses ਆਉਣਗੀਆਂ ਉਸ ਸਬੰਧੀ ਜੋ ਕੁਝ ਮੈਨੂੰ ਕਹਿਣਾ ਹੋਵੇਗਾ ਕਹਿ ਲਵਾਂਗਾ। clauses ਦੇ ਮੁਤੱਲਿਕ ਮੇਰੀ ਪੋਜ਼ੀਸ਼ਨ ਇਹ ਨਹੀਂ ਕਿ ਮੈਂ ਹਰ ਗਲ ਤੇ ਨਾਂਹ ਕਰਾਂਗਾ। ਮੈਂ ਅਰਜ਼ ਕਰਦਾ ਹਾਂ ਕਿ ਜਿਹੜੀਆਂ ਮੁਨਾਸਬ ਗਲਾਂ ਹੋਣਗੀਆਂ, ਉਨ੍ਹਾਂ ਉਪਰ ਜ਼ਰੂਰ ਹਮਦਰਦੀ ਨਾਲ ਗੌਰ ਕਰਾਂਗਾ ਕਿਉਂਕਿ ਸਰਕਾਰ ਦਾ ਕਿਸੇ ਨੂੰ ਸਤਾਉਣ ਦਾ ਮਨਸ਼ਾ ਨਹੀਂ ਹੈ ਬਲਕਿ state ਦੀ ਉਸਾਰੀ ਲਈ ਜੋ ਰਕਮ ਚਾਹੀਦੀ ਹੈ ਉਸੇ ਨੂੰ ਵਸੂਲ ਕਰਨਾ ਹੈ।

खान अब्दुल गफ्फार खां : जनाब, मैं वज़ीर साहिब से एक सवाल पूछना चाहता हूं।

अध्यक्ष महोदय : आप को पहले मेरी इजाज़त लेनी चाहिए थी। (The hon. Member should have first sought my permission.)

खान अब्दुल गफ्फार खां : इजाज़त लेने के लिए ही तो खड़ा हुआ हूं। अर्ज़ यह है कि मैं वज़ीर साहिब को यह याद दिलाना चाहता हूं कि गांव के अन्दर जब

[खान अब्दुल गफ्फार खां]

मुशख्खसा (special assessment) होता है वह बन्दोबस्त के ऊपर कायम किया जाता है। उसके बाद गांव के लोग यह तजवीज़ पेश करते हैं कि कौन कौन सी चीज़ें उस से मुसतसना की जाएं। जैसे कबरस्तान हैं, मढीयां हैं और गांव की आबादी वगैरह है। मैं पूछना चाहता हूं कि उन शहरों में जहां जमींदार लोगों ने जाकर अपना अपना काम शुरू किया हुआ है और उसके मालिक खुद जमींदार हैं जैसा कि ज़िला अम्बाला में पांच छः आबादियां हैं....... (*Interruptions*) (*Sardar Bhupinder Singh Mann whispered some words as which the hon. Member speaking retorted with the words "shut up"*)......तो मैं पूछना चाहता था कि उन जमीदारों ने गांव के लोगों के साथ मिल कर यह मुतालबा किया है। कि उन की आबादी को शहर की आबादी से मुसतसना करार दे दिया जाए तो आप किस तरह से उन पर यह कानून लागू कर सकेंगे ?

Sardar Bhupinder Singh Mann : On a point of order, Sir. My hon. Friend who happens to be a Member of the Panel of Chairmen has uttered the words "Shut up" which are unparliamentary.

Khan Abdul Ghaffar Khan : Sir, if you desire, I will withdraw them.

अध्यक्ष महोदय : अगर आप मेरी जगह पर होते तो आप क्या करते ? आप जब panel of Chairmen में हैं इस लिये आप को ऐसी चीज नहीं कहनी चाहिये (What the hon. Member would do if he were in my position ? He should not say such things when he himself is on the panel of Chairmen.)

खान अब्दुल गफ्फार खां : खुदा के वास्ते मुझे हटा दो। अच्छा जी मैं यह लफज़ withdraw करता हूं।

ਮਾਲ ਮੰਤ੍ਰੀ : ਜਨਾਬ ਸਪੀਕਰ ਸਾਹਿਬ, ਖਾਨ ਸਾਹਿਬ ਨੇ ਇਹ ਦਰਿਆਫਤ ਕੀਤਾ ਹੈ ਕਿ assessment ਦੇ ਦੌਰਾਨ ਜਦ net assets ਨੂੰ ਸ਼ੁਮਾਰ ਕਰ ਲਿਆ ਜਾਂਦਾ ਹੈ ਤਾਂ ਉਸ ਨੂੰ ਸਾਰੀ estate ਤੇ ਫੈਲਾਇਆ ਜਾਂਦਾ ਹੈ ਫਿਰ ਪਿੰਡ ਦਾ ਜੋ ਹਿੱਸਾ ਨਿਕਲਦਾ ਹੈ ਉਸ ਨੂੰ ਅਗੇ ਉਸ ਪਿੰਡ ਤੇ ਛੱਡ ਦਿੱਤਾ ਜਾਂਦਾ ਹੈ ਕਿ ਪਿੰਡ ਵਾਲੇ ਉਸ ਨੂੰ ਜਿਸ ਤਰੀਕੇ ਨਾਲ ਮਰਜ਼ੀ ਹੋਵੇ ਵੰਡਣ। ਕਈ ਦਫਾ ਇਹ ਹੁੰਦਾ ਹੈ ਕਿ ਪਿੰਡ ਦੇ ਨੇੜੇ ਦੀ ਜ਼ਮੀਨ ਤੇ ਉਹ ਵਧੇਰਾ ਲਾ ਲਿਆ, ਨਿਆਈਂ ਦੀ ਜ਼ਮੀਨ ਤੇ ਉਹ ਵਧੇਰਾ ਲਾ ਲਿਆ ਤੇ ਦੂਰ ਦੀ ਜ਼ਮੀਨ ਤੇ ਘਟ ਲਾ ਲਿਆ ਜਾਂਦਾ ਹੈ। ਖੂਹ ਦੀ ਜ਼ਮੀਨ ਤੇ ਵਧੇਰਾ ਲਾ ਕੇ ਹੋਰ ਦੂਜੀ ਜ਼ਮੀਨ ਤੇ ਇਸ ਵਿਚ ਰਿਆਇਤ ਕਰ ਦਿੱਤੀ ਜਾਂਦੀ ਹੈ। ਇਸ ਤਰੀਕੇ ਨਾਲ ਪਿੰਡ ਵਾਲੇ ਸ਼ਮਸ਼ਾਨ ਘਾਟ ਨੂੰ ਜਾਂ ਹੋਰ ਇਸ ਤਰ੍ਹਾਂ ਦੀ ਜ਼ਮੀਨ ਨੂੰ ਛਡ ਦਿੰਦੇ ਨੇ ਤੇ ਉਹ ਹਾਲਾ ਦੂਜੀਆਂ ਚੰਗੀਆਂ ਜ਼ਮੀਨਾਂ ਤੇ ਵਧੇਰਾ ਲਾ ਕੇ ਪੂਰਾ ਕਰ ਲਿਆ ਜਾਂਦਾ ਹੈ। ਕੀ ਸ਼ਹਿਰਾਂ ਦੇ ਮਾਮਲੇ ਵਿਚ ਵੀ ਇਹ ਰਿਆਇਤ ਕੀਤੀ ਜਾਵੇਗੀ ? ਕਿਉਂ ਖਾਨ ਸਾਹਿਬ, ਇਹ ਹੀ ਸਵਾਲ ਹੈ ਤੁਹਾਡਾ ? (खान अब्दुल गफ़ार खान : जी हां) ਜਿਥੋਂ ਤਕ rules ਦਾ ਸਬੰਧ ਹੈ ਜੋ ਮੈਂ ਪੜ੍ਹੇ ਹਨ ਉਨ੍ਹਾਂ ਦੀ ਬਿਨਾ ਤੇ

ਜਿਤਨਾ ਮੈਨੂੰ ਇਲਮ ਹੈ ਉਸ ਦੇ ਮੁਤਾਬਕ ਇਸ ਵਿਚ ਐਸਾ ਮੌਕਾ ਮੁਹਈਆ ਨਹੀਂ ਕੀਤਾ ਗਿਆ ਹੋਇਆ । ਲੇਕਿਨ ਜੇਕਰ ਖਾਨ ਸਾਹਿਬ ਇਹ ਚਾਹੁੰਦੇ ਹਨ ਤਾਂ rules ਬਣਾਉਣ ਦੇ ਮੌਕੇ ਤੇ ਇਹ rules ਵਿਚ ਮੁਹਈਆ ਕਰ ਦਿੱਤਾ ਜਾਏਗਾ । ਕਿਉਂਕਿ ਗੌਰਮਿੰਟ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਣਾ । ਗੌਰਮਿੰਟ ਦੀ ਰਕਮ ਜੋ ਮੁਕੱਰਰ ਹੋ ਜਾਵੇਗੀ ਉਹੋ ਹੀ ਉਸ ਨੇ ਵਸੂਲ ਕਰਨੀ ਹੈ । ਇਸ ਨੂੰ ਇਸ ਵਿਚ ਕੋਈ ਫਰਕ ਨਹੀਂ ਪੈਣਾ ਜੇ ਕਰ rules ਇਸ ਤਰੀਕੇ ਨਾਲ ਬਣਾ ਕੇ ਉਨ੍ਹਾਂ ਨੂੰ ਵੀ ਇਹ ਰਿਆਇਤ ਕਰ ਦਿੱਤੀ ਜਾਵੇ ।

ਸਪੀਕਰ ਸਾਹਿਬ, ਇਸ ਬਿਲ ਦੇ ਵਿਚ ਇਹ ਜਿਹੜੀ ਚੀਜ਼ ਆਉਂਦੀ ਹੈ ਕਿ ਉਹ residential house, ਜਿਸ ਦੀ 240 ਰੁਪਏ ਸਾਲਾਨਾ rental value ਹੋਵੇ ਉਸ ਤੋਂ ਇਹ ਹਾਲਾ ਵਸੂਲ ਨਹੀਂ ਕੀਤਾ ਜਾਵੇਗਾ, special assessment ਵਾਸਤੇ ਇਹ ਚੀਜ਼ ਇਸ ਬਿਲ ਵਿਚ ਪਹਿਲੀ ਦਫਾ ਲਿਆਂਦੀ ਗਈ ਹੈ । ਇਹ ਜਿਹੜੀ ਰਿਆਇਤ ਹੈ, ਹੁਣ ਨਵਾਂ tax ਜਿਹੜਾ ਲਾਲ ਲਕੀਰ ਦੇ ਅੰਦਰ ਲਗਾਇਆ ਜਾ ਰਿਹਾ ਹੈ, ਕੇਵਲ ਉਸ ਵਿਚ ਹੀ ਨਹੀਂ ਦਿੱਤੀ ਜਾਣੀ ਬਲਕਿ ਜਿਥੇ ਪਹਿਲੇ assessment ਹੋ ਚੁਕੀ ਹੈ ਉਸ ਵਿਚ ਵੀ ਇਹ ਰਿਆਇਤ ਦੇਣ ਵਾਸਤੇ ਉਸ assessment ਨੂੰ ਵੀ revise ਕਰਨਾ ਪਏਗਾ ਅਤੇ ਉਨ੍ਹਾਂ ਨੂੰ ਵੀ ਇਹ ਰਿਆਇਤ ਦੇਣੀ ਪਏਗੀ । ਉਹ ਮੈਂਬਰ ਸਾਹਿਬਾਨ ਜਿਹੜੇ ਸ਼ਹਿਰੀ ਹਲਕਿਆਂ ਨਾਲ ਸੰਬਧ ਰਖਦੇ ਹਨ ਔਰ ਇਸ ਤੋਂ ਫਿਕਰ ਮੰਦ ਹਨ, ਤੇ ਕੁਝ ਉਹ ਮੈਂਬਰ ਸਾਹਿਬਾਨ ਜਿਹੜੇ ਅਧੇ ਦਿਹਾਤੀ ਤੇ ਅਧੇ ਸ਼ਹਿਰੀ ਹਲਕਿਆਂ ਨਾਲ ਤਅੱਲੁਕ ਰਖਦੇ ਹਨ ਅਤੇ ਕੁਝ ਉਹ ਹਨ ਜਿਹੜੇ ਖਾਲਸ ਦਿਹਾਤੀ ਹਲਕਿਆਂ ਨਾਲ ਤਅੱਲੁਕ ਰਖਦੇ ਹਨ, ਸਾਰਿਆਂ ਨੂੰ ਆਪਣੇ ੨ ਹਲਕਿਆਂ ਦਾ ਖਿਆਲ ਰਖਣਾ ਪੈਂਦਾ ਹੈ ਅਤੇ ਕਈਆਂ ਨੂੰ ਆਪਣੀ ਜ਼ਾਤ ਨਾਲ ਤਅੱਲੁਕ ਰਖਦੀਆਂ ਗੱਲਾਂ ਦਾ ਖਿਆਲ ਵੀ ਰਖਣਾ ਪੈਂਦਾ ਹੈ । ਅਤੇ ਉਹ ਵੇਖਦੇ ਹਨ ਕਿ ਉਹ ਕਿਸ ਤਰ੍ਹਾਂ ਇਹ ਉਨ੍ਹਾਂ ਨੂੰ affect ਕਰਦਾ ਹੈ । ਮੇਰਾ ਖਿਆਲ ਹੈ ਕਿ ਉਹ ਸਾਰੇ ਬਖੂਬੀ ਆਪਣੇ voters ਨੂੰ ਜਾ ਕੇ ਕਹਿ ਸਕਦੇ ਹਨ ਕਿ ਪਹਿਲੇ Act ਦੇ ਮੁਤਾਬਕ 240 ਰੁਪਏ ਸਾਲਾਨਾ rental value ਵਾਲੇ ਜੋ ਮਕਾਨ ਸਨ ਉਨ੍ਹਾਂ ਤੋਂ ਇਹ ਹਾਲਾ ਵਸੂਲ ਕੀਤਾ ਜਾਣਾ ਸੀ ਪਰ ਅਸੀਂ ਅਸੈਂਬਲੀ ਦੇ ਇਸ session ਵਿਚ ਜਾ ਕੇ ਉਨ੍ਹਾਂ ਨੂੰ ਇਹ ਰਿਆਇਤ ਦਿਵਾਈ ਹੈ । ਇਹ ਰਿਆਇਤ ਲਾਲ ਲਕੀਰ ਦੇ ਅੰਦਰ ਵਾਲਿਆਂ ਨੂੰ ਵੀ ਮਿਲਣੀ ਹੈ ਤੇ ਉਸ ਤੋਂ ਬਾਹਰ ਵਾਲਿਆਂ ਨੂੰ ਵੀ ਮਿਲਣੀ ਹੈ ਹਾਲਾਂ ਕਿ ਖੇਤੀ ਵਾਲੀਆਂ ਜ਼ਮੀਨਾਂ ਨੂੰ ਇਸ ਤਰ੍ਹਾਂ ਦੀ ਕੋਈ ਰਿਆਇਤ ਨਹੀਂ ਮਿਲਦੀ ਔਰ ਇਹ ਰਿਆਇਤ ਉਨ੍ਹਾਂ ਨੂੰ ਵੀ ਮਿਲ ਜਾਣੀ ਚਾਹੀਦੀ ਹੈ । (Opposition ਵਲੋਂ ਇਕ ਆਵਾਜ਼ . ਉਨ੍ਹਾਂ ਨੂੰ ਵੀ ਇਹ ਰਿਆਇਤ ਦੇ ਦਿੱਤੀ ਜਾਏ) Opposition ਵਾਲਿਆਂ ਦੀ ਤਾਂ ਇਹ ਗੱਲ ਹੈ ਕਿ ਉਨ੍ਹਾਂ ਦਾ ਗੰਗਾ ਜੀ ਦਾ ਬਹਿੰਦਾ ਪਾਣੀ ਹੈ । ਜਿਤਨਾ ਮਰਜ਼ੀ ਆਵੇ ਬੁਕ ਭਰਕੇ ਮਣਸ ਦਿਉ । ਪਰ ਗੌਰਮਿੰਟ ਕੋਲੋਂ ਤਾਂ ਪਾਣੀ ਥੋੜਾ ਹੈ ਉਸ ਨੇ ਉਸ ਦੀ ਮਿਕਦਾਰ ਨੂੰ ਵੇਖ ਕੇ ਦੇਣਾ ਹੈ । ਉਸ ਪਾਸ limited ਮਿਕਦਾਰ ਹੁੰਦੀ ਹੈ । ਰਾਜ ਚਲਾਉਣ ਲਈ ਇਹ ਚੀਜ਼ ਜ਼ਰੂਰੀ ਹੁੰਦੀ ਹੈ ਕਿ ਹਰ ਚੀਜ਼ ਨੂੰ ਵੇਖ ਕੇ ਕੋਈ ਚੀਜ਼ ਛੋੜੀ ਜਾਏ ਪਰ Opposition ਵਾਲਿਆਂ ਨੂੰ ਤਾਂ ਪੂਰੀ ਅਜ਼ਾਦੀ ਹੈ ਕਿ ਬਹਿੰਦੀ ਗੰਗਾ ਜੀ ਵਿਚੋਂ ਜਿਤਨਾ ਮਰਜ਼ੀ ਆਏ ਬੁਕ ਭਰ ੨ ਕੇ ਉਹ ਮਣਸ ਦੇਵੇ । ਪਰ ਜਿਥੇ ਪਾਣੀ ਹੋਏ ਹੀ ਥੋੜਾ ਉਥੇ ਇਹ ਗੱਲ ਨਹੀਂ ਹੋ ਸਕਦੀ । ਮੈਨੂੰ ਬੜੀ ਖੁਸ਼ੀ ਹੋਵੇਗੀ ਜਦੋਂ ਸਾਨੂੰ ਜਿਤਨੇ ਰੁਪਏ ਦੀ ਲੋੜ ਹੈ ਉਹ ਸਿਰਫ. ਅਮੀਰ

[ਮਾਲ ਮੰਤਰੀ]

ਆਦਮੀਆਂ ਤੇ ਟੈਕਸ ਲਗਾ ਕੇ ਵਸੂਲ ਕੀਤਾ ਜਾ ਸਕੇ ਗਾ ਤਾਂ ਅਸਾਂ ਉਸ ਮੌਕੇ ਤੇ ਇਹ ਵਿਚਾਰ ਵੀ ਕਰ ਸਕਾਂਗੇ । ਪਰ ਮੌਜੂਦਾ ਹਾਲਾਤ ਵਿਚ ਇਹ ਨਹੀਂ ਕੀਤੀ ਜਾ ਸਕਦੀ ।

ਇਤਨੇ ਸ਼ਬਦਾਂ ਨਾਲ ਮੈਂ ਆਸ ਕਰਦਾ ਹਾਂ ਕਿ ਇਸ consideration motion ਨੂੰ ਪਾਸ ਕਰ ਕੇ ਹਾਊਸ ਸਰਕਾਰ ਦੇ ਖਜ਼ਾਨੇ ਵਿਚ ਮਜ਼ੀਦ ਰਕਮ ਲਿਆਉਣ ਵਾਲੇ ਬਿਲ ਨੂੰ ਪਾਸ ਕਰੇਗਾ ।

Mr. Speaker : Question is—

That the Punjab Land Revenue (Amendment) Bill be taken into consideration at once.

After ascertaining the votes of the House by voices, Mr. Speaker said, "I think the Ayes have it". This opinion was challenged. The division bells were then rung. Mr. Speaker after ascertaining the votes of the Members present, by voices again, declared that the motion was carried.

The motion was declared carried

Mr Speaker : Now the House will proceed to consider the Bill clause by clause. Clause 2 is now before the House. All the amendments given notice of by various hon. Members in respect of this Clause will be deemed to have been moved.

CLAUSE 2

9. **Shri Ram Piara :**

In the proposed clause(18-A), sub-clause (it) after 'house tax' *add* "property tax".

12. **Shri Harbhagwan Maudgil :**

In the proposed clause (18-A), sub-clause (ii), after "house tax", *add* "property tax and income-tax payable on the rental value".

13. **Sardar Sarup Singh :**

In the proposed clause (18-A), sub-clause (ii), *delete* the word "and".

14. **Sardar Sarup Singh :**

In the proposed clause (18-A) after sub-clause (iii), *add* the following sub-clauses—

"(iv) property tax levied by the State Government ;

(v) income tax, surcharges thereon and super-tax if income from the property is assessed with a view to such taxes ;

(vi) special abatement if the property remains vacant or is in a dilapidated condition ;

(vii) cost of production of rent in the case of factory ;

(viii) interest charges if the property is built after procuring a loan for the purpose ;

(ix) cost of collection of rent ; and

(x) such other taxes which are imposed by the local bodies."

16. Dr Baldev Parkash :
17. Shri Karam Chand :
18. Chaudhri Sahi Ram Bishnoi :
19. Shri Balram Das Tandon :
20. Lala Lajpat Rai :
21. Shri Mangal Sen :

In part (ii) between the words "house tax" and sign";" *insert* "and property tax"

22. Dr. Baldev Parkash :
23. Shri Karam Chand :
24. Chaudhri Sahi Ram Bishnoi :
25. Shri Balram Das Tandon :
26. Lala Lajpat Rai :
27. Shri Mangal Sen :

After part (iii) *add*—

"(iv) any other taxes imposed by local bodies ;

(v) amount spent on collection of rent".

34. Dr. Bhag Singh :
35. Shri Ram Kishan Bharolian :
36. Com. Jangir Singh :
37. Chaudhri Inder Singh :
38. Comrade Hukam Singh :
39. Shri Phul Singh Kataria :
40. Shri Bhala Ram :

At the end of part (i) *add*—

"or land under building or a vacant plot in a town site with net letting value not exceeding Rs 600 a year."

48. Chaudhri Balbir Singh :
49. Shri Rup Singh Phul :
50. Shri Muni Lal :

In part (ii) between "house tax" and ";" *insert* "and property tax and any other taxes imposed by local bodies".

54. Rao Gajraj Singh :
55. Sardar Darbara Singh :
56. Comrade Ram Chandra :

In part (ii) between the words "house tax" and sign ";" *insert* "and property tax".

श्री राम प्यारा (करनाल) : स्पीकर साहिब, इस clause 2 के section (ii) में हाऊस tax को 'net letting value' में से मुजरा दिया गया है, इस बारे में मेरी amendment है कि जहां House Tax मुजरा दिया जाना है वहां Property Tax भी मुजरा दिया जाना ज़रूरी है क्योंकि House Tax तो Local Bodies की तरफ से लगाया जाता है लेकिन Property Tax Government का tax है । अगर इस को मुजरा न दिया गया तो इस का साफ मतलब यह होगा कि जिस property पर गवर्नमेंट

[श्री राम प्यारा]

Property Tax पहले ले रही है उसी पर यह दोबारा tax लेगी। इस लिये मिनिस्टर साहिब से मेरी यह दरखास्त है कि जिस तरह इन्होंने House Tax का मुजरा देना मान लिया है उसी तरह से Property Tax का मुजरा देना भी मंजूर कर लें। बस मैं ने इस बारे में इतना ही कहना है कि मेरी इस amendment को मंजूर कर लिया जाये।

श्री भला राम (जींद रिज़र्वड) : स्पीकर साहिब, clause नम्बर 2 में मेरी amendment यह है कि इस के first part के बाद यह लफ्ज़ add कर दिए जाएं :

"or land under building or a vacant plot in a town site with a net letting value not exceeding Rs 600 a year."

जिस का भाव यह है कि जहां शहरों की आबादी बढ़ रही है वहां मकानों की कीमतें भी बढ़ रही हैं। आज शहरों के अन्दर बहुत सारी आबादी उन लोगों की है जो छोटा मोटा कारोबार करते हैं जैसे जूतियां बनाना, करघे का काम, या जैसे अमृतसर और लुध्याने में कपड़ा बुनने का काम या दूसरी cottage industry में लगे हुए हैं। इस तरह population शहरों के अन्दर बढ़ रही है और साथ ही मकानों के किराए भी बढ़ रहे हैं। तो मेरा यह लफ्ज़ जुड़ाने का मतलब यह है कि जैसे २४० रुपए तक किराए वाले को छोड़ा गया है इस से बेचारे गरीब आदमियों को इस टैक्स से लाभ नहीं पहुंच सकता। इस लिए Revenue Minister साहिब से दर्खास्त है कि यह लफ्ज़ add कर लिए जाएं।

डाक्टर बलदेव प्रकाश (अमृतसर शहर, पूर्व) : स्पीकर साहिब, clause दो के अन्दर जहां पर net letting value assess करने का ज़िक्र है वहां पर यह आया है कि उस में से House Tax deduct कर दिया जाए। हम चाहते हैं कि Property Tax भी deduct किया जाए क्योंकि यह भी buildings के owners को House Tax की तरह ही देना पड़ता है। हमें वह सारे खर्च total किराए में से निकाल देने चाहिएं जो मालिक की जेब में से उस building पर खर्च होते हैं।

फिर कई ऐसे मालिक भी होंगे जिन के पास दो, तीन या चार मकान होंगे और जिन्होंने उन के किरायों की वसूली के लिए मुन्शी भी रखे हुए होंगे। यानी उन मालिकों को rent की वसूली पर कुछ खर्च करना पड़ता है। यह खर्च करने के बाद उन को किराया वसूल होता है। यह खर्च भी total rent में से deduct किया जाए। फिर कई जगह House Tax, Property Tax के अलावा भी local bodies के tax लगे हुए हैं। मेरा भाव यह है कि इस तरह के सारे अखराजात deduct करने के बाद net letting value assess की जाए तभी यह fair होगा नहीं तो बड़ा भारी बोझ होगा।

ਸਰਦਾਰ ਸਰੂਪ ਸਿੰਘ (ਅੰਮ੍ਰਿਤਸਰ ਸ਼ਹਿਰ, ਸਿਵਲ ਲਾਈਨਜ਼) : ਸਪੀਕਰ ਸਾਹਿਬ, ਮੈਨੂੰ ਇਹ ਸੁਣਕੇ ਬੜੀ ਖੁਸ਼ੀ ਹੋਈ ਹੈ ਕਿ ਮੁਹਤਰਿਮ ਗਿਆਨੀ ਜੀ ਨੂੰ ਜੇ ਕਿਤੇ ਕੋਈ ਵਿਤਕਰਾ ਹੋਵੇ ਤਾਂ ਬੜਾ ਦੁਖ ਹੁੰਦਾ ਹੈ। ਮੈਂ ਸਮਝਦਾ ਹਾਂ ਕਿ ਜੇਕਰ ਉਹ ਹੋਰ ਆਪਣੇ ਮਨ ਨੂੰ ਟਟੋਲ ਕੇ ਵੇਖਣਗੇ ਅਤੇ ਜੇਕਰ ਉਨ੍ਹਾਂ ਨੂੰ ਪਤਾ ਚਲੇਗਾ ਕਿ ਕਿਤੇ ਵਿਤਕਰਾ ਹੈ ਤਾਂ ਉਹ ਉਸ ਨੂੰ ਦੂਰ ਕਰਨਗੇ। ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਇਸ clause 2 ਵਿਚ ਸਿਧਾ ਵਿਤਕਰਾ ਹੈ। Net letting value ਦੀ ਜੋ conception ਹੈ it is analogous to the net assets as given in the Land Revenue Act.

Land Revenue Act ਵਿਚ net assets ਜੋ ਹਨ ਇਸ ਤਰ੍ਹਾਂ ਦਿਤੇ ਹਨ :

> "Net assets" of an estate or group of estates means the estimated average annual surplus produce of such estate or group of estates remaining after deduction of the ordinary expenses of cultivation as ascertained or estimated......"

Sardar Umrao Singh : On a point of order, Sir. It is not clear whether the hon. Member is speaking on the amendment or on the clause.

Mr. Speaker : I have not followed your point.

Sardar Umrao Singh : Sir, the hon. Member is not clear whether he is speaking on the amendment or against the clause.

Mr. Speaker : There is no hard and fast rule....

Sardar Umrao Singh : I think the Member is not clear.

Sardar Sarup Singh : The Member speaking or the Member hearing ?

Sir, I was reading out the definition of "Net Assets" as given in the Punjab Land Revenue Act.

It further says—

> "*Explanation.*—Ordinary expenses of cultivation include payments, if any, which the landowner customarily bears whether in kind or in cash either in whole or in part in respect of—
>
> (1) water rates,
>
> (2) maintenance of means of irrigation,
>
> (3) maintenance of embankments,
>
> (4) supply of seed,
>
> (5) supply of manure,
>
> (6) improved implements of husbandry,
>
> (7) concessions with regard to fodder,
>
> (8) special abatements made for fallows or bad harvests,
>
> (9) cost of collection of rent,
>
> (10) allowance for shortage in collection of rent,

[Sardar Sarup Singh]

(11) interest charges payable in respect of advances made in cash, free of interest to tenants for the purposes of cultivation,

(12) wages or customary dues paid to aritsans or menials whose products or labour are utilised for the purposes of cultivation and harvesting ;

and the share that would be retainable by a tenant if the land were let to a non-occupancy tenant paying rent, whether in cash or in kind, at the normal rate actually prevalent in the estate or group of estates.

ਸਪੀਕਰ ਸਾਹਿਬ, ਇਹ ਵੇਖੋ ਕਿੰਨਾ comprehensively ਸੋਚਿਆ ਗਿਆ ਹੈ ਕਿ Net assets ਕੀ ਹੁੰਦੇ ਹਨ । ਹਰ ਮੁਮਕਿਨ ਖਰਚ ਉਸ ਵਿਚੋਂ ਕਢਿਆ ਗਿਆ ਹੈ । ਜੇਕਰ ਗਿਆਨੀ ਜੀ ਵਿਤਕਰੇ ਦੇ ਖਿਲਾਫ ਹਨ ਤਾਂ ਮੈਂ ਉਨ੍ਹਾਂ ਦੀ ਖਿਦਮਤ ਵਿਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਹ ਇਹ ਚੀਜ਼ ਇਕ Select Committee ਦੇ ਸਪੁਰਦ ਕਰਨ ਜੋ ਇਸ ਤੇ ਵਿਚਾਰ ਕਰੇ ਅਤੇ ਜੋ ਵੀ net letting value ਕਢਣ ਵਿਚ ਮੁਜਰਾ ਦਿਤਾ ਜਾਣਾ ਚਾਹੀਦਾ ਹੋਵੇ ਦੇਵੇ । Collection of rent, Income tax, Property Tax, House Tax ਵਗ਼ੈਰਾ ਜੋ ਖਰਚ ਹਨ ਉਹ ਕਢੇ ਜਾਣ । ਜਿਹੜੀ building dilapidated condition ਵਿਚ ਹੋਵੇ ਉਸ ਤੇ ਕੁਝ rebate ਮਿਲੇ । ਇਨ੍ਹਾਂ ਸਾਰੀਆਂ ਚੀਜ਼ਾਂ ਦਾ ਖਿਆਲ ਰਖਿਆ ਜਾਵੇ ਤਾਂ ਇਹ conception ਵਗ਼ੈਰਾ ਵਿਤਕਰੇ ਦੇ ਹੋਵੇਗੀ ਵਰਨਾ ਗਿਆਨੀ ਜੀ ਦੇ ਸਾਰੇ ਵਾਅਦੇ ਵਿਤਕਰਾ ਦੂਰ ਕਰਨ ਦੇ ਥੋਥੇ ਅਤੇ ਖੋਖਲੇ ਹੋਣਗੇ।

ਇਸ ਲਈ ਮੇਰੀ ਅਮੈਂਡਮੈਂਟ ਇਹ ਹੈ ਕਿ ਇਹ ਸਾਰੀਆਂ ਚੀਜ਼ਾਂ ਜੋ ਮੈਂ ਅਰਜ਼ ਕੀਤੀਆਂ ਹਨ ਜੇਕਰ ਇਸ ਵਿਚ ਨਾ ਹੋਣਗੀਆਂ ਤਾਂ ਇਹ ਵਿਤਕਰੇ ਭਰਪੂਰ definition ਰਹਿ ਜਾਵੇਗੀ । ਥੋੜੀ ਨਾਮੁਕੰਮਲ ਅਤੇ ਅਧੂਰੀ ਰਹਿ ਜਾਵੇਗੀ। ਇਸ ਨੂੰ change ਕਰਨ ਦੀ ਲੋੜ ਹੈ ਅਤੇ ਇਹ net assessment ਵਿਚ net letting value ਕਢਣ ਨਾਲ ਹੀ ਪੂਰੀ ਹੋ ਸਕਦੀ ਹੈ । ਇਸ ਲਈ ਮੈਂ ਆਸ ਕਰਦਾ ਹਾਂ ਕਿ ਇਸ ਮੇਰੀ ਤਰਮੀਮ ਨੂੰ ਮੰਨ ਕੇ ਇਸ ਖਲਾ ਨੂੰ ਦੂਰ ਕੀਤਾ ਜਾਵੇ ।

ਚੌਧਰੀ ਬਲਬੀਰ ਸਿੰਘ (ਹੁਸ਼ਿਆਰਪੁਰ ਜਨਰਲ) : ਮੇਰੀ ਇਸ ਕਲਾਜ਼ ਵਿਚ, ਸਪੀਕਰ ਸਾਹਿਬ ਇਕ ਛੋਟੀ ਜਿਹੀ ਤਰਮੀਮ ਹੈ ਕਿ ਜੋ ਟੈਕਸ Local Bodies ਲੈਂਦੇ ਹਨ ਉਹ ਅਤੇ Property Tax ਨੂੰ ਇਸ ਵਿਚੋਂ ਕਢ ਕੇ ਫਿਰ ਟੈਕਸ ਲਗਾਇਆ ਜਾਵੇ । ਆਸ ਹੈ ਇਸ ਨੂੰ ਮਨਜ਼ੂਰ ਕਰ ਲਿਆ ਜਾਵੇਗਾ । ਮੇਰੀ ਤਰਮੀਮ ਇਸ ਤਰ੍ਹਾਂ ਹੈ :—

In part (ii) between "house tax" and ";" *insert* "and property tax and any other taxes imposed by local bodies."

ਸਰਦਾਰ ਉਮਰਾਓ ਸਿੰਘ (ਨਕੋਦਰ, ਜਨਰਲ) : ਸਪੀਕਰ ਸਾਹਿਬ, ਜੋ ਤਰਮੀਮ ਸਰਦਾਰ ਸਰੂਪ ਸਿੰਘ ਵਲੋਂ ਪੇਸ਼ ਕੀਤੀ ਗਈ ਹੈ ਮੈਂ ਇਸ ਦੀ ਵਿਰੋਧਤਾ ਕਰਨ ਲਈ ਖੜੋਤਾ ਹਾਂ । Net assessment ਵਿਚੋਂ ਪਹਿਲਾਂ ਹੀ ਹਰ ਕਿਸਮ ਦੇ ਖਰਚਾਂ ਨੂੰ ਕਟ ਦਿਤਾ ਗਿਆ ਹੈ। Local rate ਤੇ ਹੋਰ ਸਭ ਖਰਚਾਂ ਨੂੰ ਜੋ ਇਸ ਕਿਸਮ ਦੇ ਹਨ ਜਿਨ੍ਹਾਂ ਨੂੰ ਇਸ ਟੈਕਸ ਵਿਚੋਂ ਕਢਿਆ ਨਹੀਂ ਜਾ ਸਕਦਾ ਨਹੀਂ ਕਢੇ ਗਏ ਇਸ ਲਈ ਮੈਂ ਸਮਝਦਾ ਹਾਂ ਕਿ ਇਸ ਵਿਚ ਕੋਈ ਵਿਤਕਰੇ ਵਾਲੀ ਗੱਲ ਨਹੀਂ ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਕਲਾਜ਼ ਨੂੰ

ਜਿਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਉਸੇ ਤਰ੍ਹਾਂ ਪਾਸ ਕਰਨਾ ਚਾਹੀਦਾ ਹੈ ਅਤੇ ਇਹ ਤਰਮੀਮ ਪਰਵਾਨ ਨਹੀਂ ਕੀਤੀ ਜਾਣੀ ਚਾਹੀਦੀ ।

ਸਰਦਾਰ ਦਰਬਾਰਾ ਸਿੰਘ (ਨੂਰਮਹਲ) : ਸਪੀਕਰ ਸਾਹਿਬ, ਮੇਰੀ ਵੀ ਇਕ ਛੋਟੀ ਜਿਹੀ ਤਰਮੀਮ ਇਸ ਕਲਾਜ਼ ਨਃ 2 ਤੇ ਹੈ ਕਿ :—

Between the words "house tax" and sign " ; " insert "and property tax".

ਮੇਰੀ ਅਰਜ਼ ਇਹ ਹੈ ਕਿ House tax ਦੇ ਨਾਲ property tax ਵੀ ਸ਼ਾਮਲ ਕਰ ਲਿਆ ਜਾਵੇ ਇਸ ਨਾਲ ਬੋਝ ਹਲਕਾ ਹੋ ਜਾਂਦਾ ਹੈ ਅਤੇ ਇਹ ਇਕ ਛੋਟੀ ਜਿਹੀ ਤਰਮੀਮ ਹੈ ਜੋ ਸੌਖੇ ਹੀ ਮਨਜ਼ੂਰ ਕੀਤੀ ਜਾ ਸਕਦੀ ਹੈ ।

ਮਾਲ ਮੰਤਰੀ (ਗਿਆਨੀ ਕਰਤਾਰ ਸਿੰਘ) : ਸਪੀਕਰ ਸਾਹਿਬ, ਇਸ ਬਿਲ ਤੇ ਬੋਲਦਿਆਂ ਹੋਇਆਂ ਸਰਦਾਰ ਸਰੂਪ ਸਿੰਘ ਨੇ ਇਹ ਕਿਹਾ ਹੈ ਕਿ ਮੈਂ ਆਪਣੇ ਮਨ ਨੂੰ ਟਟੋਲਾਂ ਅਤੇ ਇਹ ਪਤਾ ਲਗੇਗਾ ਕਿ ਇਸ ਰਾਹੀਂ ਕੋਈ ਵਿਤਕਰਾ ਕੀਤਾ ਗਿਆ ਹੈ ਇਸ ਦਾ ਭਾਵ ਇਹ ਹੈ ਕਿ ਮੇਰੇ ਮਨ ਵਿਚ ਕਿਸੇ ਲਈ ਵਿਤਕਰਾ ਹੈ। ਮੈਂ ਤਾਂ ਇਕ humble ਆਦਮੀ ਹਾਂ ਅਤੇ ਕੰਮ ਕਰਨ ਵਿਚ ਗਲਤੀਆਂ ਵੀ ਹੋ ਸਕਦੀਆਂ ਹਨ ਅਤੇ ਸ਼ਾਇਦ ਕਿਤੇ ਵਿਤਕਰਾ ਵੀ ਮੇਰੇ ਵੀਰ ਨੂੰ ਵਿਖਾਈ ਦਿਤਾ ਹੋਵੇ ਇਸ ਲਈ ਮੈਂ ਇਹੋ ਹੀ ਕਹਿਣਾ ਚਾਹੁੰਦਾ ਹਾਂ ਕਿ ਜੋ ਉਨ੍ਹਾਂ ਨੇ ਮੈਨੂੰ ਸਿਖਿਆ ਦਿਤੀ ਹੈ ਮੈਂ ਉਸ ਨੂੰ ਆਪਣੇ ਮਨ ਵਿਚ ਥਾਂ ਦੇਵਾਂਗਾ ਅਤੇ ਚਾਰਾ ਕਰਾਂਗਾ ਇਸ ਗੱਲ ਦਾ ਕਿ ਉਨ੍ਹਾਂ ਤੇ ਪੂਰਾ ਉਤਰਾਂ ।

ਜਿਥੋਂ ਤਕ ਇਸ ਟੈਕਸ ਦੇ ਲਗਾਏ ਜਾਣ ਦਾ ਸਵਾਲ ਹੈ ਸਾਰਾ ਰੁਪਿਆ ਸਰਕਾਰੀ ਖਜ਼ਾਨੇ ਵਿਚ ਜਾਣਾ ਹੈ ਇਸ ਲਈ ਇਸ ਰਕਮ ਵਿਚੋਂ ਆਸਾਨੀ ਨਾਲ ਕੁਝ ਨਹੀਂ ਛਡਿਆ ਜਾ ਸਕਦਾ । ਇਸ ਵਿਚੋਂ ਕੁਝ ਵੀ ਨਹੀਂ ਛਡਿਆ ਜਾਪਦਾ । Water rate ਦੀ net assessment ਅਤੇ Local rate ਵੀ ਨਹੀਂ ਛਡੇ ਗਏ ਅਤੇ ਇਥੋਂ ਤਕ ਕਿ ਮੈਂ ਸਮਝਦਾ ਹਾਂ ਕਿ ਹਾਲਾ ਵੀ ਨਹੀਂ ਛਡਿਆ ਗਿਆ ਜਾਪਦਾ । ਜੇਕਰ ਇਕ ਬੰਨੇ ਇਸ ਤਰ੍ਹਾਂ ਦੀ ਕਰੜਾਈ ਹੈ ਤਾਂ ਅਸੀਂ ਦੂਜੇ ਬੰਨੇ ਕਿਸ ਤਰ੍ਹਾਂ ਕੋਈ ਚੀਜ਼ ਛਡ ਸਕਦੇ ਹਾਂ । ਫਿਰ ਜਿਥੇ ਇਸ ਤਰ੍ਹਾਂ ਹਾਲਾ ਲਗਾਇਆ ਜਾਂਦਾ ਹੈ ਉਥੇ ਸ਼ਹਿਰਾਂ ਵਿਚ 240 ਰੁਪਏ ਤਕ ਜਿਸ ਜਾਇਦਾਦ ਦੀ rental value ਹੈ ਉਸ ਨੂੰ ਛਡ ਕੇ ਹਾਲਾ ਲਗੇਗਾ ਅਤੇ ਫਿਰ property tax ਵੀ ਕਢ ਦਿਤਾ ਗਿਆ ਹੈ ਅਤੇ ਇਸ ਤਰ੍ਹਾਂ ਟੈਕਸ ਲਗਣ ਨਾਲ property tax ਘਟ ਜਾਵੇਗਾ । ਇਸ ਦੇ ਬਾਵਜੂਦ ਵੀ ਕਿਉਂਕਿ ਅਸੀਂ ਇਕ ਨਵੀਂ ਚੀਜ਼ ਚਾਲੂ ਕਰਨ ਲਗੇ ਹਾਂ ਇਸ ਲਈ ਸਰਕਾਰ ਵਾਸਤੇ ਚਾਹੀਦਾ ਹੈ ਕਿ ਸਹਿੰਦਾ ਸਹਿੰਦਾ ਬੋਝ ਲੋਕਾਂ ਤੇ ਪਾਇਆ ਜਾਵੇ ਤਾਂ ਜੋ ਉਹ ਇਸ ਨੂੰ ਉਠਾ ਸਕਣ। ਇਸ ਲਈ House tax ਦੇ ਨਾਲ ਨਾਲ ਨਾਲ Property tax ਦੀ ਮਿਨਹਾਈ ਦਿਤੀ ਜਾਵੇਗੀ । ਇਸ ਲਈ ਮੈਂ ਸਰਦਾਰ ਸਰੂਪ ਸਿੰਘ ਦੀ ਤਰਮੀਮ ਨਹੀਂ ਮੰਨ ਸਕਦਾ ਪਰ ਸ਼੍ਰੀ ਰਾਮ ਪਿਆਰਾ ਅਤੇ ਸਰਦਾਰ ਦਰਬਾਰਾ ਸਿੰਘ ਵਲੋਂ ਜੋ ਤਰਮੀਮ ਕੀਤੀ ਗਈ ਹੈ ਉਸ ਨੂੰ ਮਨਜ਼ੂਰ ਕਰਦਾ ਹਾਂ। (ਪ੍ਰਸੰਸਾ)

Mr. Speaker : Question is—

In the proposed clause (18-A), sub-clause (ii), after "house tax", *add* "property tax".

The motion was carried.

Mr. Speaker : Question is—

In the proposed clause (18-A), sub-clause (ii), after "house tax", *add* "property tax and income tax payable on the rental value".

The motion was lost.

Mr. Speaker : Question is—

In the proposed clause (18-A), sub-clause (ii), *delete* the word "and".

The motion was lost.

Mr. Speaker : Question is—

In the proposed clause (18-A), after sub-clause (iii), *add* the following sub-clauses—

"(iv) property tax levied by the State Government ;

(v) income-tax, surcharges thereon and super-tax if income from the property is assessed, with a view to such taxes ;

(vi) special abatement if the property remains vacant or is in a dilapidated condition ;

(vii) cost of production of rent in the case of factory ;

(viii) interest charges if the property is built after procuring a loan for the purpose ;

(ix) cost of collection of rent ; and

(x) such other taxes which are imposed by the local bodies."

The motion was lost.

Mr. Speaker : Question is—

In part (ii) between the words "house tax" and sign ";" *insert* "and property tax".

The motion was lost.

Mr. Speaker : Question is—

After part (iii), *add*—

"(iv) any other taxes imposed by local bodies ;

(v) amount spent on collection of rent".

The motion was lost.

Mr. Speaker : Question is—

At the end of part (i), *add*—

'or land under building or a vacant plot in a town site with net letting value not exceeding Rs 600 a year."

The motion was lost.

Mr. Speaker : Question is—

In part (ii) between "house tax" and ";" *insert* "and property tax and any other taxes imposed by local bodies".

The motion was lost

Mr. Speaker : Amendment No. 54 is redundant and will not be put to the vote of the House.

Mr. Speaker : Question is—

That Clause 2, as amended, stand part of the Bill.

The Assembly divided.

AYES	..	36
NOES	..	5

The motion was declared carried.

AYES

1. Abdul Ghaffar Khan, Khan.
2. Abdul Ghani Dar, Maulvi.
3. Atma Singh, Sardar.
4. Balwant Singh, Sardar.
5. Bhupinder Singh, Sardar.
6. Chambel Singh, Chaudhri.
7. Darbara Singh, Sardar.
8. Dev Dutt Puri, Shri.
9. Gurbachan Singh Bajwa, Sardar.
10. Gurbanta Singh, Sardar.
11. Gurmit Singh 'Mit', Sardar.
12. Hans Raj Sharma, Shri.
13. Harbhagwan Maudgil, Shri.
14. Harcharan Singh, Sardar (Muktsar).
15. Jasdev Singh Sandhu, Sardar.
16. Kartar Singh Dewana, Sardar.
17. Kartar Singh, Gyani.
18. Lahri Singh, Chaudhri.
19. Mehar Singh, Sardar.
20. Multan Singh, Shri.

[Mr Speaker]

21. Narain Singh, Sardar.
22. Niranjan Singh Talib, Sardar.
23. Parma Nand, Dr.
24. Partap Singh, Master.
25. Prem Singh 'Prem', Sardar.
26. Pritam Singh Sahoke, Sardar.
27. Rajinder Singh, Sardar.
28. Rala Ram, Shri.
29. Ram Chandra, Comrade.
30. Ram Dayal Singh, Sardar.
31. Ram Piara, Shri.
32. Roshan Lal, Shri.
33. Saneh Lata, Shrimati.
34. Sarup Singh, Sardar.
35. Suraj Mal, Chaudhri.
36. Umrao Singh, Shri.

NOES

1. Balbir Singh, Chaudhri.
2. Baldev Parkash, Dr.
3. Balram Das Tandon, Shri.
4. Bharat Singh, Shri.
5. Jagdish Kaur, Kanwarani.

CLAUSE 3

Mr. Speaker : Now Clause 3 is before the House.

ਸਰਦਾਰ ਸਰੂਪ ਸਿੰਘ (ਅੰਮ੍ਰਿਤਸਰ ਸ਼ਹਿਰ, ਸਿਵਲ ਲਾਈਨਜ਼) : ਸਪੀਕਰ ਸਾਹਿਬ, ਮੈਂ ਕਲਾਜ਼ ਬਾਰੇ ਕੁਝ ਅਰਜ਼ ਕਰਨੀ ਚਾਹੁੰਦਾ ਹਾਂ ... ...

Mr. Speaker : Now the House stands adjourned.

(*The Sabha then adjourned till* 2 *p.m., on Monday, the* 31*st March*, 1958.)

771 PVS—344—6-5-59—C.,P. and S., Pb., Chandigarh

Punjab Vidhan Sabha Debates

31st March, 1958

Vol. I—No. 30

OFFICIAL REPORT

CONTENTS

Monday, 31st March, 1958

CHANDIGARH:
Printed by the Controller, Printing and Stationery, Punjab
1959

Price : Re 3.25 nP

ERRATA

PUNJAB VIDHAN SABHA DEBATE, VOL. I, No. 30, DATED 31ST MARCH, 1958.

Read	*for*	*on page*	*line*
ਜ਼ਰਾਇਤ ਅਤੇ ਜੰਗਲਾਤ ਮੰਤਰੀ	ਜ਼ਰਾਇਤ ਅਤੇ ਜੰਗਲਾਤ ਮੰਤ੍ਰੀ	(30)4	7th from below.
acres	areas	(30)20	3rd in column 4.
mortgage	mortagage	(30)26	2
machinery	machincy	(30)39	10
like	tlike	(30)40	26
Ram Chandra	Ram Chadra	(30)43	7
कहना	कना	(30)43	8
the alleged	alleged the	(30)44	8
his	hi	(30)47	7th from below.
Central	Centra	(30)49	24
ਹਾਲਾ	ਰਾਲਾ	(30)51	8th from below.
ਹੁਸ਼ਿਆਰਪੁਰ	ਸ਼ੁਸਿਆਰਪੁਰ	(30)65	7th from below.
that	tha	(30)69	10th from below.
value	va ue	(30)73	2

PUNJAB VIDHAN SABHA

Monday, 31st March, 1958

The Vidhan Sabha met in the Assembly Hall, Sector 10, Chandigarh Capital, at 2-00 P.M. of the clock. Mr. Speaker (Sardar Gurdial Singh Dhillon) in the Chair.

STARRED QUESTIONS AND ANSWERS

BILLS FOR ELECTRIC ENERGY SUPPLIED IN CHANDIGARH CAPITAL

***2007. Sardar Niranjan Singh Talib :** Will the Minister for Irrigation and Power be pleased to state whether monthly bills for the supplies of electric energy in Chandigarh Capital are being sent regularly to the consumers ; if not, the reasons therefor ?

Sardar Gian Singh Rarewala : The bills for electric energy charges in the town of Chandigarh Capital are being sent to the consumers regularly, as far as possible.

TUBE-WELLS ENERGISED IN VILLAGE HARIPURA, DISTRICT SANGRUR

***2015. Comrade Ram Chandra :** Will the Minister for Irrigation and Power be pleased to state the number of tube-wells in village Haripura about fifteen miles from Kaithal, district Karnal and the expenditure incurred on energising them ?

Sardar Gian Singh Rarewala : No tube-well has so far been energised in the village Haripura tehsil Narwana, district Sangrur. As such the question of incurring any expenditure on energisation of tube-wells under reference does not arise.

TAKING OVER BY GOVERNMENT OF SCHOOLS MANAGED BY LOCAL BODIES IN THE STATE

***1564. Sardar Rajinder Singh :** Will the Minister for Education and Labour be pleased to state —

(a) the total number of High, Middle and Primary Schools which were under the management of the Local Bodies in the State immediately before they were taken over by Government ;

(b) the total expenditure involved in the taking over institutions referred to in part (a) above ;

(c) whether there are any educational institutions still under the management of the Local Bodies in the Patiala Division if so, their number ?

Shri Amar Nath Vidyalankar :

(a) (i) High—323.

(ii) Middle—780.

(iii) Primary—9126.

(iv) Special (Training),—1

Total—10,230.

[Minister for Education and Labour]

(b) Rs 2,20,57,840 for the period from the 1st October, 1957 to the 31st March, 1958.

(c) Yes, there are still 9 educational institutions under the management of the Local Bodies in the Patiala Division.

ਸਰਦਾਰ ਰਾਜਿੰਦਰ ਸਿੰਘ : ਜਿਹੜੇ Patiala Division ਦੇ local bodies ਦੇ ਸਕੂਲ ਹਨ ਉਨ੍ਹਾਂ ਨੂੰ ਸਰਕਾਰ ਕਦ ਤਕ ਲੈ ਲਏਗੀ ?

ਉਪ ਮੰਤਰੀ (ਸ਼੍ਰੀ ਹਰਬੰਸ ਲਾਲ) : ਇਸ ਦਾ ਜਲਦੀ ਹੀ ਫੈਸਲਾ ਹੋ ਜਾਏਗਾ ।

ਸਰਦਾਰ ਰਾਮ ਦਿਆਲ ਸਿੰਘ : ਮੈਂ ਪੁਛਣਾ ਚਾਹੁੰਦਾ ਹਾਂ ਕਿ local bodies ਦੇ schools take over ਕਰਨ ਤੋਂ ਬਾਅਦ ਦੀ Government ਨੇ local bodies ਨੂੰ funds ਦੇਣ ਲਈ request ਕੀਤੀ ਹੈ ?

ਉਪ ਮੰਤ੍ਰੀ : ਹਾਂ ਜੀ ਜਿਤਨਾ ਰੁਪਿਆ ਉਹ ਪਹਿਲੇ ਖਰਚ ਕਰਦੇ ਹੁੰਦੇ ਸਨ ਅਸੀਂ ਉਨ੍ਹਾਂ ਕੋਲੋਂ ਉਤਨਾ ਰੁਪਿਆ ਮੰਗਿਆ ਹੈ ।

ਸਰਦਾਰ ਰਾਮ ਦਿਆਲ ਸਿੰਘ : ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਕੁਝ ਐਸੀਆਂ local bodies ਵੀ ਹਨ ਜਿਨ੍ਹਾਂ ਨੇ ਇਹ ਆਖਿਆ ਹੋਵੇ ਕਿ ਅਸੀਂ ਨਹੀਂ ਦੇ ਸਕਦੇ ?

ਉਪ ਮੰਤ੍ਰੀ : ਜੀ ਹਾਂ ਕੁਛ ਐਸੀਆਂ local bodies ਹਨ ਜਿਨ੍ਹਾਂ ਨੇ ਇਨਕਾਰ ਕੀਤਾ ਹੈ । ਇਸ ਚੀਜ਼ ਤੇ ਗੌਰ ਹੋ ਰਹੀ ਹੈ ਕਿ ਕੀ ਕਾਰਵਾਈ ਕੀਤੀ ਜਾਵੇ ।

ਸਰਦਾਰ ਆਤਮਾ ਸਿੰਘ : ਮੈਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਪੰਜਾਬ ਸਰਕਾਰ ਨੇ ਪੰਜਾਬ ਦੀਆਂ local bodies ਦੇ ਸਕੂਲ ਲਏ ਸੀ ਤਾਂ ਕੀ ਵਜਾਹ ਹੈ ਕਿ Pepsu Local Bodies ਦੇ ਸਕੂਲ ਨਹੀਂ ਲਏ ਗਏ ?

ਉਪ ਮੰਤਰੀ : ਉਸ ਵੇਲੇ ਤਾਂ ਸਿਰਫ ਅੰਬਾਲਾ ਔਰ ਜਾਲੰਧਰ ਡਿਵੀਜ਼ਨ ਦੇ ਸਕੂਲਾਂ ਨੂੰ take over ਕਰਨ ਦਾ ਸਵਾਲ ਸੀ ।

ਸਰਦਾਰ ਆਤਮਾ ਸਿੰਘ : ਮੈਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਪੰਜਾਬ ਸਰਕਾਰ ਨੇ local bodies ਦੇ schools ਲਏ ਸੀ ਕੀ ਉਸ ਵੇਲੇ ਪਟਿਆਲਾ Division ਪੰਜਾਬ ਦਾ ਹਿੱਸਾ ਬਣ ਚੁੱਕਾ ਸੀ ਕਿ ਨਹੀਂ ?

Mr. Speaker : He has clearly stated that the case of only two Divisions was under consideration.

ਚੌਧਰੀ ਬਲਬੀਰ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ Patiala Division under consideration ਕਿਉਂ ਨਹੀਂ ਸੀ ?

ਉਪ ਮੰਤਰੀ : ਜਦੋਂ local bodies ਦੇ ਸਕੂਲਾਂ ਨੂੰ ਲੈਣ ਦਾ ਸਵਾਲ ਪੈਦਾ ਹੋਇਆ ਸੀ ਉਸ ਵੇਲੇ ਪੈਪਸੂ ਅਤੇ ਪੰਜਾਬ merge ਨਹੀਂ ਸੀ ਹੋਏ । ਇਸ ਵਾਸਤੇ Jullundur Division ਔਰ ਅੰਬਾਲਾ Division ਦੀਆਂ local bodies ਦੇ ਸਕੂਲਾਂ ਨੂੰ ਹੀ ਲੈਣ ਦਾ ਮਸਲਾ ਚਲ ਰਿਹਾ ਸੀ ।

ਸਰਦਾਰ ਰਾਮ ਦਿਆਲ ਸਿੰਘ: ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਕਈਆਂ local bodies ਨੇ ਪੈਸੇ ਇਕੱਠੇ ਕਰਨ ਤੋਂ ਇਨਕਾਰ ਕੀਤਾ ਹੈ ਔਰ ਉਸ ਦੇ ਉਤੇ ਗੌਰ ਹੋ ਰਹੀ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਗੌਰਮੈਂਟ ਉਨ੍ਹਾਂ ਨੂੰ ਪੈਸੇ ਦੇਣ ਲਈ compel ਕਰੇਗੀ ਜਾਂ ਉਨ੍ਹਾਂ ਨੂੰ ਛਡ ਦਿੱਤਾ ਜਾਵੇਗਾ ?

ਉਪ ਮੰਤ੍ਰੀ: ਸਾਡੇ ਕੋਲ ਅਜੇ ਤਕ ਕੋਈ ਐਸਾ ਕਾਨੂੰਨ ਨਹੀਂ ਹੈ ਕਿ ਅਗਰ ਕੋਈ local body ਪੈਸੇ ਦੇਣ ਤੋਂ ਇਨਕਾਰ ਕਰ ਦੇਵੇ ਤਾਂ ਉਸ ਨੂੰ ਪੈਸੇ ਦੇਣ ਲਈ ਮਜ਼ਬੂਰ ਕੀਤਾ ਜਾ ਸਕੇ। ਇਸ ਵਾਸਤੇ ਜੋ ਕੁਝ Local Bodies Act ਦੇ ਤਹਿਤ possible ਹੋ ਸਕੇਗਾ ਉਸ ਦੇ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ।

SCALE OF PAY OF B. T. AND B. Ed. TEACHERS

*2056. **Sardar Prem Singh 'Prem'** : Will the Minister for Ecucation and Labour be pleased to state—

(a) the number of B. T. and B. Ed. teachers of the erstwhile Pepsu State getting the grade of pay of untrained teachers in Government institutions so far ;

(b) whether there is any proposal under the consideration of Government to give the grade of B. T. and B. Ed. teachers to the persons referred to in part (a) above

Shri Amar Nath Vidyalankar : (a) There are certain teachers working in. the grade of Rs 60—120, who have improved their qualifications by passing B. T. and B. Ed. Examinations. The number of such teachers is 105 and 28, respectively.

(b) No, these teachers were employed by the erstwhile Pepsu against the posts of Junior Teachers and they are getting the emoluments of the posts against which they were appointed. Appointments to the posts of B. T. masters are made on the recommendations of the Subordinate Services Selection Board, Punjab. These teachers are at liberty to compete on merit with other applicants when posts of masters are advertised by the Board.

HAMIRA SUGAR MILL

*1269. **Sardar Atma Singh** : Will the Minister for Agriculture and Forests be pleased to state :

(a) whether Government has received any communication from the management of the Hamira Sugar Mills intimating that the Mill would not be working during the ensuing cane crushing season, if so, the date of receipt thereof ;

(b) the steps, if any, proposed to be taken by Government either to keep the Mill running or for crushing the Sugarcane ;

(c) the total amount of interest already realised on the debentures advanced to the said Mill, together with the amount, if any, in arrears and the steps being taken for its realisation ;

[Sardar Atma Singh]

(d) whether the agreement made between the Government and the management of the Mills has been examined by Government ; if so, the steps taken to safeguard the interests of the Cane-Growers?

Sardar Gurbanta Singh : (a) Yes. On 23rd August, 1957.

(b) Consequent upon the technical advice of the Government of India that the machinery of the Mills cannot be overhauled and repaired before the end of January, 1958, the available cane in Hamira Sugar Factory area has since been diverted to the neighbouring sugar factories at Bhogpur and Phagwara.

(c) A sum of Rs 1,29,306·76 as interest has since been realised and for the balance of Rs 1,20,000 as it stood on 31st December, 1957, the company has been addressed to pay it failing which necessary steps will be taken against that company.

(d) (i) Yes. No action could be legally taken against the management of the said Mills for closure of their Mills during the crushing season 1957-58.

(ii) As given in part (b) above.

ਸਰਦਾਰ ਆਤਮਾ ਸਿੰਘ: ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਤਨਾ ਗੰਨਾ ਹਮੀਰਾ ਮਿਲ ਨੇ ਪਿਛਲੇ ਸਾਲ crush ਕੀਤਾ ਸੀ ਉਤਨਾ ਗੰਨਾ ਭੋਗਪੁਰ ਮਿਲ ਵਿਚ crush ਕਰਨ ਦਾ ਇੰਤਜ਼ਾਮ ਕੀਤਾ ਗਿਆ ਹੈ ?

ਮੁਖ ਮੰਤ੍ਰੀ: ਨਹੀਂ ਜੀ, ਉਨਾਂ ਕਿਸ ਤਰ੍ਹਾਂ ਹੋ ਸਕਦਾ ਹੈ । ਗੰਨਾ divide ਹੋ ਜਾਂਦਾ ਹੈ । ਕੁਛ ਫਗਵਾੜੇ ਚਲਾ ਜਾਂਦਾ ਹੈ ਔਰ ਕੁਝ ਭੋਗਪੁਰ ਚਲਾ ਜਾਂਦਾ ਹੈ ।

ਸਰਦਾਰ ਆਤਮਾ ਸਿੰਘ : ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਗੱਲ ਠੀਕ ਹੈ ਕਿ ਭੋਗਪੁਰ ਮਿਲ ਵਾਲਿਆਂ ਨੇ ਹੁਣ ਤਕ ਬਿਲਾਂ ਦੀ payment ਨਹੀਂ ਕੀਤੀ ?

Mr. Speaker : This question does not arise.

ਸਰਦਾਰ ਆਤਮਾ ਸਿੰਘ: ਵਜ਼ੀਰ ਸਾਹਿਬ ਨੇ ਦਸਿਆ ਹੈ ਕਿ 1,20,000 ਰੁਪਿਆ ਸੂਦ ਦਾ ਅਜੇ company ਵੱਲ ਬਕਾਇਆ ਰਹਿੰਦਾ ਹੈ । ਕੀ ਮੈਂ ਪੁਛ ਸਕਦਾ ਹਾਂ ਕਿ ਇਹ ਰਕਮ recover ਕਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ?

ਜ਼ਰਾਇਤ ਅਤੇ ਜ਼ੰਗਲਾਤ ਮੰਤ੍ਰੀ: ਅਸੀਂ agreement examine ਕਰਵਾ ਰਹੇ ਹਾਂ ਉਸ ਦੇ ਬਾਅਦ ਜੋ ਮੁਨਾਸਬ ਕਾਰਵਾਈ ਹੋਵੇਗੀ ਕੀਤੀ ਜਾਵੇਗੀ ।

ਸਰਦਾਰ ਆਤਮਾ ਸਿੰਘ : ਜਨਾਬ ਸਪੀਕਰ ਸਾਹਿਬ, ਜਦੋਂ 20 ਲਖ ਰੁਪਿਆ ਹਮੀਰਾ ਮਿਲ ਵਾਲਿਆਂ ਨੂੰ ਦਿੱਤਾ ਗਿਆ ਸੀ ਤਾਂ ਉਹਦੇ ਲਈ ਸ਼ਰਤ ਇਹ ਸੀ ਕਿ ਉਹ ਉਥੇ Mill ਚਲਾਉਣਗੇ । ਪਰ ਹੁਣ ਉਹ Mill ਬੰਦ ਪਈ ਹੈ ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਜ਼ਮੀਦਾਰ ਉਥੇ ਗੰਨਾ ਪੈਦਾ ਕਰਦੇ ਹਨ ਉਨ੍ਹਾਂ ਦੇ interest ਨੂੰ safe ਕਰਨ ਲਈ Government ਨੇ ਕੀ ਕਾਰਵਾਈ ਕੀਤੀ ਹੈ ?

ਮੰਤ੍ਰੀ : ਅਸੀਂ Government of India ਤੋਂ technical advice ਲਈ ਹੈ । ਉਨ੍ਹਾਂ ਨੇ ਦਸਿਆ ਸੀ ਕਿ mill ਦੀ machinery January, 1958 ਤੋਂ ਪਹਿਲੇ overhaul ਨਹੀਂ ਸੀ ਹੋ ਸਕਦੀ। ਇਸ ਵਜਾਹ ਕਰਕੇ ਅਸੀਂ ਕੋਈ legal action ਨਹੀਂ ਸੀ ਲੈ ਸਕਦੇ ।

ਸਰਦਾਰ ਆਤਮਾ ਸਿੰਘ : ਮੈਂ ਪੁਛਣਾ ਚਾਹੁੰਦਾ ਹਾਂ ਕਿ 20 ਲੱਖ ਰੁਪਏ ਦੇ debentures ਦੇਣ ਵੇਲੇ ਜਿਹੜੀਆਂ ਸ਼ਰਤਾਂ ਰਖੀਆਂ ਗਈਆਂ ਸਨ ਉਨ੍ਹਾਂ ਤੇ ਅਮਲ ਨਾ ਹੋਣ ਦੀ ਸੂਰਤ ਵਿਚ Government ਨੇ ਕੋਈ legal ਕਾਰਵਾਈ ਕੀਤੀ ਹੈ?

ਮੰਤ੍ਰੀ : ਗੱਲ ਇਹ ਹੈ ਜੀ, ਅਗਰ ਕੋਈ ਮੋਟਰ ਚਲਦੀ ਚਲਦੀ ਖਲੋ ਜਾਵੇ ਤਾਂ ਉਸ ਦੇ ਵਿਚ ਕੀ ਕੀਤਾ ਜਾ ਸਕਦਾ ਹੈ। ਮੈਂ ਪਹਿਲੇ ਵੀ ਦਸ ਚੁੱਕਾ ਹਾਂ ਕਿ Mill ਖਰਾਬ ਹੋ ਗਈ ਸੀ ਔਰ ਜਲਦੀ overhaul ਨਹੀਂ ਸੀ ਹੋ ਸਕਦੀ ਇਸ ਵਾਸਤੇ ਮਜਬੂਰੀ ਤੌਰ ਤੇ ਬੰਦ ਪਈ ਰਹੀ ਸੀ ।

ਸਰਦਾਰ ਆਤਮਾ ਸਿੰਘ : ਕੀ ਵਜ਼ੀਰ ਸਾੱਹਿਬ ਦਸਣਗੇ ਕਿ ਹੁਣ Mill ਦੀ ਕੀ ਹਾਲਤ ਹੈ ਔਰ ਅਗਲੇ ਸਾਲ ਚਲਾਉਣ ਲਈ ਕੀ ਕਾਰਵਾਈ ਕੀਤੀ ਗਈ ਹੈ ?

ਮੰਤਰੀ : ਅਸੀਂ ਆਖਿਆ ਹੈ ਕਿ Cane-growers Co-operative Society ਬਣਾ ਲੈਣ। ਅਸੀਂ ਉਹ mill ਉਨ੍ਹਾਂ ਦੇ ਸਪੁਰਦ ਕਰ ਦਿਆਂਗੇ । ਉਹ ਬੇਸ਼ਕ ਚਲਾ ਲੈਣ।

ਸਰਦਾਰ ਆਤਮਾ ਸਿੰਘ : ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਅਸੀਂ ਇਸਨੂੰ ਕਿਸਾਨਾਂ ਦੇ ਹਵਾਲੇ ਕਰ ਦੇਵਾਂਗਾ । ਕੀ ਮੈਂ ਪੁਛ ਸਕਦਾ ਹਾਂ ਕਿ ਕਿਸਾਨਾਂ ਨੂੰ ਉਹੀ ਪੁਰਾਣੀ machinery ਦੇਣਗੇ ਜਾਂ ਨਵੀਂ ਲੈਕੇ ਦੇਣ ਗੇ ?

ਮੰਤਰੀ : ਇਸ ਵਕਤ ਤਾਂ ਸਾਡੇ ਪਾਸ ਉਹੀ ਪੁਰਾਣੀ ਮਸ਼ੀਨਰੀ ਹੈ । ਨਵੀਂ ਮੰਗਵਾਉਣ ਵਿਚ ਤਾਂ ਪੰਜ ਚਾਰ ਸਾਲ ਲਗ ਜਾਂਦੇ ਹਨ ਅਤੇ ਸ਼ਾਇਦ ਇਹ ਬਾਹਰੋਂ ਅਜੇ ਮੰਗਵਾਈ ਵੀ ਨਾ ਜਾ ਸਕੇ ।

ਸਰਦਾਰ ਦਰਬਾਰਾ ਸਿੰਘ : ਜੋ ਫੈਸਲਾ Hamira Sugar Mill area ਦੀ cane crushing ਦਾ ਭੋਗਪੁਰ ਤੇ ਫਗਵਾੜਾ ਲਈ ਕੀਤਾ ਗਿਆ ਸੀ ਉਹ ਕਦੋਂ ਤੋਂ implement ਹੋਇਆ ਹੈ ?

ਮੰਤਰੀ : Implement ਹੋ ਗਿਆ ਹੈ ਪਰ ਇਸ ਵੇਲੇ ਮੈਂ ਇਹ ਨਹੀਂ ਦਸ ਸਕਦਾ ਕਿ ਕਦੋਂ ਤੋਂ ਹੋਇਆ ਹੈ ।

ਸਰਦਾਰ ਦਰਬਾਰਾ ਸਿੰਘ : ਕੀ ਇਹ ਠੀਕ ਹੈ ਕਿ ਪਿਛਲੇ ਚਾਰ ਪੰਜ ਦਿਨਾਂ ਤੋਂ ਇਹ implement ਨਹੀਂ ਹੋ ਰਿਹਾ ਹੈ ?

Mr. Speaker: It does not arise.

ਚੌਧਰੀ ਬਲਬੀਰ ਸਿੰਘ : ਵਜ਼ੀਰ ਸਾਹਿਬ ਨੇ ਪਹਿਲਾਂ ਇਕ ਸਵਾਲ ਦੇ ਜਵਾਬ ਵਿਚ ਦਸਿਆ ਸੀ ਕਿ ਗੰਨੇ ਦੀ ਘਟੀਆ quality ਹੋਣ ਦੀ ਵਜਾਹ ਕਰਕੇ ਉਹ ਚਾਲੂ ਨਹੀਂ ਕੀਤੀ ਗਈ ਹੈ, ਪਰ ਅਜ ਕਿਹਾ ਗਿਆ ਹੈ ਕਿ ਮਸ਼ੀਨਰੀ ਦੀ overhauling ਦੀ ਵਜਾਹ ਕਰਕੇ ਉਸਨੂੰ ਚਾਲੂ ਨਹੀਂ ਕੀਤਾ ਜਾ ਰਿਹਾ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੋਵ੍ਹਾਂ ਵਿਚੋਂ ਕਿਹੜਾ ਜਵਾਬ ਸਹੀ ਹੈ ?

ਮੁਖ ਮੰਤਰੀ : ਤੁਸੀਂ ਵੀ ਦਸੋ ਕਿ ਕਦੋਂ ਇਹ ਜਵਾਬ ਦਿੱਤਾ ਸੀ ? (ਹਾਸਾ)

LEASE OF CHIL FORESTS IN ERSTWHILE PEPSU STATE

***1270. Sardar Atma Singh** : Will the Minister for Agriculture and Forests be pleased to state—

(a) the name of the contractor to whom the erstwhile Pepsu Government leased out chil forests of Kandaghat Sub-Division during the years 1954-55 and 1955-56, with the terms of lease etc. ;

(b) whether any quotations were invited ; if so, from whom and the details thereof ;

(c) whether it is a fact that the said forests were leased out at low rates, if so, the reasons therefor ?

Sardar Gurbanta Singh : (a) Not leased but publicly auctioned.

(b) No, as the auction was made publicly.

(c) Does not arise.

ਸਰਦਾਰ ਆਤਮਾ ਸਿੰਘ : ਮੈਨੂੰ ਮੁਕੱਮਲ ਜਵਾਬ ਨਹੀਂ ਮਿਲਿਆ ਹੈ, ਮੈਂ ਠੇਕੇਦਾਰਾਂ ਦੇ ਨਾਮ ਵੀ ਪੁਛੇ ਹਨ ਪਰ ਉਹ ਨਹੀਂ ਦਸੇ ਗਏ ।

ਮੰਤਰੀ : ਉਹ ਤਾਂ ਬਹੁਤ ਸਾਰੇ ਹਨ । ਕੋਈ 25, 30 ਨਾਮ ਹਨ ।

ਸਰਦਾਰ ਆਤਮਾ ਸਿੰਘ : ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ public auction ਕੀਤੀ ਗਈ ਹੈ । ਕੀ ਮੈਂ ਪੁਛ ਸਕਦਾ ਹਾਂ ਕਿ ਉਸ auction ਵਿਚ ਕਿਸ ਕਿਸ ਆਦਮੀ ਨੇ ਹਿੱਸਾ ਲਿਆ ਹੈ ?

अध्यक्ष महोदय : वह कहेंगे कि ज़ो आया उसन हिस्सा लिया यह सवाल पैंदा नहीं होता है (He would say that whosoever came there took part in it. This question does not arise.)

ਸਰਦਾਰ ਆਤਮਾ ਸਿੰਘ : ਉਹ ਜੋ ਜੰਗਲਾਤ ਹਨ ਉਹ ਠੇਕੇ ਤੇ ਦਿੱਤੇ ਗਏ ਹਨ ਜਾਂ ਨੀਲਾਮ ਕੀਤੇ ਗਏ ਹਨ ? ਕਿਹੜੇ ਕਿਹੜੇ ਆਦਮੀ ਹਨ ਜਿਨ੍ਹਾਂ ਨੇ ਉਸ ਨੀਲਾਮੀ ਵਿਚ ਹਿੱਸਾ ਲਿਆ ? ਮੇਰਾ ਮਤਲਬ ਹੈ ਕਿਸ ਕਿਸ ਨੇ ਬੋਲੀ ਦਿੱਤੀ ?

ਮੰਤਰੀ : ਨੀਲਾਮੀ ਕੀਤੀ ਗਈ ਹੈ । ਇਕ ਇਕ ਨੀਲਾਮੀ ਵਿਚ ਬਹੁਤ ਸਾਰੇ ਆਦਮੀ ਬੋਲੀ ਦੇ ਦਿੰਦੇ ਹਨ ਉਨ੍ਹਾਂ ਸਾਰਿਆਂ ਦੇ ਨਾਮ ਕਿਵੇਂ ਦਸ ਸਕਦੇ ਹਾਂ ?

अध्यक्ष महोदय : वह पूछना चाहते हैं किस किस ने बोली में हिस्सा लिया ? (The hon. Member wants to know the names of the persons who offered bids there ?)

ਮੰਤਰੀ : ਇਸਦੇ ਲਈ ਤਾਂ ਜੀ notice ਚਾਹੀਦਾ ਹੈ।

ਸਰਦਾਰ ਆਤਮਾ ਸਿੰਘ : ਕੀ ਇਹ ਠੀਕ ਹੈ ਕਿ ਇਕ ਐਸੇ ਠੇਕੇਦਾਰ ਨੂੰ ਜਿਸਦੀ ਬੋਲੀ ਸਭ ਤੋਂ ਜ਼ਿਆਦਾ ਸੀ ਠੇਕਾ ਨਹੀਂ ਦਿੱਤਾ ਗਿਆ ਪਰ ਇਕ ਘਟ ਵਾਲੇ ਨੂੰ ਦਿੱਤਾ ਗਿਆ ?

Mr Speaker: This does not arise.

श्री इन्दर सिंह : क्या वज़ीर साहिब बताएंगे कि इस public auction के लिए पहले मुश्तहर कर दिया गया था ?

ਮੰਤਰੀ : ਜੀ ਹਾਂ ।

श्री इन्दर सिंह : कौन सी तारीख को किया था ?

ਮੰਤਰੀ : Notice ਵਿਓ ਪੁਛ ਕੇ ਦਸ ਦਿਆਂਗੇ।

मौलवी अब्दुल ग़नी डार : क्या मंत्री जी बतलाएंगे कि जिस के नाम पर बोली छोड़ी गई उस की बोली सब से बड़ी थी ?

ਮੰਤ੍ਰੀ : ਜੀ ਹਾਂ।

PUMPING-SETS FOR FISHERIES FARMS

***1271. Sardar Atma Singh** : Will the Minister for Agriculture and Forests be pleased to state—

(a) whether any pumping-sets were purchased for Fisheries Farms in the erstwhile Pepsu State ; if so, their number, the amount spent on them and the places where they were installed ;

(b) the total number of mechanics appointed for the said pumping-sets, together with the total amount of salary paid to them to-date ?

Sardar Gurbanta Singh : (a) Two pumping-sets were purchased, at a cost of Rs 6,800 for installation at Patiala and Nabha but have not yet been installed.

(b) One Pumping-set driver. Rs 1,678-7-0 were paid as salary.

ਸਰਦਾਰ ਆਤਮਾ ਸਿੰਘ : ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਦੋ pumping sets 6,800 ਰੁਪਏ ਨੂੰ ਖਰੀਦੇ ਗਏ ਤੇ 1,678-7-0 ਡਰਾਈਵਰ ਨੂੰ ਤਨਖਾਹ ਦੇ ਦਿੱਤੇ ਗਏ । ਕੀ ਮੈਂ ਪੁਛ ਸਕਦਾ ਹਾਂ ਕਿ ਉਹ pumping-sets ਚਾਲੂ ਕੀਤੇ ਗਏ ਹਨ ?

ਮੰਤ੍ਰੀ : ਨਹੀਂ ਜੀ।

ਸਰਦਾਰ ਆਤਮਾ ਸਿੰਘ : ਜੇਕਰ pumping-sets ਚਾਲੂ ਨਹੀਂ ਕੀਤੇ ਗਏ ਤਾਂ ਫੇਰ ਉਹ ਡਰਾਈਵਰ ਕਿਸ ਕੰਮ ਲਈ ਰਖਿਆ ਗਿਆ ਹੈ ਤੇ Rs. 1,678-7-0 ਕਿਸ ਕੰਮ ਦੇ ਦਿਤੇ ਗਏ ਹਨ ? (ਹਾਸਾ)

ਮੰਤ੍ਰੀ : ਉਹ ਚਾਲੂ ਕਰਨ ਲਈ ਹੀ ਰਖਿਆ ਗਿਆ ਸੀ ਪਰ ਚੂੰਕਿ ਕੁਝ ਰੁਪਏ ਦੀ ਲੋੜ ਸੀ ਅਤੇ ਉਹ ਮਿਲਿਆ ਨਹੀਂ ਇਸ ਲਈ ਇਹ ਚੀਜ਼ ਚਾਲੂ ਨਹੀਂ ਹੋ ਸਕੀ। ਉਹ ਡਰਾਇਵਰ ਜੋ ਹੈ ਉਹ ਮੋਤੀ ਬਾਗ ਵਿਚ ਵੀ ਕੰਮ ਕਰ ਰਿਹਾ ਹੈ, ਇੰਜਣਾਂ ਨੂੰ ਤੇਲ ਦਿੰਦਾ ਰਿਹਾ ਹੈ ਤੇ ਉਨ੍ਹਾਂ ਦੀ ਰਾਖੀ ਵੀ ਕਰਦਾ ਰਿਹਾ ਹੈ।

ਸਰਦਾਰ ਆਤਮਾ ਸਿੰਘ : ਕੀ ਇਹ ਠੀਕ ਹੈ ਕਿ ਉਹ ਦੋਵੇਂ pumping-sets ਮਹਿਕਮਾ ਜ਼ਰਾਇਤ ਦੇ store ਵਿਚ ਜਮਾਂ ਹਨ ?

Mr. Speaker: This question does not arise.

ਸਰਦਾਰ ਆਤਮਾ ਸਿੰਘ : ਕੀ ਉਹ pumping-sets ਹੁਣ ਚਾਲੂ ਹੋ ਗਏ ਹਨ ?

ਮੰਤ੍ਰੀ : ਅਜੇ ਨਹੀਂ।

> "When assessment of land revenue requires revision in consequence of the land being put to a use different from that for which an assessment is in force or when the land has been put to use for non-agricultural purposes........"

ਇਸ ਵਿਚ ਦੋ ਕਿਸਮ ਦੀ ਜ਼ਮੀਨ ਤੇ special assessment ਹੋ ਸਕਦੀ ਹੈ। ਇਕ ਜ਼ਮੀਨ ਉਹ ਹੈ ਜਿਹੜੀ ਕਿ ਜਦੋਂ ਪਹਿਲਾਂ assessment ਹੋਈ ਸੀ ਉਸ ਵੇਲੇ ਕਿਸੇ ਹੋਰ ਕੰਮ ਲਈ ਵਰਤੀ ਜਾਂਦੀ ਸੀ ਮਗਰ ਹੁਣ ਉਹ ਕਿਸੇ ਹੋਰ ਕੰਮ ਲਈ ਵਰਤੀ ਜਾਂਦੀ ਹੈ। ਮਿਸਾਲ ਦੇ ਤੌਰ ਤੇ ਪਹਿਲੀ assessment ਵੇਲੇ ਜੇ ਕਿਸੇ ਥਾਂ ਤੇ ਮਕਾਨ ਬਣਿਆ ਹੋਇਆ ਸੀ ਤਾਂ ਉਸ ਦੀ Revenue record ਵਿਚ ਗੈਰ-ਮੁਮਕਿਨ entry ਹੋਈ ਹੋਈ ਸੀ। ਮਗਰ ਹੁਣ ਉਹ ਮਕਾਨ ਢੱਠ ਗਿਆ ਹੈ ਔਰ ਉਥੇ ਜ਼ਿਮੀਂਦਾਰ ਨੇ ਖੇਤੀ ਬਾੜੀ ਕਰਨੀ ਸ਼ੁਰੂ ਕਰ ਦਿੱਤੀ ਹੈ। ਉਸ ਜ਼ਮੀਨ ਦਾ ਉਸ ਵੇਲੇ land revenue assess ਨਹੀਂ ਸੀ ਹੋਇਆ ਮਗਰ ਹੁਣ ਚੂੰਕਿ ਉਥ ਖੇਤੀ ਕੀਤੀ ਜਾਂਦੀ ਹੈ ਇਸ ਵਾਸਤੇ ਉਸ ਤੇ land revenue ਲਗਣਾ ਚਾਹੀਦਾ ਹੈ। ਇਸ ਤੋਂ ਬਿਨਾਂ ਕੁਝ ਜ਼ਮੀਨਾਂ non-agricultural purpose ਲਈ

ਇਸਤੇਮਾਲ ਹੋਣ ਲਗ ਪਈਆਂ ਸਨ ਜਿਹੜੀਆਂ ਕਿ ਪਹਿਲਾਂ ਖੇਤੀ ਲਈ ਵਰਤੀਆਂ ਜਾਂਦੀਆਂ ਸਨ । ਅਜਿਹੇ cases ਦੇ ਵਿਚ ਵੀ revision ਹੋ ਸਕਦੀ ਹੈ । ਇਸ ਕਿਸਮ ਦੀਆਂ ਜਿਹੜੀਆਂ ਪੇਚੀਦਗੀਆਂ ਹਨ ਇਨ੍ਹਾਂ ਨੂੰ ਸੋਧਣ ਦੇ ਵਾਸਤੇ ਮੈਂ ਆਪਣੀ amendment ਪੇਸ਼ ਕੀਤੀ ਹੈ ਕਿਉਂਕਿ ਜਿਨ੍ਹਾਂ ਲੋਕਾਂ ਤੇ ਇਸ ਬਿਲ ਦਾ ਅਸਰ ਹੋਣਾ ਹੈ ਉਨ੍ਹਾਂ ਨੇ ਬਾਦ ਵਿਚ ਕਾਫੀ ਝਗੜੇ ਕਰਨੇ ਹਨ । ਮੇਰੀ amendment ਲਿਆਉਣ ਦਾ ਮਕਸਦ ਇਹ ਹੈ ਕਿ Bill ਪਾਸ ਹੋਣ ਤੋਂ ਬਾਦ ਕਿਸੇ ਕਿਸਮ ਦੀ ਗਲਤ ਫਹਿਮੀ ਨਾ ਰਹੇ ਔਰ Government ਦਾ revenue ਲੈਣ ਦਾ ਜਿਹੜਾ ਮਕਸਦ ਹੈ ਉਹ ਸਾਫ ਤੇ ਪੂਰਾ ਹੋ ਜਾਵੇ । ਸਰਦਾਰ ਸਰੂਪ ਸਿੰਘ ਹੋਰਾਂ ਨੇ ਕਿਹਾ ਸੀ ਕਿ ਜਿਹੜੀ property, non-agricultural purposes ਲਈ ਇਸਤੇਮਾਲ ਹੋ ਰਹੀ ਹੈ ਉਸ ਦੇ ਉਤੇ land revenue ਨਹੀਂ ਲਗਾਇਆ ਜਾ ਸਕਦਾ । ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਸ ਸਿਲਸਿਲੇ ਵਿਚ schedule 7 ਦੀ entry (45) ਬਿਲਕੁਲ clear ਹੈ ਉਸ ਵਿਚ ਲਿਖਿਆ ਹੈ ਕਿ land revenue State ਦਾ subject ਹੈ ਇਸ ਵਾਸਤੇ State ਲਗਾ ਸਕਦੀ ਹੈ । ਬਾਕੀ ਜਿਹੜੀ amendment ਮੈਂ ਲਿਆ ਰਿਹਾ ਹਾਂ ਉਸ ਦੇ ਨਾਲ 300 (ਤਿੰਨ ਸੌ) ਰੁਪਏ ਸਾਲਾਨਾ ਕਿਰਾਏ ਵਾਲੇ ਮਕਾਨਾਂ ਨੂੰ protection ਮਿਲਦੀ ਹੈ ਔਰ ਜਿਹੜੇ ਇਸ ਤੋਂ ਜ਼ਿਆਦਾ ਕਿਰਾਏ ਵਾਲੇ ਮਕਾਨ ਹਨ ਉਨ੍ਹਾਂ ਦੇ ਉਤੇ special assessment ਲਗੇਗਾ। ਇਸ ਵਾਸਤੇ Bill ਦਾ ਸਹੀ ਮਕਸਦ ਜੋ ਹੈ ਉਸ ਨੂੰ ਪੂਰਾ ਕਰਨ ਲਈ ਜ਼ਰੂਰੀ ਹੈ ਕਿ ਮੈਂ ਜਿਹੜੀ amendment ਲਿਆਂਦੀ ਹੈ ਇਸ ਨੂੰ ਮੰਨ ਲਿਆ ਜਾਵੇ । ਮੇਰੀ amendment ਨੂੰ ਮੰਨਣ ਦੇ ਨਾਲ ਜਿਹੜੀਆਂ ਜ਼ਮੀਨਾਂ ਪਹਿਲੇ assessment ਦੇ ਵੇਲੇ non-agricultur 1 ਕੰਮ ਲਈ ਇਸਤੇਮਾਲ ਹੁੰਦੀਆਂ ਸੀ ਔਰ ਬਾਦ ਵਿਚ ਖੇਤੀ ਲਈ ਇਸਤੇਮਾਲ ਹੋਣ ਲਗ ਪਈਆਂ ਔਰ ਏਸੇ ਤਰ੍ਹਾਂ ਜਿਨ੍ਹਾਂ ਜ਼ਮੀਨਾਂ ਤੇ ਪਹਿਲੇ ਖੇਤੀ ਹੁੰਦੀ ਸੀ ਔਰ ਬਾਦ ਵਿਚ ਕਿਸੇ ਹੋਰ ਕੰਮ ਲਈ ਇਸਤੇਮਾਲ ਹੋਣ ਲਗ ਪਈਆਂ ਉਨ੍ਹਾਂ ਦੇ ਉਤੇ revenue ਲਗ ਸਕਦਾ ਹੈ । ਇਸ ਤੋਂ ਇਲਾਵਾ ਜਿਹੜੀਆਂ ਜ਼ਮੀਨਾਂ ਕਈਆਂ ਸਾਲਾਂ ਤੋਂ non-agricultural purpose ਲਈ ਇਸਤੇਮਾਲ ਹੁੰਦੀਆਂ ਰਹੀਆਂ ਹਨ ਉਨ੍ਹਾਂ ਤੇ ਵੀ special assessment ਲਗ ਸਕੇਗਾ ਬੇਸ਼ਕ ਪਹਿਲਾਂ ਕਦੇ ਵੀ ਉਨ੍ਹਾਂ ਤੇ ਮਾਲੀਆ ਨਹੀਂ ਸੀ ਲਗਿਆ । ਜੇਕਰ ਏਸ Bill ਨੂੰ ਮੌਜੂਦਾ ਸ਼ਕਲ ਵਿਚ ਪਾਸ ਕਰ ਦਿੱਤਾ ਜਾਵੇ ਤਾਂ ਇਸ ਨਾਲ Government ਦਾ ਮਕਸਦ ਪੂਰਾ ਨਹੀਂ ਹੋ ਸਕੇਗਾ ਔਰ ਕਿਸੇ ਐਸੀ ਜ਼ਮੀਨ ਨੂੰ ਜਿਹੜੀ ਕਿ ਲਾਲ ਲਕੀਰ ਦੇ ਅੰਦਰ ਹੈ ਔਰ ਗੈਰ ਜ਼ਰਈ ਕੰਮਾਂ ਲਈ ਵਰਤੀ ਜਾਂਦੀ ਹੈ ਉਸ ਤੇ Revenue ਦੀ special assessment ਨਹੀਂ ਹੋ ਸਕੇਗੀ । ਚੌਧਰੀ ਇੰਦਰ ਸਿੰਘ ਹੋਰਾਂ ਨੇ ਆਪਣੀ speech ਦੇ ਦੌਰਾਨ ਵਿਚ 1952 ਦੇ Amending Act ਦੀ reference ਦਿੱਤੀ ਸੀ । ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਉਸ Act ਵਿਚ ਕੋਈ exemption ਨਹੀਂ ਸੀ ਦਿੱਤੀ ਗਈ । ਉਸ ਦੇ ਤਹਿਤ ਹਰੇਕ ਜ਼ਮੀਨ ਤੇ special assessment ਲਗਣਾ ਸੀ । ਮਗਰ ਹੁਣ ਉਨ੍ਹਾਂ ਨੂੰ Government ਦਾ ਮਸ਼ਕੂਰ ਹੋਣਾ ਚਾਹੀਦਾ ਹੈ ਕਿ ਉਸ ਨੇ exemption ਦੀ clause ਰੱਖੀ ਹੈ । ਮੇਰੀ amendment ਇਹ ਹੈ ਕਿ 240 ਰੁਪਏ ਦੀ limit ਨੂੰ raise ਕਰਕੇ 300 ਰੁਪਏ ਤਕ exemption ਦਿੱਤੀ ਜਾਵੇ । ਇਸ ਦੇ ਨਾਲ ਜਿਹੜੇ ਲਾਲ ਲਕੀਰ ਤੋਂ ਬਾਹਿਰ ਹਨ ਉਨ੍ਹਾਂ ਨੂੰ ਵੀ ਫਾਇਦਾ ਹੁੰਦਾ ਹੈ ਔਰ ਜਿਹੜੇ ਲਾਲ ਲਕੀਰ

[ਸਰਦਾਰ ਉਮਰਾਓ ਸਿੰਘ]

ਦੇ ਅੰਦਰ ਹਨ ਉਨ੍ਹਾਂ ਨੂੰ double ਫਾਇਦਾ ਹੋਵੇਗਾ ਕਿਉਂਕਿ ਉਨ੍ਹਾਂ ਨੂੰ ordinary ਮਾਲੀਆ ਵੀ ਨਹੀਂ ਦੇਣਾ ਪੈਣਾ । ਇਸ ਵਾਸਤੇ clause (7) ਦੇ ਵਿਚ ਮੈਂ ਜਿਹੜੀ amendment ਲਿਆਂਦੀ ਹੈ ਇਸ ਨੂੰ ਮੰਨ ਲਿਆ ਜਾਵੇ । ਜਿਹੜੀ 240 ਰੁਪਏ ਦੀ limit ਰੱਖੀ ਸੀ ਉਸ ਨੂੰ ਵਧਾ ਕੇ 300 ਰੁਪਏ ਤਕ exemption ਦਿੱਤੀ ਜਾਵੇ। ਉਸ ਦੇ ਬਾਦ ਇਕ ਹੋਰ Act ਲਿਆ ਕੇ ਪਿੰਡਾਂ ਦੇ ਵਿਚ ਜਿਨ੍ਹਾਂ ਜ਼ਮੀਨਾਂ ਦੀ ਆਮਦਣ 300 ਰੁਪਿਆ ਸਾਲਾਨਾ ਹੋਵੇ ਉਨ੍ਹਾਂ ਨੂੰ land revenue ਤੋਂ exemption ਦਿੱਤੀ ਜਾਵੇ ਤਾਕਿ ਸਾਰਾ ਸਿਲਸਿਲਾ ਬਰਾਬਰ ਹੋ ਜਾਵੇ ।

Mr. Deputy Speaker : Motion moved :—

For the existing clause 7 *substitute* the following :—

"7. In clause (f) of sub-section (1) of section 59 of the principal Act the words "or when the land has been put to use for non-agricultural purposes, such as brickkilns, factories, houses, landing grounds and other similar purposes" and the proviso thereto shall be omitted and the following clause and provisos shall be added:—

(g) when the land has been put to use for non-agricultural purposes such as brickkilns, factories, cinemas, shops, hotels, houses, landing grounds and other similar purposes, whether or not already assessed to land revenue:

Provided that in case of clauses (f) and (g) any use of land for purposes of a garden, an orchard or for pasture or the use of houses on such land occupied for agricltural purposes or for purposes subservient to agricultural or small scale cottage industries or for any public charitable or religious purposes shall not be considered as a use different from that for which an assessment is in force or for non-agricultural purposes :

Provided further that in case of clauses (f) and (g) residential houses, in occupation of the owners, with an annual rental value not exceeding three hundred rupees shall not be liable to special assessment."

Shri Ram Piara (Karnal) : Sir, I beg to move—

In the proposed sub-clause (ii), line 4, *for* "two hundred and forty rupees" *substitute* "three hundred and sixty rupees."

जहां 240 रुपये की exemption दी गई है मैं चाहता हूं कि उस की बजाए 360 रुपये सालाना किराये लाने वाली जो जायदादें हैं उन को exemption दे दी जाए। 240 रुपये सालाना किराये के हिसाब से एक महीने का किराया 20 रुपये बनता है और 360 रुपये सालाना किराये के हिसाब से 30 रुपये महीने का किराया बनता है। इसी Bill की बहस के दौरान में यह बात कही गई थी कि ज़मीनों की कीमत चूंकि बढ़ गई है और उस के साथ साथ मकानों की कीमत भी बढ़ गई है इस लिये मकानों के ऊपर क्यों न special assessment लगाया जाए। मैं अर्ज़ करना चाहता हूं जहां ज़मीन की value बढ़ती है वहां उस की Productive value भी बढ़ जाती है जिस ज़मीन में पहले 5 सौ रुपये की पैदावार होती थी उस में दो हज़ार रुपये की पैदावार हो सकती है और उस से ज्यादा आमदनी हो सकती है। लेकिन जहां तक मकानों का ताल्लुक है उन को बहुत exceptional case में बेचा जाता है वर्ना ज्यादा तर लोग अपने रहने के लिये ही इस्तेमाल करते हैं। और अगर एक मकान की तीन हज़ार से बढ़ कर चार हज़ार रुपये भी कीमत हो जाए

तो उस में अगर चार आदमी रह सकते हैं तो उस की बजाए आठ की जगह नहीं हो सकेगी। मकान की हालत वैसी की वैसी ही रहती है। कई लोग ऐसे हैं जिन के मां बाप ने मकान बनाया था और वह उस में रह रहे हैं। उन बेचारों की आमदन भी ज्यादा नहीं है लेकिन उन को यह tax अदा करना पड़ेगा। बाकी यह बात ठीक है कि आज चूंकि मकानों की कीमत बढ़ी है इस लिये उस के साथ किराए भी बढ़ गए हैं। पहले जो मकान 10 रुपये माहवार पर चढ़ता था वह अब 25 या 30 रुपये महीना किराए पर चढ़ता है, मौडल टाऊन में भी 30 रुपये के करीब मकानों का किराया है। देखने वाली बात यह है जो मकानों के मालिक हैं और उन में खुद रह रहे हैं उन के income के sources बहुत कम हैं। इस लिये मैं ज्ञानी जी से बेनती करूंगा कि जिन आदमियों को माली तौर पर फायदा नहीं होता और वह मकानों के अंदर खुद रह रहे हैं उन का थोड़ा सा ख्याल करते हुए 240 रुपये सालाना किराये वाले मकानों को exemption देने की बजाए 360 रुपये सालाना किराये वाले मकानों को exemption देने की जो amendment मैं ने पेश की है मंजूर फर्माएं। मैं उन Socialists की तरह यह नहीं कहता कि जो 85 रुपये माहवार का किराया लेते हैं उन को भी exempt कर दिया जाए। लेकिन इतना ज़रूर कहता हूं कि जो 30 रुपये माहवार तक के किराए के मकानात हैं और जिन मकानों में दरमियाने दर्जे के लोग रहते हैं, जिन लोगों के income के resources ज्यादा नहीं हैं उन को exemption मिलनी चाहिए। इन अलफाज़ के साथ मैं ज्ञानी जी से request करूंगा कि वह मेरी amendment को मंजूर कर लें।

अगर इस को करना मुशिकल समझें तो जो 25 per cent net rental value का लगाने को कहा है उस को 25 की बजाए 20 per cent कर दें। उस तरफ relief दे दें या इस तरफ relief दे दें। उस तरफ बढ़ा दें या इस तरफ कर दें।

Mr. Deputy Speaker : Motion moved—

In the proposed sub-clause (ii) line 4, *for* "two hundred and forty rupees" *substitute* "three hundred and sixty rupees.2"

मौलवी अब्दुल ग़नी डार (नूह) : डिप्टी स्पीकर साहिब, मैं ने इस क्लाज़ पर अपने कई भाइयों की तकारीरों को बड़े ग़ौर से सुना है और उन को सुन कर मुझे पंजाबी की एक मिसाल याद आ गई है, कि किसी ने पूछा—

उछलते क्यों हो गर्जते क्यों हो ?
कहने लगा कि सांढ हूं।
डरते क्यों हो भागते क्यों हो ?
कहने लगा कि गऊ का जाया हूं।

(हंसी) मेरे भाई सोशलिस्ट हैं और मेरे बड़े काबले एहतराम दोस्त हैं। Socialism की बड़ी २ बातें करते हैं। उस के लिये जब यह सवाल आता है कि दूसरी पांच साला योजना को कामयाब बनाना है और उस को कामयाब बनाने के लिये रुपया चाहिए। (At this stage Mr. Speaker occupied the chair) और इस ग़र्ज़ के लिये

[मौलवी अबदुल गनी डार]

जब ज्ञानी जी हिम्मत करके ऐसी तजवीज़ लाए हैं कि जिस से दूसरी पांच साला योजना को मदद मिले तो फिर बग़लें झांकते हैं और तरह तरह के बहाने पेश किये जाते हैं कि बेवाओं के मकान होंगे दूसरे होंगे, उन का क्या बनेगा वगैरह २। दूसरी तरफ़ मेरे भाई सरदार उमराओ सिंह जी हैं जो एक और बात ले आए हैं कि यह छूट gardens के लिये हो—फलां के लिये हो, religions purposes के लिये हो और उन का ऐसा कर दिया जाए। स्पीकर साहिब, कौन नहीं जानता कि आज कल बड़ी २ buildings बना कर उन में एक मन्दिर बना दिया जाता है और कहा जाता है कि यह मन्दिर है। बड़े मकान बना कर उस में गुरू ग्रंथ साहिब रख दिया है और फिर कहा जाता है कि यह गुरुद्वारा है.......

Kanwarani Jagdish Kaur : Sir, is it parliamentary to talk about Guru Granth Sahib in disrespectful terms ?

Mr. Speaker : This is only a reference. He has also referred to others.

मौलवी अब्दुल ग़नी डार : मैं बहिन जी का बड़ा एहतराम करता हूं। अगर उन को गुरु ग्रंथ साहिब की बात से नाराज़गी हुई है तो मैं कुरान शरीफ की भी बात करता हूं कि ऐसा कहा जाता है कि यह तो मज़हबी जगह है (हंसी) स्पीकर साहिब मैं सोचता हूं कि जब यह रुपया प्लान की कामियाबी के लिये चाहिये तो यह आएगा कहां से ? रुपया के बग़ैर यह सारा धंधा चलेगा कैसे ? यहां पर यह होता है कि जब इस काम के लिये टैक्सों का ज़िक्र आता है तो ये मेरे भाई जो इधर उधर की बातों में ख़ास दिलचस्पी लेते हैं आएं-बाएं-शाएं करते हैं। मेरे भाई श्री डी० डी० पुरी साहिब भी कहने लगे कि मुझे लीडर साहिब पर बड़ा एहतमाद है, लेकिन जब टैक्स की बात आई तो तजवीज़ की मुख़ालिफ़त पर उतर आए। तो फिर यह एहतमाद क्या हुआ (हंसी) मैं कहता हूं कि अगर ज्ञानी जी यह तजवीज़ लाए हैं तो इस लिये लाए हैं कि दूसरा पांच साला प्लान कामियाब बनाना है और इस के पेशेनज़र तमाम हाऊस को यह कहना चाहिए कि हम सब आपके साथ हैं और जैसे भी आप रुपया इस काम के लिये लेना चाहते हैं ख़ाह मरला टैक्स से लें वह लें और इस को कामियाब बनाएं। लेकिन कहते हैं कि मकानों की कीमत बढ़ रही है, यह हो रहा है; वह हो रहा है। मैं आप से कहता हूं कि आप तो इस टैक्स की बात करते हैं आप के फालतू मकान भी छिन जाने हैं। ये दूसरे भाई भी कुछ दिन के लिये दिल बहला लें कि हम ज़मीन बचा लेंगे और Land Reforms नहीं होंगे। वे बेशक खुश हो लें, लेकिन मैं उन को बता दूं कि यह फालतू ज़मीन इन के पास नहीं रहने वाली है। इसी तरह ये मकानों वाले भी खुश हो लें कि हम मकानों पर कब्ज़ा किए रहेंगे। मगर उन के मकान भी रहने वाले नहीं हैं। वह वक्त आ रहा है और अब छीना साहिब की जीत होने वाली हैं (ज़ोर की हंसी) (शोर) हां तो मैं कह रहा था कि ये साहिबान उठते हैं और पहले तो ज्ञानी जी को मुबारिकबाद देते हैं और फिर टैक्स की मुख़ालिफ़त करते हैं। मैं ज्ञानी जी से कहता हूं कि आप बेशक ग़रीबों से भी रुपया ले लें लेकिन अगर आप अकेले डी० डी० पुरी पर ही टैक्स लगा देते तो लाखों रुपया आ जाता। इसी तरह से अगर आप

Transport को nationalize कर देते तो करोड़ों रुपये आ जाते और सारी कमी पूरी हो जाती। हां, अगर ज्ञानी जी हाऊस से यह कहते हैं कि वह यह तजवीज़ लाए हैं और रुपया लेना चाहते हैं तो ज़रूर लें। हम आप की इमदाद करेंगे। लेकिन यह रुपया इस लिये न लें कि वज़ीर हर काम में बेजा मदाखलत करें और अपने चहेतों को फायदा पहुंचाएं। इस लिये न लें कि वज़ीर यहां गलत ब्यानियां करें—इस लिये न लें कि निहायत निकम्मे आदमियों को अफसरियां दी जाएं, इस लिये न लें कि smuggling करने वालों को तरक्कियां दी जाएं और इस लिये न लें कि आए दिन डकैतियां हों और डाकुओं को पनाह देने के लिये दरवाज़े खोल दिये जाएं। अगर लेना है तो इस लिये लें कि पंजाब की योजना कामियाब हो। इस गर्ज़ से मैं समझता हूं कि सारे हाऊस को इस तजवीज़ से इत्तफाक करना चाहिए और अब ज्यादा हीले बहाने नहीं चलने चाहिएं। अगर सरदार उमराओ सिंह जी की बात हो कि इन को छोड़ दो और दूसरे कहें कि यह छोड़ दो तो फिर सब कुछ ही छूट जावेगा। रहेगा कुछ नहीं। इसी तरह चौधरी बलबीर सिंह जी की बात भी न मानी जाए क्योंकि वे चाहते हैं कि बेवाओं का नाम ले कर सरमायादारों को बचा लिया जावे।

ਸਰਦਾਰ ਉਮਰਾਓ ਸਿੰਘ : On a point of personal explanation, Sir. ਇਹ ਚੀਜ਼ clear ਨਹੀਂ ਹੈ ਕਿ ਮੌਲਵੀ ਜੀ ਕਿਸ ਚੀਜ਼ ਦੀ ਮੁਖਾਲਫਤ ਕਰ ਰਹੇ ਹਨ ਕਿਉਂਕਿ ਮੈਂ ਤਾਂ ਇਹੋ ਜਹੀ ਕੋਈ ਗਲ ਨਹੀਂ ਕਹੀ ਜਿਸ ਦਾ ਕਿ ਉਹ ਜ਼ਿਕਰ ਕਰ ਰਹੇ ਸਨ।

अध्यक्ष महोदय : कभी मुखालिफत की खातर मुखालिफत भी होती है (हंसी) (Sometimes opposition is offered for the sake of opposition) (*Laugther*)

ਮਾਲ ਮੰਤ੍ਰੀ (ਗਿਆਨੀ ਕਰਤਾਰ ਸਿੰਘ) : ਜਨਾਬ ਸਪੀਕਰ ਸਾਹਿਬ, ਇਹ ਕਲਾਜ਼ ਨੰਬਰ 7 ਇਸ ਬਿਲ ਦੀ ਆਖਰੀ ਕਲਾਜ਼ ਹੈ। ਜਿਸ ਤੇ ਕਾਫੀ ਚਰਚਾ ਹੋ ਰਹੀ ਹੈ। ਮੇਰੇ ਦੋਸਤ ਨੇ ਪੁਛਿਆ ਹੈ ਕਿ ਮੌਲਵੀ ਸਾਹਿਬ ਕਿਸ ਚੀਜ਼ ਦੀ ਮੁਖਾਲਿਫਤ ਕਰ ਰਹੇ ਸਨ। ਇਸ ਦਾ ਜਵਾਬ ਮੈਂ ਉਨ੍ਹਾਂ ਨੂੰ ਦੇ ਦਿੰਦਾ ਹਾਂ ਕਿ ਮੌਲਵੀ ਸਾਹਿਬ ਇਨ੍ਹਾਂ ਤਜਵੀਜ਼ਾਂ ਦੀ ਮੁਖਾਲਿਫਤ ਨਹੀਂ ਕਰ ਰਹੇ ਅਤੇ ਉਹ ਸਪੀਚਾਂ ਦੀ ਹੀ ਮੁਖਾਲਿਫਤ ਕਰ ਰਹੇ ਹਨ। (ਹਾਸਾ) ਇਸ ਦੇ ਮੁਤਅਲਿਕ ਇਹ ਜੋ ਤਜਵੀਜ਼ ਹੈ ਕਿ 600 ਰੁਪਏ ਦੇ ਕਿਰਾਏ ਦੀ exemption ਦੇਵੋ ਇਹ ਕਬੂਲ ਨਹੀਂ ਹੋ ਸਕਦੀ ਅਤੇ ਹਜ਼ਾਰ ਰੁਪਏ ਵਾਲੀ ਜੋ ਤਜਵੀਜ਼ ਹੈ ਉਹ ਵੀ ਕਬੂਲ ਨਹੀਂ ਹੋ ਸਕਦੀ। ਹੁਸ਼ਿਆਰਪੁਰ ਤੋਂ ਜੋ ਮੈਂਬਰ ਸਾਹਿਬ ਆਏ ਹਨ ਉਨ੍ਹਾਂ ਨੇ ਫਰਮਾਇਆ ਹੈ ਕਿ ਇਹ ਹਾਲਾਂ ਇਸ ਲਈ ਨਹੀਂ ਲਗਣਾ ਚਾਹੀਦਾ ਕਿ ਕਈ ਸਰਕਾਰੀ ਮੁਲਾਜ਼ਮ ਸਾਰੀ ਉਮਰ ਨੌਕਰੀ ਕਰਕੇ ਜਦੋਂ ਉਹ retire ਹੁੰਦੇ ਹਨ ਤਾਂ ਆਪਣੀ ਰਿਹਾਇਸ਼ ਲਈ ਇਕ ਮਕਾਨ ਬਣਾਉਂਦੇ ਹਨ ਅਤੇ ਜੇਕਰ ਉਨ੍ਹਾਂ ਤੇ ਫੇਰ ਹਾਲਾ ਲਗੇ ਤਾਂ ਉਨ੍ਹਾਂ ਨੂੰ ਬੜਾ ਦੁਖ ਹੋਵੇਗਾ। ਇਹ ਗਲ ਸੁਣ ਕੇ ਮੇਰੇ ਮਨ ਨੂੰ ਬੜੀ ਤਸੱਲੀ ਹੋਈ ਕਿ ਚੌਧਰੀ ਸਾਹਿਬ ਨੂੰ ਵੀ ਸਰਕਾਰੀ ਮੁਲਾਜ਼ਮਾਂ ਦੀਆਂ ਤਕਲੀਫਾਂ ਦਾ ਇਹਸਾਸ ਹੋ ਗਿਆ ਹੈ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਨਾਲ ਹੁਣ ਬੜੀ ਹਮਦਰਦੀ ਹੋ ਗਈ ਹੈ। ਇਸ ਦੇ ਨਾਲ ਹੀ ਸਰਕਾਰੀ ਮੁਲਾਜ਼ਮ ਜੋ ਹਨ ਉਨ੍ਹਾਂ ਤੇ ਹੁਣ ਨੁਕਤਾਚੀਨੀ

[ਮਾਲ ਮੰਤ੍ਰੀ]

ਵੀ ਘਟ ਹੋਵੇਗੀ ਅਤੇ ਉਨ੍ਹਾਂ ਦੇ ਬਚਾਓ ਦੇ ਉਪਾ ਹੋਣਗੇ ਕਿਉਂਕਿ ਉਨ੍ਹਾਂ ਲਈ ਉਨ੍ਹਾਂ ਦੇ ਅੰਦਰ ਇਕ ਨਵੀਂ ਹਮਦਰਦੀ ਪੈਦਾ ਹੋ ਗਈ ਹੈ ਤੇ ਪੈਦਾ ਹੋ ਰਹੀ ਹੈ। ਮਹਿਨਤ ਕਰਨ ਵਾਲੇ, ਖੇਚਲ ਕਰਨ ਵਾਲੇ ਤੇ labour ਕਰਨ ਵਾਲੇ ਜੋ ਹਨ ਉਨ੍ਹਾਂ ਦਾ ਦੁਖ ਤਾਂ ਉਨ੍ਹਾਂ ਨੂੰ ਨਹੀਂ ਹੋਇਆ ਪਰ ਸਰਕਾਰੀ ਮੁਲਾਜ਼ਿਮ ਜੋ retire ਹੋ ਗਏ ਹਨ ਉਨ੍ਹਾਂ ਦਾ ਉਨ੍ਹਾਂ ਨੂੰ ਬਹੁਤ ਦੁਖ ਹੋਇਆ ਹੈ। ਉਨ੍ਹਾਂ ਦਾ ਦੁਖ ਤਾਂ ਮੈਨੂੰ ਜ਼ਿਆਦਾ ਹੋਣਾ ਚਾਹੀਦਾ ਹੈ ਕਿਉਂਕਿ ਮੈਂ ਉਨ੍ਹਾਂ ਤੋਂ ਕੰਮ ਲੈਣਾ ਹੈ ਪਰ ਚੌਧਰੀ ਸਾਹਿਬ ਦੀ ਮਨਸ਼ਾ ਉਨ੍ਹਾਂ ਨੂੰ ਤੰਗ ਕਰਨ ਦੀ ਤੇ criticise ਕਰਨ ਦੀ ਹੁੰਦੀ ਹੈ। ਲੇਕਿਨ ਅਜ ਜੋ ਨਵੀਂ ਮੁਹੱਬਤ ਉਨ੍ਹਾਂ ਦੇ ਦਿਲ ਵਿਚ ਉਨ੍ਹਾਂ ਲਈ ਜਾਗੀ ਹੈ ਉਸ ਨੂੰ ਵੇਖ ਕੇ ਮੈਂ ਉਨ੍ਹਾਂ ਨੂੰ ਮੁਬਾਰਕਬਾਦ ਦੇਂਦਾ ਹਾਂ (ਹਾਸਾ) ਬਾਕੀ ਇਕ ਹੋਰ ਗਲ ਇਨ੍ਹਾਂ ਵਲੋਂ ਵੀ ਤੇ ਹੋਰ ਵੀ ਕੁਝ ਬੋਲਣ ਵਾਲਿਆਂ ਵਲੋਂ ਕਹੀ ਗਈ ਕਿ ਗਰੀਬ ਜੋ ਹਨ ਉਨ੍ਹਾਂ ਦੇ ਸਰਾਪ ਤੋਂ ਬਚੋ ਅਤੇ ਵਿਧਵਾਵਾਂ ਦੀਆਂ ਬਦਦੁਆਵਾਂ ਤੇ ਬਦਅਾਹਾਂ ਤੋਂ ਬਚੋ। ਇਹ ਸਾਰੀ ਸਿਖਿਆ ਦੇਕੇ ਫੇਰ ਕਹਿੰਦੇ ਹਨ ਕਿ ਇਸ ਨਾਲ ਲੋਕਾਂ ਵਿਚ ਬਹੁਤ ਬੇਚੈਨੀ ਪੈਦਾ ਹੋਵੇਗੀ। ਇਸ ਲਈ ਉਸ ਬੇਚੈਨੀ ਦਾ ਹੀ ਖਿਆਲ ਕਰਦੇ ਰਹੋ। ਇਹ ਸਾਰੀਆਂ ਗੱਲਾਂ ਸੁਣ ਕੇ ਮੈਂ ਸੋਚਦਾ ਹਾਂ ਕਿ ਇਹ ਸਭ ਮੱਤਾਂ ਜਿਨ੍ਹਾਂ ਨੇ ਦਿੱਤੀਆਂ ਹਨ ਆਇਆ ਇਹ ਉਨ੍ਹਾਂ ਨੇ ਆਪਣੇ ਦਿਲਾਂ ਦੀ ਗਹਿਰਾਈ ਵਿਚੋਂ ਦਿੱਤੀਆਂ ਹਨ ਕਿਉਂਕਿ ਬੇਚੈਨੀ ਫੈਲਾਉਣ ਲਈ ਤਾਂ ਉਹ ਸਭ ਤੋਂ ਅਗੇ ਹੁੰਦੇ ਹਨ। ਜੇਕਰ ਬੇਚੈਨੀ ਫੈਲ ਰਹੀ ਹੋਵੇ ਤਾਂ ਉਨ੍ਹਾਂ ਦਿਆਂ ਦਿਲਾਂ ਵਿਚ ਠੰਢ ਪੈਂਦੀ ਹੈ ਇਸ ਲਈ ਇਹ ਚੀਜ਼ ਤਾਂ ਉਨ੍ਹਾਂ ਦੇ ਚਿਤ ਦੇ ਅਨੁਸਾਰ ਹੋ ਰਹੀ ਹੈ ਤਾਂ ਫੇਰ ਉਨ੍ਹਾਂ ਨੂੰ ਕਾਹਦਾ ਗਮ? (ਹਾਸਾ) ਬਾਕੀ ਰਹੀ ਆਹਾਂ ਤੇ ਸਰਾਪਾਂ ਦੀ ਗੱਲ। ਇਸ ਬਾਰੇ ਵਿਚ ਮੇਰੀ ਬੇਨਤੀ ਹੈ ਕਿ ਉਹ ਤਾਂ ਹਰ ਵਕਤ ਸਰਕਾਰ ਤੋੜਨ ਵਿਚ ਰਹਿੰਦੇ ਇਸ ਲਈ ਸਰਾਪਾਂ ਤੇ ਬਦਦੁਆਵਾਂ ਨਾਲ ਵੀ ਜੇਕਰ ਸਰਕਾਰ ਨੂੰ ਕੁਝ ਹੋ ਜਾਵੇ ਤਾਂ ਉਨ੍ਹਾਂ ਦੇ ਮਨ ਨੂੰ ਖੁਸ਼ੀ ਹੋਵੇਗੀ। ਇਸ ਲਈ ਮੈਂ ਨਹੀਂ ਸਮਝਦਾ ਕਿ ਗਰੀਬਾਂ ਤੇ ਬੇਵਾਵਾਂ ਦੀਆਂ ਆਹਾਂ ਸਾਨੂੰ ਲਗਣਗੀਆਂ ਕਿਉਂਕਿ ਇਹ ਗੱਲਾਂ ਤਾਂ ਇਹ ਉਪਰੋਂ ਉਪਰੋਂ ਹੀ ਕਰਦੇ ਹਨ ਅਤੇ ਇਨ੍ਹਾਂ ਨੂੰ ਵੀ ਯਕੀਨ ਹੈ ਕਿ ਇਸ ਵਿਚ ਇਹੋ ਜਹੀ ਕੋਈ ਗਲ ਨਹੀਂ ਹੈ। ਜੇਕਰ ਇਨ੍ਹਾਂ ਦੇ ਦਿਲਾਂ ਨੂੰ ਯਕੀਨ ਹੁੰਦਾ ਕਿ ਇਹ ਲਗਣੀਆਂ ਹਨ ਤਾਂ ਇਹ ਇਸ ਦੇ ਮੁਤਅਲਕ ਇਥੇ ਜ਼ਿਕਰ ਨ ਕਰਦੇ ਕਿਉਂਕਿ ਇਹ ਤਾਂ ਚਾਹੁੰਦੇ ਹਨ ਕਿ ਕਿਸੇ ਨਾ ਕਿਸੇ ਦੀ ਸਾਨੂੰ ਆਹ ਲਗ ਜਾਵੇ ਅਤੇ ਇਨ੍ਹਾਂ ਦੇ ਮਨ ਦੀ ਮੁਰਾਦ ਪੂਰੀ ਹੋ ਜਾਵੇ। ਇਸ ਲਈ ਮੈਂ ਇਨ੍ਹਾਂ ਗੱਲਾਂ ਵਿਚ ਕੋਈ ਵਜ਼ਨ ਨਹੀਂ ਸਮਝਦਾ ਹਾਂ। ਜਿਥੋਂ ਤਕ ਸਰਦਾਰ ਆਤਮਾ ਸਿੰਘ ਜੀ ਦਾ ਤੁਅਲਕ ਹੈ ਉਨ੍ਹਾਂ ਨੇ ਕਿਹਾ ਹੈ ਕਿ flood areas ਤੇ backward area ਵਾਲੇ ਜੋ ਹਨ ਉਨ੍ਹਾਂ ਦਾ ਖਾਸ ਖਿਆਲ ਰਖੋ। ਮੇਰੀ ਅਰਜ਼ ਹੈ ਕਿ ਜੇਕਰ flood area ਤੇ backward area ਵਿਚ ਕਿਸੇ ਦੇ ਮਕਾਨ ਦੀ net rental value 240 ਰੁਪਏ ਜਾਂ 300 ਰੁਪਏ ਜਾਂ ਜਿਤਨਾ ਵੀ ਫੈਸਲਾ ਹੋਣਾ ਹੈ ਉਸ ਤੋਂ ਵਧ ਹੋਵੇਗੀ ਤਾਂ ਉਸ ਤੇ ਕਿਉਂ ਹਾਲਾ ਨਾ ਲਗਾਇਆ ਜਾਵੇ? ਅਸੀਂ ਤਾਂ net rental value ਸਾਮ੍ਹਣੇ ਰਖ ਕੇ ਹੀ ਇਹ ਤਜਵੀਜ਼ ਕੀਤੀ ਹੈ। ਪਰ ਜੋ flood area ਵਿਚ ਜਾਂ backward area ਵਿਚ ਸ਼ਹਿਰਾਂ ਦੇ ਮਕਾਨ ਜਾਂ ਜ਼ਮੀਨ ਹੈ, ਉਨ੍ਹਾਂ ਦੀ rental value ਜੇਕਰ 240 ਜਾਂ 300 ਰੁਪਏ ਤੋਂ ਵਧ ਹੋਵੇ ਤਾਂ ਉਹ ਰੁਪਿਆ ਕੀ ਕੌੜਾ ਹੁੰਦਾ ਹੈ ਕਿ ਉਸ ਨੂੰ ਛਡ ਦੇਈਏ। (ਹਾਸਾ)। ਦੂਸਰੀ property ਜੋ ਹੁੰਦੀ ਹੈ ਅਤੇ ਉਸ ਦਾ ਜੋ ਹਾਲਾ ਹੈ ਜਦੋਂ ਹੜ੍ਹਾਂ ਦੀ

ਮਾਰ ਪੈਂਦੀ ਹੈ ਤਾਂ ਉਸ ਵਕਤ ਉਹ ਹਾਲਾ ਛਡਿਆ ਜਾਂਦਾ ਹੈ । ਇਸੇ ਤਰ੍ਹਾਂ ਮੈਂ ਅਰਜ਼ ਕਰਦਾ ਹਾਂ ਕਿ ਜਿਨ੍ਹਾਂ ਉਤੇ ਵੀ ਅਸੀਂ ਹਾਲਾ ਲਗਾ ਕੇ ਅਸਲੀ ਅਰਥਾਂ ਵਿਚ ਪਹਿਲੀ ਵਾਰ ਉਨ੍ਹਾਂ ਨੂੰ ਜ਼ਿਮੀਦਾਰ ਬਣਾ ਰਹੇ ਹਾਂ ਅਤੇ ਉਨ੍ਹਾਂ ਨੂੰ ਵੀ ਇਸ ਚੀਜ਼ ਦਾ ਸੁਆਦ ਆ ਜਾਵੇਗਾ ਕਿ ਹਾਲਾ ਲਗਣ ਨਾਲ ਜ਼ਿਮੀਂਦਾਰ ਨੂੰ ਕੀ ਤਕਲੀਫ ਹੁੰਦੀ ਹੈ, ਇਸ ਨੂੰ ਭਰਨ ਦੇ ਨਾਲ ਕੀ ਦੁਖ ਹੁੰਦਾ ਹੈ ਅਤੇ ਇਸ ਵਿਚ ਛੋਟ ਹੋਣੀ ਕਿਤਨੀ ਜ਼ਰੂਰੀ ਹੈ । ਪਹਿਲੀ ਦਫਾ ਉਨ੍ਹਾਂ ਨੂੰ ਇਸ ਗੱਲ ਦਾ ਗਿਆਨ ਹੋਇਆ ਹੋਣਾ ਹੈ । ਜਿਸ ਵੇਲੇ floods ਨਾਲ ਇਰਦ ਗਿਰਦ ਦੇ area ਨੂੰ remission ਮਿਲੇਗੀ ਤਾਂ ਇਹ ਗਲ ਨਹੀਂ ਕਿ ਉਹ ਇਸ ਨੂੰ ਛਡ ਦੇਣਗੇ ਬਲਕਿ ਉਹ ਤਾਂ ਸਭ ਤੋਂ ਅਗੇ remission ਲਈ ਅੱਗੇ ਹੋਣਗੇ । ਇਸ ਲਈ ਆਪ backward areas ਤੇ flood area ਵਾਲਿਆਂ ਨੂੰ ਚਾਹੀਦਾ ਹੈ ਕਿ ਤੁਸਾਂ ਉਨ੍ਹਾਂ ਦੂਜਿਆਂ ਨੂੰ ਵੀ ਆਪਣੇ ਨਾਲ ਰਖੋ ਕਿਉਂਕਿ ਇਸ ਚੀਜ਼ ਦਾ ਦੁਖ ਜੋ ਹੈ ਉਹ ਤੁਹਾਡੇ ਨਾਲੋਂ ਵੀ ਵਧ ਹੋਣਗੇ ਤੇ remission ਮੰਗਣਗੇ ਅਤੇ ਤੁਹਾਨੂੰ ਵੀ ਇਸ ਚੀਜ਼ ਦਾ ਫਾਇਦਾ ਹੋਵੇਗਾ ਕਿਉਂਕਿ ਦੂਜੇ ਵੀ ਤੁਹਾਡੇ ਨਾਲ ਰੌਲਾ ਪਾਉਣਗੇ ਬਲਕਿ ਵਧ ਪਾਉਣਗੇ (ਹਾਸਾ) ਇਸ ਲਈ ਇਹ ਵਖਰਾ ਵਰਤਾਉ ਨਹੀਂ ਕੀਤਾ ਜਾ ਸਕਦਾ ਹੈ ।

ਹੁਣ ਸਵਾਲ ਇਹ ਹੈ ਕਿ ਕਿੰਨੀ ਰਕਮ exempt ਕੀਤੀ ਜਾਏ । ਪਹਿਲੇ 240 ਰੁਪਏ ਦੀ ਨਹੀਂ ਸੀ ਜਦੋਂ ਰਕਬੇ ਤੇ ਇਹ ਹਾਲਾ ਲਾਉਣ ਦੀ ਤਜਵੀਜ਼ ਸੀ ਜਿਸ ਤਰ੍ਹਾਂ ਕਿ ਆਮ ਤੌਰ ਤੇ ਸ਼ਹਿਰੀ ਰਕਬੇ ਵਿਚ ਮੌਜੂਦਾ ਹਾਲਾਤ ਹਨ । ਉਨ੍ਹਾਂ ਵਿਚ ਹਰ ਇਕ ਮਰਲਾ ਜ਼ਮੀਨ ਤੇ ਹਾਲਾ ਲਗਦਾ ਹੈ । ਇਸ ਹਾਊਸ ਵਿਚ ਸ਼ਾਇਦ ਕੁਝ ਸਾਹਿਬਾਨ ਨੂੰ ਵਾਕਫੀਅਤ ਨਹੀਂ ਹੈ । ਇਕ ਮੈਂਬਰ ਸਾਹਿਬ ਨੇ capital assets ਦਾ ਜ਼ਿਕਰ ਕੀਤਾ ਸੀ । ਉਸ ਵਕਤ ਮੈਨੂੰ ਸੋਚ ਤਾਂ ਸੀ ਕਿ ਕੀ ਪਿੰਡਾਂ ਵਾਲਿਆਂ ਦੀ ਜ਼ਮੀਨ Capital assets ਵਿਚ ਸ਼ਾਮਲ ਨਹੀਂ ਸਮਝੀ ਜਾ ਸਕਦੀ ? ਕੀ ਇਹ Capital assets ਨਹੀਂ ਹੁੰਦੀ ? ਉਥੇ ਹਰ ਮਰਲੇ ਤੇ ਹਾਲਾ ਲਗਦਾ ਹੈ ਬੰਜਰ ਤੇ ਵੀ ਔਰ ਗੈਰ ਬੰਜਰ ਤੇ ਵੀ । ਇਸ ਲਈ ਸ਼ਹਿਰ ਵਿਚ ਵੀ ਖਾਲੀ ਜਗ੍ਹਾ ਤੇ ਹਾਲਾ ਲਗਣਾ ਚਾਹੀਦਾ ਹੈ । ਇਹ ਜੋ ਚੰਦਾ ਹੈ ਇਹ ਮੁਲਕ ਦੀ ਉਸਾਰੀ ਲਈ ਹੋਣਾ ਚਾਹੀਦਾ ਹੈ । ਇਹ ਭਾਈਚਾਰੇ ਦਾ ਚੰਦਾ ਹੈ—ਹਰ ਇਕ ਨੂੰ ਬਰਾਬਰ ਦੇਣਾ ਚਾਹੀਦਾ ਹੈ ।

Non-agricultural ਜ਼ਮੀਨ ਬਾਰੇ 1952 ਵਿਚ ਕਾਨੂੰਨ ਬਣਿਆ । 1955 ਤਕ assessment ਵੀ ਹੋ ਚੁਕੀ ਸੀ । ਲੇਕਿਨ ਉਸ ਵਿਚ 240 ਰੁਪਏ ਦੀ rental value ਤੇ ਹਾਲਾ ਨਾ ਲਗੇ ਇਹ ਕੋਈ ਰਿਆਇਤ ਨਹੀਂ ਦਿੱਤੀ ਹੋਈ ਸੀ । ਇਸ ਬਿਲ ਵਿਚ ਇਹ ਤਜਵੀਜ਼ ਲਿਆਂਦੀ ਗਈ ਹੈ ਕਿ 240 ਰੁਪਏ ਤਕ ਦੀ rental value ਵਾਲੇ ਮਕਾਨ exempt ਕੀਤੇ ਜਾਣ । ਲੇਕਿਨ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਹਾਊਸ ਵਿਚ ਬੜੀ ਜ਼ੋਰਦਾਰ ਰਾਏ ਪਰਗਟ ਕੀਤੀ ਹੈ ਕਿ rental value exemption ਲਈ 240 ਤੋਂ ਵਧਾ ਦਿੱਤੀ ਜਾਏ । ਮੈਂ ਉਸ ਹਦ ਤਕ ਤੇ ਨਹੀਂ ਵਧਾਉਣਾ ਚਾਹੁੰਦਾ ਜਿਸ ਹਦ ਤਕ ਚੌਧਰੀ ਬਲਬੀਰ ਸਿੰਘ ਔਰ ਚੌਧਰੀ ਇੰਦਰ ਸਿੰਘ ਨੇ ਤਜਵੀਜ਼ ਕੀਤਾ ਹੈ, ਲੇਕਿਨ ਫੇਰ ਵੀ ਇਸ ਵਿਚ concession ਕਰਨ ਲਈ 240 ਦੀ ਬਜਾਏ 300 ਰੁਪਏ ਦੀ exemption ਦਿੱਤੀ ਜਾਏਗੀ । (Loud Thumping) ਇਸ ਲਈ ਮੈਂ ਸਰਦਾਰ ਉਮਰਾਓ ਸਿੰਘ ਦੀ amendment ਕਬੂਲ ਕਰ ਲਈ ਹੈ ਕਿਉਂਕਿ ਇਹ ਐਕਟ ਬਣਨ ਨਾਲ ਮੁਕਦਮਾਬਾਜ਼ੀ ਨ ਚਲ ਪਏ ਔਰ ਤਸ਼ਖੀਸ ਦਾ ਕੰਮ ਨਾ ਰੁਕ ਜਾਏ । ਇਸ ਨੁਕਤਾ-ਨਿਗਾਹ ਨਾਲ ਉਹ ਕਲਾਜ਼ ਮੈਂ ਸਮਝਦਾ ਹਾਂ ਮਨਜ਼ੂਰ ਕਰ ਲੈਣੀ ਚਾਹੀਦੀ ਹੈ ।

ਸਰਦਾਰ ਅੱਛਰ ਸਿੰਘ ਛੀਨਾ : ਅਗੇ ਤੋਂ ਅਸੀਂ ਆਪਣੀਆਂ amendments ਵੀ ਸਰਦਾਰ ਉਮਰਾਓ ਸਿੰਘ ਨੂੰ ਦੇ ਦਿਆ ਕਰਾਂਗੇ ।

ਮਾਲ ਮੰਤ੍ਰੀ : ਪਰ ਮੇਰੇ ਨਾਲ ਸਲਾਹ ਕਰਕੇ ਦਿਆ ਕਰੋ ।

Mr. Speaker : Question is —

In part (ii), line 4, *for* "two hundred and forty rupees" *substitute* "rupees six hundred a year."

The motion was lost

Mr. Speaker Question is :—

In the proposed sub-clause (ii), line 4, *for* "two hundred and forty rupees" *substitute* "three hundred and sixty rupees."

The motion was by leave withdrawn

Mr. Speaker . Question is :—

In the proposed sub-clause (ii), line 4, after the words "forty rupees" *add* "in such towns situated in flood areas which fall in the area declared backward by the State Government."

The motion was lost

Mr. Speaker : Question is :—

In part (ii) line 4, *for* "two hundred and forty rupees" *substitute*" one thousand rupees a year."

The motion was lost

Mr. Speaker : Question is :—

For the existing clause 7 *substitute* the following :—

"7. In clause (f) of sub-section (1) of section 59 of the principal Act the words "or when the land has been put to use for non-agricultural purposes, such as brick-kilns, factories, houses, landing grounds and other similar purposes" and the proviso thereto shall be omitted and the following clause and provisos shall be added—

(g) when the land has been put to use for non-agricultural purposes such as brick-kilns, factories, cinemas, shops, hotels, houses, landing grounds and other similar purposes, whether or not already assessed to land revenue—

Provided that in case of clauses (f) and (g) any use of land for purposes of a garden, an orchard or for pasture or the use of houses on such land occupied for agricultural purposes or for purposes subservient to agricultural or small-scale cottage industries or for any public charitable or religious purposes shall not be considered as a use different from that for which an assessment is in force or for non-agricultural purposes ·

Provided further that in case of clauses (f) and (g) residential houses, in occupation of the owners, with an annual rental value not exceeding three hundred rupees shall not be liable to special assessment."

The motion was carried

Mr. Speaker : Question is—

That clause 7, as amended, stand part of the bill.

The motion was carried

CLAUSE I

Mr. Speaker : Question is:—

That Clause I stand part of the Bill.

The motion was carried

TITLE

Mr. Speaker : Question is—

That Title be the Title of the Bill.

The motion was carried

Minister for Revenue (Giani Kartar Singh) : Sir, I beg to move —

That the Punjab Land Revenue (Amendment) Bill, 1958, as amended, be passed.

Mr. Speaker : Motion moved—

That the Punjab Land Revenue (Amendment) Bill, 1958, as amended, be passed.

Mr. Speaker : The House will adjourn at 5-15 p. m. to-day owing to the Governor's 'At Home'.

ਸ਼੍ਰੀ ਲਾਲ ਚੰਦ (ਜਲੰਧਰ ਸ਼ਹਿਰ, ਉੱਤਰ-ਪੂਰਬ) : ਸਪੀਕਰ ਸਾਹਬ, ਜਿਸ ਸ਼ਕਲ ਵਿਚ amendment ਦੇ ਬਾਅਦ ਇਹ ਬਿਲ ਪਾਸ ਕੀਤਾ ਜਾ ਰਿਹਾ ਹੈ, ਮੇਰਾ ਵਿਚਾਰ ਉਹੀ ਹੈ ਜਿਹੜਾ ਕਿ ਸਰਦਾਰ ਸਰੂਪ ਸਿੰਘ ਹੋਰਾਂ ਦਾ ਹੈ। ਇਸ ਦੇ ਅਲਾਵਾ ਹੋਰ ਵੀ grounds ਹਨ ਜਿਨ੍ਹਾਂ ਕਰਕੇ ਮੈਂ ਕਹਿ ਸਕਦਾ ਹਾਂ ਕਿ ਇਹ ਬਿਲ *ultra vires* of the Constitution ਹੈ। Constitution ਦਾ ਜੋ ਸਤਵਾਂ Schedule ਹੈ ਉਸ ਦੇ article 45-46 ਵਿਚ ਇਕ ਚੀਜ਼ ਦਾ mention ਹੈ। ਉਨ੍ਹਾਂ ਵਿਚ ਦੋ ਤਰ੍ਹਾਂ ਦੀਆਂ ਚੀਜ਼ਾਂ......

Sardar Bhupinder Singh Mann : On a point of order, Sir. The plea tha the bill is *ultra vires* of the Constitution is taken on the consideration stage. Having passed the bill, it is not for us to raise the point that the bill is *ultra vires*.

Mr. Speaker : He is still advising. This is the third stage of the Bill.

ਸ਼੍ਰੀ ਲਾਲ ਚੰਦ : Schedule 45 ਵਿਚ Land Revenue Act ਦੇ ਸਬੰਧ ਵਿਚ "Land" ਦੀ ਜਿਹੜੀ definition ਦਿਤੀ ਗਈ ਹੈ ਉਸ ਨੂੰ ਹੁਣ change ਕਰਨਾ ਚਾਹੁੰਦੇ ਹਨ। ਇਸ ਬਿਲ ਦੇ ਪਾਸ ਹੋ ਜਾਣ ਨਾਲ ਨਤੀਜਾ ਇਹ ਹੋਵੇਗਾ ਕਿ ਲੋਕ court ਵਿਚ ਜਾਣਗੇ ਤੇ court ਇਹ ਫੈਸਲਾ ਕਰੇਗਾ ਕਿ ਜਿਸ land ਤੇ ਕੋਈ building construct ਹੋ ਜਾਂਦੀ ਹੈ ਉਹ land ਨਹੀਂ ਰਹਿੰਦੀ ਉਹ House construction

[ਸ੍ਰੀ ਲਾਲ ਚੰਦ]

ਦੇ ਤਹਿਤ ਆ ਜਾਂਦੀ ਹੈ ਤੇ Law ਦੇ ਮੁਤਾਬਕ courts ਦਾ ਫੈਸਲਾ ਇਸ ਕਾਨੂੰਨ ਦੇ ਖਿਲਾਫ ਜਾਏਗਾ। Schedule 46 ਦੇ agricultural income ਦੀ definition ਤੇ Housing income-tax ਦੀ definition ਇਕ ਹੈ। ਇਸ definition ਦੇ ਮੁਤਾਬਕ ਜੋ agricultural income ਹੋਵੇਗੀ ਉਸ ਤੇ cess charge ਕਰ ਸਕਦੇ ਹਨ ਪਰ housing income ਤੇ charge ਨਹੀਂ ਕਰ ਸਕਦੇ।

ਇਕ ਹੋਰ point ਹੈ। Constitution ਦਾ Article 15 ਹੈ ਜਿਸ ਦੇ ਮੁਤਾਬਕ discriminatory legislation ਨਹੀਂ ਬਣ ਸਕਦੀ। ਪਰ ਇਹ legislation on the face of it discriminatory ਹੈ। ਕਿਉਂਕਿ ਇਸ ਦੇ ਅੰਦਰ......ਮੈਂ ਪੰਜਾਬੀ ਜ਼ਬਾਨ ਵਿਚ ਹੀ ਆਪਣੀ ਤਕਰੀਰ ਜਾਰੀ ਰਖਾਂਗਾ [*Cheers*] ਇਸ ਵਿਚ ਇਹ ਦਿਤਾ ਗਿਆ ਹੈ ਕਿ village sites ਨੂੰ ਛੱਡ ਦਿੱਤਾ ਜਾਏ ਤੇ town sites ਤੇ ਇਹ cess ਲਗਾ ਦਿਤਾ ਜਾਏ। ਇਸ ਤਰ੍ਹਾਂ ਕਰਨ ਨਾਲ village ਤੇ town sites ਦੀ population ਨਾਲ discrimination ਹੋਵੇਗੀ। ਇਹ ਚੀਜ਼ Constitution ਦੇ Article 15 ਦੀ infringement ਕਰਦੀ ਹੈ ਤੇ ਇਸ ਤਰ੍ਹਾਂ ਇਹ ਬਿਲ ਪਾਸ ਵੀ ਕੀਤਾ ਗਿਆ ਤਾਂ ਇਹ void ਕਰਾਰ ਦਿਤਾ ਜਾਏਗਾ।

ਇਸ ਦੇ ਅਲਾਵਾ ਇਕ ਹੋਰ alternative ਹੈ। ਇਕ Full Bench ਦਾ Ruling ਹੈ ਜਿਸ ਦੇ ਮੁਤਾਬਕ ਜੇ ਇਕ ਟੈਕਸ ਲਗਾ ਹੋਇਆ ਹੈ ਤੇ ਇਕ ਹੋਰ ਟੈਕਸ ਕਿਸੇ ਹੋਰ ਨਾਂ ਤੇ ਉਸੇ ਚੀਜ਼ ਤੇ ਲਾ ਦਿਤਾ ਜਾਏ ਤਾਂ ਉਹ ਕਾਨੂੰਨ *ultra vires* ਹੁੰਦਾ ਹੈ। ਇਹ ਹੋ ਸਕਦਾ ਹੈ ਕਿ ਉਹ ਦੂਜੀ ਸ਼ਕਲ ਵਿਚ raise ਕਰ ਦਿਤਾ ਜਾਏ, ਕਿਸੇ ਹੋਰ ਨਾਂ ਤੇ ਉਹ ਕਾਨੂੰਨ ਨਹੀਂ ਲਿਆਂਦਾ ਜਾ ਸਕਦਾ। ਮਿਸਾਲ ਦੇ ਤੌਰ ਤੇ property tax ਗੌਰਮਿੰਟ ਵਧਾ ਸਕਦੀ ਸੀ ਲੇਕਿਨ ਇਸ ਦੀ ਬਜਾਏ ਇਕ ਹੋਰ ਸ਼ਕਲ ਵਿਚ Land Revenue Act ਦੀ amendment ਪੇਸ਼ ਕਰ ਕੇ ਉਸ difficulty ਨੂੰ overcome ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਸ ਵੇਲੇ House tax ਲਗਾ, Jullundur municipality ਨੇ ਉਸ ਕਾਨੂੰਨ ਨੂੰ challenge ਕੀਤਾ। ਸਾਡੀ ਸਰਕਾਰ ਨੇ ਉਸ case ਵਿਚ ਰਾਜ਼ੀਨਾਮਾ ਕਰ ਲਿਆ ਤੇ court ਦੁਆਰਾ ਫੈਸਲਾ ਲੈਣ ਦੀ ਕੋਸ਼ਿਸ਼ ਨਾ ਕੀਤੀ। ਦੂਜਾ ਟੈਕਸ ਇਸ nature ਦਾ property ਤੇ ਨਹੀਂ ਲਗ ਸਕਦਾ। ਇਹ ਟੈਕਸ ਬਿਲਕੁਲ ਉਹ ਹੀ ਟੈਕਸ ਹੈ ਜੋ property tax ਹੈ ਤੇ ਹੂ ਬਹੂ ਉਸੇ ਕਾਨੂੰਨ ਦੀ ਸ਼ਕਲ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਕਲ੍ਹ ਨੂੰ ਗੌਰਮਿੰਟ ਕਹਿ ਸਕਦੀ ਹੈ ਕਿ ਕੋਠਾ ਟੈਕਸ ਲਾ ਦਿਓ। ਕਿਸੇ ਆਦਮੀ ਦੇ 5 ਕੋਠੇ ਹਨ ਜੇ ਇਕ ਕੋਠੇ ਦੇ 5 ਰੁਪਏ ਸਾਲ ਟੈਕਸ ਲਗਦਾ ਹੈ ਤਾਂ ਪੰਜਾਂ ਕੋਠਿਆਂ ਤੇ 25 ਰੁਪਏ ਟੈਕਸ ਲਗੇਗਾ। ਟੱਟੀ ਅਲਗ ਗਿਣੀ ਜਾਏਗੀ, Kitchen ਵੀ ਸ਼ੁਮਾਰ ਹੋਵੇਗਾ, urinal ਵੀ ਸ਼ੁਮਾਰ ਹੋਵੇਗਾ ਤੇ ਉਸ ਦਾ ਨਾਂ ਰਖ ਦੇਣਗੇ Kotha Tax। ਇਸ ਤਰ੍ਹਾਂ ਦਾ ਕਾਨੂੰਨ court ਵਿਚ valid ਨਹੀਂ ਕਰਾਰ ਦਿਤਾ ਜਾ ਸਕਦਾ। ਸਾਡੇ ਮਾਨਯੋਗ ਮਾਲ ਮੰਤ੍ਰੀ ਇਕ ਸਾਧੂ ਪੁਰਸ਼ ਹਨ। ਰੱਬ ਕਰਦਾ ਕਿ ਇਨ੍ਹਾਂ ਪਾਸ ਵੀ ਇਕ ਮਕਾਨ ਹੁੰਦਾ। ਸਾਲ ਦੇ ਬਾਅਦ 50 ਰੁਪਏ property tax ਦੇਣਾ ਪੈਂਦਾ। ਇਹ ਟੈਕਸ ਦੇ ਕੇ ਹਟਦੇ ਤਾਂ 50 ਰੁਪਏ house-tax ਦੇਣਾ ਪੈਂਦਾ। ਉਹ ਟੈਕਸ ਦੇ ਕੇ ਹਟਦੇ ਤਾਂ land revenue ਮੰਗਿਆ ਜਾਂਦਾ ਤੇ ਕਿਹਾ ਜਾਂਦਾ ਕਿ 50 ਨਹੀਂ 85 ਰੁਪਏ ਲਗਣੇ ਹਨ। ਜਿਸ ਆਦਮੀ

ਨੇ ਸਪੀਕਰ ਸਾਹਿਬ, 4,5 ਕਮਰੇ ਬਣਾਏ ਹੋਏ ਹਨ ਤੇ ਉਸ ਨੂੰ ਬਾਰੇ ਵਾਰ ਤਿੰਨ ਟੈਕਸ ਦੇਣੇ ਪੈਣ ਤਾਂ ਮੇਰੇ ਵਰਗਾ ਆਦਮੀ ਤੇ ਇਹ ਕਹੇਗਾ ਕਿ ਇਸ ਕੋਠੇ ਨੂੰ ਅੱਗ ਲਾ ਦੇਣ ਤਾਂ ਚੰਗਾ ਹੋਵੇਗਾ । ਮੈਂ ਕਹਿੰਦਾ ਹਾਂ ਕਿ ਜੇ ਕੋਈ ਆਦਮੀ ਬੇਕਾਰ ਹੈ ਅਤੇ ਉਸ ਦਾ ਕੋਈ ਆਮਦਨੀ ਦਾ ਜ਼ਰੀਆ ਨਹੀਂ ਤੇ ਉਸ ਨੂੰ ਤਿੰਨ ਟੈਕਸ ਦੇਣੇ ਪੈਣ ਤਾਂ ਉਹ ਬੜਾ hard hit ਹੋਵੇਗਾ । ਗਿਆਨੀ ਜੀ ਨੇ ਆਪਣੀ Speech ਵਿਚ ਕਿਹਾ ਸੀ ਕਿ ਅਸੀਂ discrimination ਨਹੀਂ ਕਰਨਾ ਚਾਹੁੰਦੇ ਸ਼ਹਿਰ ਵਾਲਿਆਂ ਨੂੰ ਤਾਂ ਪਤਾ ਲਗੇਗਾ ਜਦੋਂ ਉਹ ਹਾਲਾ ਦੇਣਗੇ । ਮੈਂ ਗਿਆਨੀ ਜੀ ਨੂੰ ਸ਼ਹਿਰੀਆਂ ਦੀ ਤਰਫੋਂ ਕਹਿਣਾ ਚਾਹੁੰਦਾ ਹਾਂ ਕਿ ਪਿੰਡਾਂ ਵਾਲਿਆਂ ਤੇ ਹਾਲਾ agriculture ਦੀ income ਦੀ basis ਤੇ ਬੇਸ਼ਕ ਲਾਓ । ਪੁਰਾਣੀ ਸਰਕਾਰ ਦੇ ਪਏ ਹੋਏ ਬੋਝ ਨੂੰ ਛਡੋ । ਜੇ ਉਹ ਇਸ ਦੇ ਜਵਾਬ ਵਿਚ ਕਹਿਣ ਕਿ ਗੌਰਮਿੰਟ ਪੈਸੇ ਕਿਥੋਂ ਲਿਆਵੇ ਤਾਂ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਜਿਹੜੀਆਂ ਫਜ਼ੂਲ ਖਰਚੀਆਂ ਕਰਦੇ ਹੋ ਉਸ ਨੂੰ ਘਟਾਓ । ਗਰੀਬ ਜਨਤਾ ਦਾ ਖਜ਼ਾਨਾ ਨਾ ਲੁਟਾਓ । ਕਰੋੜਾਂ ਰੁਪਏ ਦੀਆਂ ਬਿਲਡਿੰਗਾਂ ਦਾ ਖਿਆਲ ਛਡੋ, ਮਹੱਲਾਂ ਦੇ ਵਿਚ ਰਹਿਣ ਦੇ ਖਾਬ ਨਾ ਲਉ ਜਿਸ ਤਰ੍ਹਾਂ ਪੰਜਾਬ ਵਿਚ average ਲੋਕ ਰਹਿਣ ਵਾਲੇ ਹਨ ਉਸ ਤਰ੍ਹਾਂ ਗੌਰਮਿੰਟ ਦਾ ਮਿਆਰ ਬਣਾਉ । ਜਿਹੜਾ ਖਰਚ ਇਸ ਵੇਲੇ unproductive ਕੰਮਾਂ ਤੇ ਹੋ ਰਿਹਾ ਹੈ ਉਹ ਪੈਸੇ ਨੂੰ productive Scheme ਤੇ ਲਗਾਓ । ਇਸ ਤਰ੍ਹਾਂ ਸਰਕਾਰ ਦੀ ਆਮਦਨ ਵਧੇਗੀ । ਮੈਂ ਅਰਜ਼ ਕਰਾਂਗਾ ਕਿ ਇਸ ਟੈਕਸ ਨੂੰ ਲਗਾਉਣ ਵਿਚ ਬਹੁਤ ਸਾਰੀਆਂ legal ਖਾਮੀਆਂ ਹਨ । ਮੈਂ ਗੌਰਮਿੰਟ ਦਾ ਧਿਆਨ ਇਸ ਤਰਫ ਦਵਾਉਣਾ ਚਾਹੁੰਦਾ ਹਾਂ ਕਿ ਗੌਰਮਿੰਟ ਨੇ promise ਕੀਤਾ ਸੀ ਕਿ ਜਿਸ ਵੇਲੇ Enquiry Report ਆਏਗੀ ਤਾਂ ਅਸੀਂ property tax withdraw ਕਰ ਲਵਾਂਗੇ । ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਬਜਾਏ relief ਦੇਣ ਦੇ ਤੇ property tax ਹਟਾਉਣ ਦੇ ਇਕ ਹੋਰ ਟੈਕਸ ਜਿਹੜਾ ਦੋਹਾਂ ਟੈਕਸਾਂ ਦਾ ਪਿਉ ਹੈ ਉਸ ਦਾ ਭਾਰ ਸਾਡੇ ਸਿਰ ਤੇ ਸੁਟ ਦਿੱਤਾ ਗਿਆ ਹੈ । ਮੇਰੇ ਇਕ ਦੋਸਤ ਨੇ ਕਿਹਾ ਹੈ ਕਿ ਸ਼ਹਿਰਾਂ ਵਿਚ ਬੇਚੈਨੀ ਪੈਦਾ ਹੋਵੇਗੀ । ਬੇਚੈਨੀ ਦੇ ਅਸੀਂ ਮੁਜਬ ਨਹੀਂ । ਅਸੀਂ ਇਸ ਬੇਚੈਨੀ ਨੂੰ ਦੂਰ ਕਰਨਾ ਚਾਹੁੰਦੇ ਹਾਂ । ਇਸ ਲਈ ਮੈਂ ਸਰਕਾਰ ਨੂੰ ਵਕਤ ਸਿਰ ਚੇਤਾਵਣੀ ਦੇਣਾ ਚਾਹੁੰਦਾ ਹਾਂ ਕਿ ਇਸ ਬੇਚੈਨੀ ਨੂੰ ਹਟਾਇਆ ਜਾਏ । ਇਸ ਬੇਚੈਨੀ ਨੂੰ ਕੋਈ ਰੋਕ ਨਹੀਂ ਸਕਦਾ—ਨਾ ਸਰਦਾਰ ਅੱਛਰ ਸਿੰਘ ਛੀਨਾ ਇਸ ਨੂੰ ਰੋਕ ਸਕਦੇ ਹਨ ਅਤੇ ਨਾ ਕੋਈ ਹੋਰ । ਇਹ ਪਬਲਿਕ ਦੀ ਆਵਾਜ਼ ਹੈ, ਇਹ ਖੁਦ ਬੇਚੈਨੀ ਬਣ ਕੇ ਆਪ ਦੇ ਗਲੇ ਪਏਗੀ । ਇਸ ਦਾ ਨਤੀਜਾ ਇਹ ਹੋਵੇਗਾ ਕਿ ਪੰਜ ਸਾਲਾ ਪਲੈਨ ਖੜੀ ਦੀ ਖੜੀ ਰਹਿ ਜਾਏਗੀ ਤੇ ਸਰਕਾਰ ਦਾ ਧਿਆਨ ਇਨ੍ਹਾਂ movements ਤੇ agitations ਨੂੰ ਰੋਕਣ ਵਿਚ ਹਰ ਵੇਲੇ ਲਗਾ ਰਹੇਗਾ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਬੇਚੈਨੀ ਅਸੀਂ ਨਹੀਂ ਪੈਦਾ ਕਰਨਾ ਚਾਹੁੰਦੇ ਗੌਰਮਿੰਟ ਖੁਦ ਪੈਦਾ ਕਰਨਾ ਚਾਹੁੰਦੀ ਹੈ । ਇਸ ਲਈ ਮੈਂ ਗੌਰਮਿੰਟ ਨੂੰ warn ਕਰਨਾ ਚਾਹੁੰਦਾ ਹਾਂ ਕਿ ਬੇਚੈਨੀ ਪੈਦਾ ਨਾ ਕਰੋ ਤੇ ਲੋਕਾਂ ਦੀ ਹਾਲਤ ਨੂੰ ਵੇਖ ਕੇ ਉਨ੍ਹਾਂ ਤੇ ਸਹਿੰਦੇ ਸਹਿੰਦੇ ਟੈਕਸ ਲਾਓ ।

ਸਰਦਾਰ ਸਰੂਪ ਸਿੰਘ (ਅੰਮ੍ਰਿਤਸਰ ਸ਼ਹਿਰ, ਸਿਵਿਲ ਲਾਈਨਜ਼) : ਸਪੀਕਰ ਸਾਹਿਬ, ਗਿਆਨੀ ਜੀ ਨੇ ਕਲ ਇਕ ਕਲਾਜ਼ ਤੇ ਤਕਰੀਰ ਕਰਦਿਆਂ ਹੋਇਆਂ ਕਿਹਾ ਸੀ ਕਿ ਮੈਂ ਇਸ ਬਿਲ ਨੂੰ immoral ਕਿਉਂ ਕਹਿੰਦਾ ਹਾਂ । ਮੈਂ ਇਹ ਹੁਣ ਵਾਜ਼ਿਆ ਕਰ ਦੇਣਾ ਚਾਹੁੰਦਾ ਹਾਂ ਕਿ

[ਸਰਦਾਰ ਸਰੂਪ ਸਿੰਘ]

ਮੈਂ ਇਸ ਨੂੰ immoral ਕਿਉਂ ਕਹਿੰਦਾ ਹਾਂ । ਇਹ measure pride ਤੇ prejudice ਉਪਰ based ਹੈ । ਗਿਆਨੀ ਜੀ ਨੂੰ ਇਹ ਸ਼ੋਭਦਾ ਨਹੀਂ । It is a wine of smash and grab vintage. ਗੌਰਮਿੰਟ ਨੇ ਇਹ ਜੋ ਬਿਲ ਪੇਸ਼ ਕੀਤਾ ਹੈ ਉਹ ਇਸ ਤਰ੍ਹਾਂ ਹੈ ਜਿਵੇਂ ਕਿਸੇ ਚੀਜ਼ ਨੂੰ ਖਾ ਲਓ ਤੇ ਉਸ ਵਿਚ Pakistani flavour ਹੋਵੇ । ਇਸ ਦੇ ਇਲਾਵਾ ਇਹ measure vindictive ਹੈ, tax-payers ਨੂੰ throttle ਕਰਦਾ ਹੈ । ਸਾਰੇ ਸਮਾਜ ਵਿਚ ਇਹ ਇਕ ਅਜਿਹਾ unjust measure ਹੈ ਜਿਸ ਦੀ ਮਿਸਾਲ ਮੈਂ ਆਪ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ । ਅੰਮ੍ਰਿਤਸਰ ਸ਼ਹਿਰ ਵਿਚ ਇਕ building ਹੈ । unfortunately ਉਹ cinema ਹੈ । ਉਸ ਦੀ ਕਰਾਏ ਦੀ ਕੁਲ ਆਮਦਨ 26,400 ਰੁਪਿਆ ਆਉਂਦੀ ਹੈ । ਇਹ ਜਿਹੜਾ ਮਰਲਾ ਟੈਕਸ ਤਸ਼ਖੀਸ਼ ਹੋਇਆ ਹੈ ਇਹ 5,136 ਰੁਪਏ ਹੈ । ਗਿਆਨੀ ਜੀ ਨੇ Special Charges Land Revenue Amendment Bill ਪੇਸ਼ ਕੀਤਾ ਹੈ । ਇਸ ਦੇ ਨਾਲ ਇਹ ਤਿੰਨ ਗੁਣਾ ਹੋ ਗਿਆ ਹੈ, ਜੋ 15,408 ਰੁਪਏ ਹੈ । ਇਸ ਦੇ ਇਲਾਵਾ house Tax 2,430 ਰੁਪਏ Property Tax 2,430 ਰੁਪਏ ਹੈ । ਅਗਰ ਉਸ ਦੀ depreciation ਗਿਣੀਏ ਤਾਂ 3,626 ਰੁਪਏ ਹੈ । 1,236 ਰੁਪਏ interest । ਅਗਰ repairs ਦਾ ਅੰਦਾਜ਼ਾ ਲਗਾਈਏ ਤਾਂ 2,200 ਰੁਪਿਆ ਬਣਦਾ ਹੈ । ਇਸ ਤਰ੍ਹਾਂ 27,330 ਰੁਪਏ ਉਸ ਦਾ ਸਾਰਾ ਖਰਚ ਬਣ ਜਾਂਦਾ ਹੈ । ਮੈਂ ਕਹਿੰਦਾ ਹਾਂ ਕਿ ਅਗਰ ਇਹ immoral measure ਨਹੀਂ ਤਾਂ ਇਹ ਕਿਹੜਾ measure ਹੈ ਜਿਸ ਵਿਚ taxation ਜੋ ਆਮਦਨ ਤੋਂ ਵੀ high ਹੈ, ਕੀ ਤੁਸੀਂ house building ਨੂੰ ਬੰਦ ਕਰਨਾ ਚਾਹੁੰਦੇ ਹੋ ? ਸ਼ਹਿਰਾਂ ਨੂੰ ਢਾਉਣਾ ਚਾਹੁੰਦੇ ਹੋ ? ਉਨ੍ਹਾਂ ਨੂੰ ਮਸਮਾਰ ਕਰਨਾ ਚਾਹੁੰਦੇ ਹੋ ? ਉਨ੍ਹਾਂ ਲੋਕਾਂ ਨੂੰ ਉਥੋਂ ਭਜਾਉਣਾ ਚਾਹੁੰਦੇ ਹੋ ? ਕੁਲਾਂਕਿ ਇਹ ਚੀਜ਼ ਉਨ੍ਹਾਂ ਦੇ ਦਿਲ ਵਿਚ clear ਹੋਣੀ ਚਾਹੀਦੀ ਹੈ । ਇਕ ਬਿਲ ਇਕ ਦਿਨ ਪਾਸ ਕਰ ਦੇਣਾ ਤੇ ਦੂਜਾ ਬਿਲ ਦੂਜੇ ਦਿਨ ਪਾਸ ਕਰ ਦੇਣਾ ਠੀਕ ਨਹੀਂ । ਗਿਆਨੀ ਜੀ ਦੀ ਬੜੀ ਚੰਗੀ ਆਤਮਾ ਹੈ । ਜ਼ਮੀਨ ਦਾ ਇਹ measure ਲਿਆਉਣ ਨਾਲ ਉਨ੍ਹਾਂ ਦੇ ਦਿਲ ਤੇ ਸੱਟ ਵੱਜੀ ਹੈ । ਮੈਂ ਏਸ ਤਰ੍ਹਾਂ ਦੀਆਂ ਐਸੀਆਂ ਮਿਸਾਲਾਂ ਪੇਸ਼ ਕਰਦਾ ਹਾਂ ਕਿ ਇਹ ਜਿਹੜਾ measure ਹੈ ਇਹ ਕਿਸ ਤਰ੍ਹਾਂ ਹਾਨੀਕਾਰਕ ਸਾਬਤ ਹੋਏਗਾ । ਇਸ ਦੇ ਇਲਾਵਾ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਮੇਰੇ ਕਿਸੇ ਵੀ ਕਾਨੂੰਨੀ point ਦਾ ਜਵਾਬ ਦੇਣ ਦੀ ਕੋਸ਼ਿਸ਼ ਨਹੀਂ ਕੀਤੀ । ਔਰ ਮੈਂ ਸਮਝਦਾ ਹਾਂ ਕਿ ਕੋਈ ਏਧਰਲੀਆਂ ਓਧਰਲੀਆਂ ਗੱਲਾਂ ਕਰਕੇ, ਕੁਝ ਹਾਊਸ ਨੂੰ ਹਾਸੇ ਦੀਆਂ ਗੱਲਾਂ ਕਹਿ ਕੇ ਵਕਤ ਟਪਾਉਣ ਦੀ ਕੋਸ਼ਿਸ਼ ਕੀਤੀ ਹੈ । ਅਗਰ ਇਹ ਸ਼ਹਿਰ ਪਹਿਲਾਂ land revenue ਤੋਂ ਮੁਸਤਸਨਾ ਰਖੇ ਗਏ ਨੇ ਤਾਂ ਇਸ ਦੀ ਵਜ੍ਹਾ ਹੈ । ਕੀ ਉਹ ਵਜ੍ਹਾ ਹੁਣ operative ਨਹੀਂ, ਕਾਇਮ ਨਹੀਂ, ਵਾਜਬ ਨਹੀਂ ? ਪਹਿਲਾਂ ਜੇ ਉਹ ਗੱਲ ਨਹੀਂ ਸੀ ਤਾਂ ਜਦੋਂ ਲਾਲ ਲਕੀਰ extend ਹੋ ਗਈ ਤਾਂ ਇਹ ਸ਼ਹਿਰ extend ਕਿਉਂ ਨਹੀਂ ਹੋ ਗਏ ? ਅਗਰ non-agricultural use ਵਿਚ ਹੋਰ areas ਆ ਗਏ ਨੇ ਤਾਂ ਇਸ ਨੂੰ ਹੋਰ extend ਕਰਨਾ ਵਿਤਕਰਾ ਹੈ । ਜ਼ਮੀਨ ਦਾ ਹੋਰ ਤਰੀਕੇ ਦਾ ਵਿਤਕਰਾ ਨਾ ਹੋਵੇ, ਵਿਤਕਰਾ ਦੂਸਰੇ ਪਾਸੇ ਵੀ ਹੋ ਸਕਦਾ ਹੈ । ਇਕ ਮੰਨਿਆ ਹੋਇਆ ਅਸੂਲ ਹੈ ਕਿ ਜਿਹੜੀ ਜ਼ਮੀਨ non-agricultural use ਵਿਚ ਲਿਆਈ ਜਾ ਰਹੀ ਹੈ ਉਸ ਤੇ taxtaion ਹੋਰ heavy ਹੁੰਦਾ ਜਾ ਰਿਹਾ ਹੈ । ਅਸੀਂ 20% already ਲਗਾ ਰਹੇ ਹਾਂ ।

Taxation Inquiry Commission ਦੀ ਜੋ recommendation ਹੋਈ, ਉਨ੍ਹਾਂ ਨੇ annual rental value ਦਾ 3% ਤੋਂ 6% ਲਗਾਇਆ । ਬੰਬਈ ਵਿਚ 500 ਰੁਪਏ ਸਾਲਾਨਾ ਅਜਿਹੀ ਆਮਦਨ ਤੇ ਕੋਈ tax ਨਹੀਂ । 500 ਰੁਪਏ ਤੋਂ 2000 ਰੁਪਏ ਤਕ $2\frac{1}{2}$% ਅਤੇ 2000 ਤੋਂ ਉਤੇ $3\frac{1}{2}$% । ਪਰ ਤੁਸੀਂ 20% ਲਗਾ ਕੇ ਰੱਜਦੇ ਨਹੀਂ । ਇਹ ਗੈਰ ਮੁਬਹਮ recommendation ਹੈ । ਏਸ tax ਨੂੰ municipal department ਦੀ ਜ਼ਿਆਦਾ development ਕਰਕੇ ਬਚਾਓ । ਅਗਰ ਇਹ recommendation ਨਹੀਂ ਮੰਨਦੇ ਤੇ ਇਹ provincialise ਕਰਦੇ ਹੋ ਤਾਂ ਇਹ ਉਨ੍ਹਾਂ ਦੀ ਵਿਰੋਧਤਾ ਨਹੀਂ ਕਰਦੇ ਤਾਂ ਹੋਰ ਕੀ ਕਰਦੇ ਹੋ ? ਇਸ ਵਾਸਤੇ ਮੈਂ ਆਪ ਜੀ ਦੇ ਦੁਆਰਾ ਫੇਰ ਇਹੋ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੇ masses ਨੇ, ਉਨ੍ਹਾਂ ਲੋਕਾਂ ਦਾ ਗੌਰਮਿੰਟ ਤੇ Confidence ਤੇ good will ਹੋਏ । ਉਹ ਅਸਲੀ sovereign ਹਨ । ਦੂਜੇ ਉਹ ਲੋਕ ਨੇ ਜਿਸ ਤਰ੍ਹਾਂ vicarious sovereignty ਇਸ ਹਾਊਸ ਨੂੰ ਹੈ । ਉਸ ਤੋਂ ਬਾਦ ਇਸ cabinet ਨੂੰ represent ਕਰਨ ਦੇ ਸਹੀ ਮਾਅਨਿਆਂ ਵਿਚ ਤੁਸੀਂ representatives ਹੋ । ਜਨਤਾ sovereign ਹੈ । ਜਿਹੜੇ ਤੁਸੀਂ measures ਪਾਸ ਕਰਦੇ ਹੋ ਇਨ੍ਹਾਂ ਨੇ affect ਕਰਨਾ ਹੈ ਉਨ੍ਹਾਂ ਨੂੰ ਜਿਹੜੇ ਤੁਹਾਡੇ sovereign ਨੇ, ਜਿਹੜੇ, ਅਗਰ ਤੁਸੀਂ ਜ਼ਿਆਦਤੀ ਕਰੋ ਤਾਂ ਤੁਹਾਨੂੰ ਬਦਲ ਸਕਦੇ ਨੇ । ਉਨ੍ਹਾਂ ਦੀ goodwill ਇਨ੍ਹਾਂ ਵਿਚ ਹੋਣੀ ਚਾਹੀਦੀ ਹੈ । Law ਦਾ ਅਤੇ morality ਦਾ ਇਹ basic principal ਹੈ ਕਿ ਜਿਹੜੇ ਲੋਕਾਂ ਤੇ ਇਹ ਕਾਨੂੰਨ ਅਸਰਅੰਦਾਜ਼ ਹੋਏ ਨੇ ਉਨ੍ਹਾਂ ਦੀ goodwill ਉਨ੍ਹਾਂ measures ਦੇ ਨਾਲ ਹੋਵੇ । ਏਥੇ ਏਸ ਮੁਲਕ ਵਿਚ ਕੋਈ ਬਹਿਰਾ ਗੂੰਗਾ ਆਦਮੀ ਨਹੀਂ ਰਹਿੰਦਾ ਜਿਹੜਾ ਇਹ ਨਾ ਜਾਣਦਾ ਹੋਵੇ ਕਿ ਏਥੇ Second Five-Year Plan ਚਲ ਰਹੀ ਹੈ, ਏਸ ਨੂੰ ਕਾਮਯਾਬ ਕਰਨਾ ਹੈ । ਲੇਕਿਨ ਉਸ ਦੀ ਆੜ ਲੈਕੇ ਜੋ ਜਾਇਜ਼ ਨਾਜਾਇਜ਼ ਟੈਮ ਕਰਨਾ ਹੈ, ਜਾਇਜ਼ ਨਾਜਾਇਜ਼ expenditure ਕਰਨਾ ਹੈ, ਇਹ ਠੀਕ ਨਹੀਂ । ਇਸ ਨੂੰ ਤੁਸਾਂ Justify ਕਰਨਾ ਹੈ । ਮੈਂ ਤੁਹਾਨੂੰ Community Project ਦੇ figures ਦੇ ਸਕਾਂਗਾ । ਇਸ ਦੇ Establishment charges 100% ਨੇ । ਜਿਤਨਾ ਰੁਪਿਆ ਤੁਸੀਂ ਐਸੇ ਬਲਾਕਾਂ ਵਿਚ sanction ਕਰਦੇ ਹੋ ਉਹ ਸਾਰੇ ਦਾ ਸਾਰਾ ਤਨਖਾਹਾਂ ਵਿਚ ਚਲਿਆ ਜਾਂਦਾ ਹੈ । ਕੋਈ Overseer, S.D.O. ਜਾਂ ਤਹਿਸੀਲਦਾਰ ਨੇ ਸੜਕ ਬਣਵਾ ਦਿਤੀ ਯਾ ਖੂਹ ਲਗਵਾ ਦਿਤਾ ਯਾ Agriculture ਵਾਲੇ ਉਥੇ ਕੋਈ farm ਬਣਾ ਦੇਣਗੇ ਤਾਂ Community Project Department ਉਥੇ ਜਾਕੇ opening ceremony ਕਰਵਾ ਦੇਵੇਗਾ । ਮੈਂ ਸਮਝਦਾ ਹਾਂ ਕਿ ਇਹ duplication ਹੈ । ਜਿਹੜਾ education ਦਾ ਸਿਲਸਿਲਾ ਸ਼ੁਰੂ ਕੀਤਾ ਹੈ । ਜਿਹੜੇ ਕੰਧੇ ਬੋਝ ਸਹਾਰ ਸਕਦੇ ਹਨ ਉਨ੍ਹਾਂ ਤੋਂ ਉਠਾਇਆ ਗਿਆ ਹੈ । ਇਸ ਲਈ 3,49,00,000 ਰੁਪਏ ਦਾ ਖਰਚ extra ਲੈ ਰਹੇ ਹੋ । Education ਲਈ ਜਿਹੜੇ ਵਾਲਦੈਨ ਆਪਣੇ ਬਚਿਆਂ ਨੂੰ ਨਹੀਂ ਪੜ੍ਹਾ ਸਕਦੇ ਉਨ੍ਹਾਂ ਦੇ stipends ਵਧਾ ਦਿਉ, ਤਾਕਿ ਉਹ ਬਚਿਆਂ ਨੂੰ ਪੂਰਾ ਪੜ੍ਹਾ ਸਕਣ । ਉਨ੍ਹਾਂ ਨੂੰ relief ਦੇ ਦਿਓ । ਜਿਹੜੇ ਕੰਧੇ ਚੁਕ ਰਹੇ ਸੀ, ਉਨ੍ਹਾਂ ਤੋਂ ਹਟਾ ਕੇ ਉਨ੍ਹਾਂ ਕੰਧਿਆਂ ਤੇ ਚਲਾਉਣਾ ਜਿਹੜੇ ਬਰਦਾਸ਼ਤ ਨਹੀਂ ਕਰ ਸਕਦੇ, ਮੈਂ ਸਮਝਦਾ ਹਾਂ educational field ਵਿਚ private capital ਨੂੰ ਤੁਸੀਂ dry up ਕੀਤਾ ਹੈ । ਹੁਣ ਤੁਸੀਂ house building activity ਨੂੰ ਖਤਮ ਕਰ ਰਹੇ ਹੋ । ਤੁਹਾਡੇ ਕੋਲ Five-Year Plan

[ਸਰਦਾਰ ਸਰੂਪ ਸਿੰਘ]

ਵਿਚ ਕਿੰਨੇ resources ਨੇ ਜੋ ਇਹ ਕਰ ਰਹੇ ਹੋ ? ਏਸ State ਦੇ ਵਿਚੋਂ capital ਬਾਹਰ ਭੇਜਣ ਨਾਲ ਕਿੰਨਾ loss of revenue ਹੋਵੇਗਾ ? (ਘੰਟੀ ਦੀ ਆਵਾਜ਼) ਨਾ time ਹੈ ਨਾ ਸੋਚਣ ਦੀ ਗੱਲ ਕਰਦੇ ਹੋ । ਇਨ੍ਹਾਂ ਵਜੂਹਾਤ ਕਰਕੇ ਇਹ ਬਿਲਕੁਲ—ਸਰਾਸਰ immoral measure ਹੈ । ਇਸ ਦੇ ਨਾਲ ਸ਼ਹਿਰਾਂ ਦੇ ਵਿਚ ਐਸੀ ਕਲਾਸ ਭੜਕ ਜਾਏਗੀ, ਜਿਸ ਲਈ ਇਹ ਦਾਅਵਤ ਦੇ ਰਹੇ ਹੋਓਗੇ । ਜਿਸ ਤਰ੍ਹਾਂ ਦਿੱਲੀ corporation ਵਿਚ ਹੋਇਆ ਹੈ, ਏਥੇ ਵੀ ਉਸੇ ਤਰ੍ਹਾਂ ਹੋਵੇਗੇ । ਇਹ ਸਾਰੀ ਜ਼ਿਮੇਵਾਰੀ ਏਸ Ministry ਦੇ ਸਿਰ ਹੋਏਗੀ, ਹੋਰ ਕਿਸੇ ਤੇ ਨਹੀਂ ਹੋਏਗੀ ।

ਚੌਧਰੀ ਬਲਬੀਰ ਸਿੰਘ (ਹੁਸ਼ਿਆਰਪੁਰ, ਜਨਰਲ) : ਗਿਆਨੀ ਜੀ ਨੇ ਜਵਾਬ ਦਿੰਦੇ ਹੋਏ ਦੋ ਤਿੰਨ ਗੱਲਾਂ ਕਹੀਆਂ ਜਿਨ੍ਹਾਂ ਨਾਲ ਉਨ੍ਹਾਂ ਦੇ ਦਿਲ ਦਾ ਭਾਵ ਬਾਹਰ ਆ ਗਿਆ । ਉਨ੍ਹਾਂ ਨੇ ਕਿਹਾ ਕਿ ਏਸ ਹਾਲੇ ਦੇ ਲੱਗਣ ਨਾਲ ਸੁਆਦ ਆ ਜਾਏਗਾ । ਜਿਨ੍ਹਾਂ ਤੇ ਇਹ ਲਗਾਇਆ ਜਾਣਾ ਹੈ ਉਨ੍ਹਾਂ ਨੂੰ ਸੁਆਦ ਦੇਣ ਲਈ ਜੇ ਇਹ ਲਗਾਇਆ ਜਾ ਰਿਹਾ ਹੈ ਤਾਂ ਸੁਆਦ ਦੇਣ ਲਈ ਹੋਰ ਵੀ ਕਈ ਸਾਰੇ ਤਰੀਕੇ ਨੇ । ਕਿਤੇ ਇਹ ਤਾਂ ਨਹੀਂ ਕਿ ਗਿਆਨੀ ਜੀ ਨਵੇਂ ੨ ਸੁਆਦੀ ਹੋਣ ਦੇ ਨਾਲ, ਉਹ ਨਵੇਂ ਹੋਣ ਕਰਕੇ anarchist ਹਨ ਉਹ anarchy ਫੈਲਾਉਣ ਵੱਲ ਨੂੰ ਤਾਂ ਨਹੀਂ ਜਾ ਰਹੇ ? ਇਕ ਗੱਲ ਉਨ੍ਹਾਂ ਨੇ ਇਹ ਕਹੀ ਕਿ ਜੋ ਕੁਛ ਤਜਵੀਜ਼ਾਂ ਵਿਚੋਂ ਮੰਨ ਲਈਆਂ ਤਾਂ ਉਨ੍ਹਾਂ ਦੇ ਨਾਲ ਜੋ ਵਸੂਲੀ ਹੋਣੀ ਹੈ ਇਸ ਵਸੂਲੀ ਤੇ ਹੀ ਇਹ ਸਾਰਾ ਖਰਚ ਚਲਾ ਜਾਏਗਾ । ਇਸ ਦੇ ਲਈ ਅਸੀਂ ਇਕ ਸੁਝਾਓ ਦੇਣ ਤੇ ਮਜਬੂਰ ਹਾਂ ਕਿ ਜਿਹੜੀ ਗੱਲ ਆਪੋਜ਼ੀਸ਼ਨ ਵਾਲੇ ਕਹਿਣ ਇਨ੍ਹਾਂ ਨੇ ਇਸ ਦੇ ਨਾਲੋਂ ਉਲਟ ਕਰਨਾ ਹੈ । ਇਹ ਜੋ ਪਤਾ ਲਗਿਆ ਹੈ, ਜੋ ਉਸ ਅਫਸਰ ਦੇ ਲਈ ਕਿਹਾ ਗਿਆ, ਜੋ ਅਜਿਹਾ ਕਰਦਾ ਹੈ, ਤਾਂ ਇਨ੍ਹਾਂ ਨੂੰ ਤਕਲੀਫ ਹੋਈ । ਇਮਾਨਦਾਰ ਅਫਸਰ ਵਾ ਨੇ ਜਿਨ੍ਹਾਂ ਨੂੰ ਅਸੀਂ ਹਮੇਸ਼ਾ ਸਪੋਰਟ ਕਰਦੇ ਹਾਂ । ਉਨ੍ਹਾਂ ਨੇ ਬੜੀ ਮੁਸ਼ਕਲ ਨਾਲ ਮਕਾਨ ਬਣਾਇਆ । ਜੇ ਇਹ ਕਿਹਾ ਜਾਵੇ ਤਾਂ ਏਸ ਤੇ ਵੀ ਤਕਲੀਫ ਹੋਈ । ਅਸੀਂ ਇਮਾਨਦਾਰ ਅਫਸਰਾਂ ਨੂੰ ਸਪੋਰਟ ਕੀਤਾ । ਪਰ ਇਥੇ ਜਿਹੜਾ ਕੰਮ ਕੀਤਾ ਜਾਏ, ਜੋ Opposition ਵੱਲੋਂ ਸੁਝਾਉ ਦਿਤਾ ਜਾਏ ਉਹ ਪਸੰਦ ਨਹੀਂ ਕੀਤਾ ਜਾਂਦਾ । ਆਪੋਜ਼ੀਸ਼ਨ ਨੇ, ਤਕਰੀਬਨ ਹਰ ਇਕ ਆਦਮੀ ਨੇ ਏਸ ਸੁਝਾਉ ਨੂੰ ਪਸੰਦ ਕੀਤਾ ਕਿ Property Tax, House Tax ਅਤੇ ਇਹ revenue ਨਵਾਂ ਹਾਲਾ, ਇਹ ਤਿੰਨੇ ਇਕ ਜਗਾਹ ਇਕੱਠੇ ਕਰ ਦਿਤੇ ਜਾਣ । ਇਕ ਜਗਾਹ ਕਰਨ ਨਾਲ ਇਸ ਦੀ establishment ਦਾ ਖਰਚ ਇਕ ਥਾਂ ਹੋਏਗਾ । ਇਸ ਦੀ ਵਸੂਲੀ ਇਕੋ ਹੀ department ਕਰੇਗਾ ਅਤੇ ਫਾਲਤੂ departments ਦਾ ਖਰਚ, ਉਨ੍ਹਾਂ ਦੀ establishment ਦਾ ਖਰਚ, ਉਨ੍ਹਾਂ ਦੇ ਨੌਕਰਾਂ ਦੀ ਜਿਹੜੀ ਤਨਖਾਹ ਹੈ, ਇਹ ਸਾਰਾ ਬਚ ਜਾਏਗਾ । ਜਿਹੜੀ ਬਚਤ ਦੀ ਸਕੀਮ ਏਥੇ ਆਪੋਜ਼ੀਸ਼ਨ ਨੇ ਦਿਤੀ ਹੈ ਇਸ ਨੂੰ ਮੰਨ ਲਓ । ਪਰ ਇਸ ਖਿਆਲ ਨਾਲ ਕਿ ਚੂੰਕਿ ਇਹ ਗੱਲ ਆਪੋਜ਼ੀਸ਼ਨ ਨੇ ਕਹੀ ਹੈ ਇਹ ਨਹੀਂ ਮੰਨਣੀ, ਤੁਸੀਂ ਖਰਚ ਵਧਾਉਗੇ । ਇਹ ਖਰਚ ਅਤੇ department ਮੈਂ ਸਮਝਦਾ ਹਾਂ ਆਪਣੇ ਨਜ਼ਦਾਕ ਘੁੰਮਣ ਵਾਲੇ ਲੋਕਾਂ ਨੂੰ accommodate ਕਰਨ ਲਈ ਚਲਾਇਆ ਜਾ ਰਿਹਾ ਹੈ । ਇਹ ਗੱਲ ਇਸ ਬਿਲ ਦੇ objects ਵਿਚ ਵੀ ਹੈ ਕਿ ਇਹ education cess ਹੈ । ਮੈਂ ਇਹ ਦੱਸਣਾ ਚਾਹੁੰਦਾ ਹਾਂ ਪੰਜਾਬ ਦੇ ਲੋਕ already cess ਦੇ ਰਹੇ ਨੇ । ਐਸ ਵੇਲੇ ਸਰਕਾਰ ਨੇ

ਸਿਰਫ 10% Education ਦਾ ਖਰਚ ਆਪਣੇ ਜ਼ਿਮੇ ਲਿਆ ਹੋਇਆ ਹੈ । Education ਦਾ 90% ਖਰਚ private institutions ਨੇ ਆਪਣੇ ਸਿਰ ਤੇ ਲਿਆ ਹੋਇਆ ਹੈ ।

Private institutions ਨੂੰ ਚਲਾਉਣ ਵਾਸਤੇ ਰੁਪਿਆ ਲੋਕ ਚੰਦੇ ਅਤੇ ਦਾਨ ਦੀ ਸ਼ਕਲ ਵਿਚ ਦੇ ਦਿੰਦੇ ਹਨ । ਉਹ ਚੰਦੇ ਅਤੇ ਦਾਨ ਲੋਕ already ਦੇ ਰਹੇ ਹਨ । ਹੁਸ਼ਿਆਰਪੁਰ ਦੇ ਜ਼ਿਲੇ ਵਿਚ ਇਕ ਸੌ ਤੋਂ ਜ਼ਿਆਦਾ institutions Government ਤੋਂ ਮੰਜ਼ੂਰ ਸ਼ੁਦਾ ਹਨ । ਸਰਕਾਰੀ institutions ਵਿਚ ਜੇਕਰ District Board ਦੀਆਂ ਵੀ ਸ਼ਾਮਲ ਕਰ ਲਈਆਂ ਜਾਣ ਤਾਂ ਸਾਰੀਆਂ 12, 13 institutions ਬਣਦੀਆਂ ਹਨ । ਲੋਕ private ਸਕੂਲਾਂ ਨੂੰ ਚੰਦੇ ਬੜੀ ਖੁਸ਼ੀ ਨਾਲ ਦਿੰਦੇ ਹਨ । ਉਹ ਥੋੜ੍ਹਾ ਜਿਹਾ ਰੁਪਿਆ ਵੀ ਤੁਹਾਡੇ ਹਥ ਵਿਚ ਦੇਣ ਲਈ ਘਬਰਾਉਂਦੇ ਹਨ, ਵਜ੍ਹਾ ਇਹ ਕਿ ਤੁਸਾਂ ਉਹ ਰੁਪਿਆ ਲੈਕੇ ਮੋਤੀ ਮਹੱਲ ਖਰੀਦਣਾ ਹੋਇਆ, ਤੁਸਾਂ ਝੀਲਾਂ ਬਣਾਉਣੀਆਂ ਹੋਈਆਂ । ਇਨ੍ਹਾਂ ਲਫਜ਼ਾਂ ਨਾਲ ਮੈਂ final stage ਤੇ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਇਸ ਕਾਨੂੰਨ ਨੂੰ ਵਾਪਸ ਲਵੇ ਅਤੇ ਇਸ ਨੂੰ income-tax ਅਤੇ Property tax ਦੀ ਸ਼ਕਲ ਵਿਚ ਲਾਗੂ ਕਰੇ । categories ਬਣਾ ਕੇ ਇਸ ਕਾਨੂੰਨ ਨੂੰ ਲਾਗੂ ਕਰਨਾ ਚਾਹੀਦਾ ਹੈ ।

ਸਰਦਾਰ ਅਜਮੇਰ ਸਿੰਘ (ਸਮਰਾਲਾ, ਜਨਰਲ) : ਸਪੀਕਰ ਸਾਹਿਬ, ਇਸ ਬਿਲ ਸਬੰਧੀ ਮੇਰੇ ਤੋਂ ਪਹਿਲਾਂ ਤਿੰਨ ਦੋਸਤ ਬੋਲੇ ਹਨ, ਜਿਨ੍ਹਾਂ ਵਿਚੋਂ ਦੋ Lawyers ਹਨ । ਦੋਹਾਂ ਨੇ ਹੀ ਬਿਲ ਦੀ ਵਿਰੋਧਤਾ ਕੀਤੀ ਹੈ । ਉਨ੍ਹਾਂ ਨੇ ਬੜੇ ੨ epithet ਸਾਡੀ Ministry ਵਾਸਤੇ ਇਸਤੇਮਾਲ ਕੀਤੇ ਹਨ, ਬੜੀਆਂ explanations ਦਿਤੀਆਂ ਹਨ, ਅਤੇ ਵਡੇ ਵਡੇ ਲਫਜ਼ ਇਸਤੇਮਾਲ ਕੀਤੇ ਹਨ । ਮੈਂ ਸਮਝਦਾ ਹਾਂ ਕਿ ਉਹ ਬਿਲਕੁਲ ਬੇਕਾਰ ਹਨ । ਮੈਂ ਆਪਣੀ Ministry ਨੂੰ ਅਤੇ ਗਿਆਨੀ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਜਿਹੜੀ discrimination ਅਜ ਤਕ ਵਰਤੀ ਜਾ ਰਹੀ ਸੀ ਅਤੇ ਜਿਸ ਨੂੰ ਦੂਰ ਕਰਨ ਲਈ ਅਸੀਂ ਕਹਿੰਦੇ ਸਾਂ ਉਹ ਅਜ ਦੂਰ ਹੋਈ ਹੈ । (*Cheers from Government Benches*) ਜਿਹੜੀਆਂ ਦਲੀਲਾਂ ਅਸੀਂ ਦਿੰਦੇ ਸਾਂ ਕਿ ਪਿੰਡਾਂ ਦੀ 85% ਆਬਾਦੀ ਹੈ ਉਨ੍ਹਾਂ ਤੇ taxes ਦਾ ਬੋਝ ਪੈਂਦਾ ਹੈ ਉਨ੍ਹਾਂ ਦੀ ਵਿਰੋਧਤਾ ਕੀਤੀ ਜਾਂਦੀ ਸੀ । ਪਰ ਉਹੋ ਦਲੀਲਾਂ ਹੁਣ ਦਿਤੀਆਂ ਜਾ ਰਹੀਆਂ ਹਨ । ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਉਨ੍ਹਾਂ ਨੂੰ ਅਜ ਪਤਾ ਲਗਾ ਹੈ ਕਿ cess ਲਗਣ ਨਾਲ ਕਿੰਨੀ ਤਕਲੀਫ ਹੁੰਦੀ ਹੈ । ਤਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਤਕਲੀਫ ਕਹੀ ਜਾਂਦੀ ਹੈ ਇਹ ਇਸ ਕਾਰਣ ਨਹੀਂ ਹੈ ਕਿ ਜਿਨ੍ਹਾਂ ਉਪਰ ਟੈਕਸ ਲਗਣਾ ਹੈ ਉਹ ਦੇ ਨਹੀਂ ਸਕਦੇ ਬਲਕਿ ਇਸ ਲਈ ਹੈ ਕਿ ਜਿਹੜੇ ਬੋਲਣ ਵਾਲੇ ਹਨ ਉਹ ਉਨ੍ਹਾਂ ਲੋਕਾਂ ਦੇ representatives ਹਨ, ਉਨ੍ਹਾਂ ਕੋਲੋਂ votes ਲੈਕੇ ਆਏ ਹਨ । ਇਹ ਦਸਣ ਲਈ ਕਿ ਅਸਾਂ ਬਹੁਤ ਕੁਝ ਕਿਹਾ, ਭਾਵੇਂ ਉਹ ਠੀਕ ਸੀ ਭਾਵੇਂ ਉਹ ਗ਼ਲਤ ਸੀ, ਉਨ੍ਹਾਂ ਨੂੰ ਇਹ ਗਲਾਂ ਕਹਿਣੀਆਂ ਪੈ ਰਹੀਆਂ ਹਨ । ਵਰਨਾਂ ਨਾ ਤਾਂ ਇਹ ਬਿਲ immoral ਹੈ ਅਤੇ ਨਾ ਹੀ ਇਹ discriminatory ਹੈ । ਮੇਰੇ ਦੋਸਤ ਨੇ ਇਹ ਕਿਹਾ ਕਿ ਸ਼ਾਇਦ ਅਦਾਲਤ ਵਿਚ ਜਾ ਕੇ Stand ਨਾ ਕਰ ਸਕੇ । ਮੈਂ ਕਹਿੰਦਾ ਹਾਂ ਕਿ ਇਹ ਬਿਲ ਬਿਲਕੁਲ discriminatory ਨਹੀਂ ਹੈ । Discrimination ਉਥੇ ਸਮਝੀ ਜਾਇਆ ਕਰਦੀ ਹੈ ਜਿਥੇ ਕਿਸੇ ਕਾਨੂੰਨ ਦੀ ਵਰਤੋਂ ਕਰਦਿਆਂ ਵੇਲੇ discriminate

[ਸਰਦਾਰ ਅਜਮੇਰ ਸਿੰਘ]

ਕੀਤਾ ਜਾ ਸਕੇ ਕਿ ਫਲਾਣੀ ਜਗ੍ਹਾ ਤੇ ਲਾਗੂ ਕੀਤਾ ਜਾਵੇ ਅਤੇ ਫਲਾਣੀ ਤੇ ਨਾ ਲਾਗੂ ਕੀਤਾ ਜਾਵੇ । ਕਿਸੇ ਕਾਨੂੰਨ ਦੀ application ਕਰਦਿਆਂ ਵੇਲੇ ਉਸ ਦੀ Jurisdiction ਨਾ fix ਹੋ ਸਕਦੀ ਹੋਵੇ । ਪਰ ਇਸ ਕੇਸ ਵਿਚ ਤਾਂ ਕੋਈ ਆਦਮੀ ਕਿਸੇ region ਵਿਚ ਵਸਦਾ ਹੋਵੇ, ਭਾਵੇਂ ਉਹ ਕੋਈ ਹੋਵੇ, ਉਸ ਨੇ ਕੋਈ factory ਲਗਾ ਰਖੀ ਹੈ, ਉਸ ਦਾ ਕੋਈ ਕਾਰਖਾਨਾ ਹੈ ਜਾਂ ਉਹ ਕਿਸੇ cinema ਤੋਂ ਫਾਇਦਾ ਉਠਾ ਰਿਹਾ ਹੈ ਬਹੁਤ ਜ਼ਿਆਦਾ ਰੁਪਿਆ ਕਮਾ ਰਿਹਾ ਹੈ ਤਾਂ ਜੇਕਰ ਉਹਦੇ ਕੋਲੋਂ ਕੁਝ ਰੁਪਿਆ rent ਦੇ ਰਾਹੀਂ ਜਾਂ ਮਾਮਲੇ ਦੇ ਰਾਹੀਂ ਸਰਕਾਰ ਮੰਗਦੀ ਹੈ ਤਾਂ ਕੋਈ ਬੁਰੀ ਗੱਲ ਨਹੀਂ ਹੈ । ਇਹ ਅਮਰ ਮੁਸੱਲਮਾ ਹੈ ਕਿ ਅਸੀਂ ਦੇਸ਼ ਦੀ development ਕਰ ਰਹੇ ਹਾਂ ਅਤੇ ਉਸ ਦੇ ਲਈ ਰੁਪਏ ਦੀ ਲੋੜ ਹੈ । ਅਜ ਸਾਡੀ ਸਰਕਾਰ ਨੇ ਰੁਪਏ ਨੂੰ ਵਸੂਲ ਕਰਨ ਲਈ ਉਸ Source ਨੂੰ tap ਕਰਨ ਦਾ ਜਤਨ ਕੀਤਾ ਹੈ ਜਿਥੇਂ ਰੁਪਿਆ ਬੜੀ ਆਸਾਨੀ ਨਾਲ ਲਿਆ ਜਾ ਸਕਦਾ ਹੈ । ਇਹ ਕੁਦਰਤੀ ਅਸੂਲ ਸੀ ਕਿ ਜਿੰਨੀ ਜ਼ਮੀਨ ਹੈ ਉਸ ਦੇ ਉਤੇ ਮਾਮਲਾ ਲਗੇ ਅਤੇ ਉਹ ਮਾਮਲਾ ਸਰਕਾਰ ਵਸੂਲ ਕਰੇ । ਇਹ ਬੜਾ ਪੁਰਾਣਾ ਮਤ ਚਲਿਆ ਆ ਰਿਹਾ ਹੈ । ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਜੇਕਰ ਉਸ ਜ਼ਮੀਨ ਦੇ ਇਸਤੇਮਾਲ ਨਾਲ ਪੈਦਾਵਾਰ ਜ਼ਿਆਦਾ ਹੋਣ ਲਗ ਪਵੇ, ਆਮਦਨੀ ਜ਼ਿਆਦਾ ਹੋਣ ਲਗ ਪਵੇ ਤਾਂ ਉਸ ਦੇ ਉਪਰ ਮਾਮਲਾ ਕਿਉਂ ਨਾ ਲਗੇ ਅਤੇ ਪਿੰਡਾਂ ਦੀ ਜ਼ਮੀਨ ਭਾਵੇਂ ਮਾਰੂ ਹੋਵੇ, ਬੰਜਰ ਹੋਵੇ ਉਸ ਦੇ ਉਪਰ ਜ਼ਰੂਰ ਲਗ ਜਾਵੇ । ਇਹ ਕਿਥੋਂ ਦਾ ਇੰਨਸਾਫ ਸੀ ? ਮੈਂ ਪੁਛਦਾ ਹਾਂ ਕਿ ਹੁਣ discrimination ਹੋ ਰਹੀ ਹੈ ਜਾਂ ਇਸ Act ਦੇ ਰਾਹੀਂ ਇਹ ਹੁਣ ਦੂਰ ਕੀਤੀ ਗਈ ਹੈ ?

ਸਪੀਕਰ ਸਾਹਿਬ, ਮੈਂ ਤੁਹਾਡਾ ਜ਼ਿਆਦਾ ਵਕਤ ਨਾ ਲੈਂਦਾ ਹੋਇਆ ਇਹ ਅਰਜ਼ ਕਰਨੀ ਚਾਹੁੰਦਾ ਹਾਂ ਜਦੋਂ Taxation Enquiry Commission ਮੁਕੱਰਰ ਹੋਇਆ ਸੀ ਤਾਂ ਹਿੰਦੁਸਤਾਨ ਦੇ ਬੜੇ ੨ ਸਿਆਣੇ ਅਤੇ ਮੁਦੱਬਰ ਆਦਮੀ ਉਸ ਦੇ ਸਾਹਮਣੇ ਪੇਸ਼ ਹੋਏ ਸਨ ਕੀ ਸਿਆਣੇ ਸਿਆਣੇ economists ਦੀ ਸਮਝ ਵਿਚ ਇਹ ਗੱਲ ਨਹੀਂ ਸੀ ਆਈ ਜੋ ਇਹ ਦਲੀਲ ਉਨ੍ਹਾਂ ਦੇ ਸਾਹਮਣੇ ਪੇਸ਼ ਨਹੀਂ ਸੀ ਕੀਤੀ ਗਈ । ਇਨ੍ਹਾਂ ਸਾਰੀਆਂ ਗਲਾਂ ਤੇ ਉਨ੍ਹਾਂ ਨੇ ਗੌਰ ਕੀਤਾ ਸੀ । ਮੈਂ ਤੁਹਾਡੀ ਇਜਾਜ਼ਤ ਨਾਲ ਇਹ ਅਰਜ਼ ਕਰਨੀ ਚਾਹੁੰਦਾ ਹਾਂਕਿ ਉਸ Commission ਵਿਚ—

Chairman : Dr. John Matthai

Members:

Shri Vaikunth L. Mehta, former Finance Minister of Bombay,

Dr. V. K. R. V. Rao, Director, Delhi School of Economics, Delhi,

Shri K. R. K. Menon, Secretary to the Government of India, Ministry of Finance, New Delhi.

Shri B. Venkatappiah, I. C. S., Executive Director, Reserve Bank of India, Bombay and

Dr. B. K. Madan, Economic Advisor, Reserve Bank of India, Bombay

ਸਨ । ਉਨ੍ਹਾਂ ਨੇ ਸਾਰੀਆਂ ਚੀਜ਼ਾਂ ਨੂੰ consider ਕਰਨ ਦੇ ਬਾਦ ਫਰਮਾਇਆਂ ਕਿ—

"From the above analysis, two facts emerge. Firstly, the principles and practices regarding non-agricultural assessment are mainly based upon the use and the value of land. Secondly, the majority of the States have not given adequate

attention to the taxation of unearned income derived by lands put to non-agricultural uses. The assessment of such lands at rates higher than those for agricultural lands is wholly justifiable since the increase in value of non-agricultural lands is generally not due to any expenditure or effort on the part of the owner but arises because of the growth of population, the extension of towns, the introduction of railways, the provision of civic facilities and so on. We see no reason why States which have not developed this source of revenue so far should not do so. We recommend that in such cases a regular system of assessment of non-agricultural assessment should be introduced on the lines of the system prevailing in States like Bombay."

ਤਾਂ ਮੈਂ ਇਸ provision ਦੇ ਸਿਲਸਲੇ ਵਿਚ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ local ਆਦਮੀਆਂ ਤੋਂ ਡਰਦਿਆਂ ਹੋਇਆਂ ਇਸ exemption ਦੀ provision ਰਖੀ ਗਈ ਹੈ। ਇਹ exemption ਨਹੀਂ ਹੋਣੀ ਚਾਹੀਦੀ। ਸ਼ਹਿਰਾਂ ਵਿਚ ਜਿਹੜੀਆਂ ਜ਼ਮੀਨਾਂ ਹਨ ਉਨ੍ਹਾਂ ਉਪਰ ਮਾਮਲਾ ਕਿਉਂ ਨਾ ਲਗੇ ? ਫਿਰ ਫਰਮਾਇਆ ਹੈ—

"We have carefully onsidered the question whether it is desirable to make some concessions in the case of revision of ground rents in localities used for residential purposes by persons belonging to lower income groups. We are of opinion that no special concessions are called for.

ਸਾਨੂੰ development ਵਾਸਤੇ ਰੁਪਿਆ ਚਾਹੀਦਾ ਹੈ, ਉਹ ਕਿਥੋਂ ਆਏ। ਸਪੀਕਰ ਸਾਹਿਬ ਮੈਨੂੰ ਲੁਧਿਆਣੇ ਦਾ ਤਜਰਬਾ ਹੈ। ਉਥੇ ਇਕ cinema ਹੈ। ਮੇਰੇ ਪਾਸ figures ਮੌਜੂਦ ਹਨ। ਉਸ cinema ਦੀ 30 ਹਜ਼ਾਰ ਰੁਪਏ ਦੀ ਆਮਦਨੀ ਹੈ। ਇਸ ਰਕਮ ਵਿਚੋਂ 18000 ਰੁਪਏ ਦੇ ਕਰੀਬ ਤਾਂ distributors ਲੈ ਜਾਂਦੇ ਹਨ ਅਤੇ ਬਾਕੀ ਰੁਪਿਆ Cinema ਦੇ ਮਾਲਕ ਕੋਲ ਹੀ ਰਹਿੰਦਾ ਹੈ। ਜੇਕਰ ਇਕ ਲਖ ਰੁਪਿਆ ਖਰਚ ਕਰ ਕੇ ਉਹ 10-15 ਹਜ਼ਾਰ ਰੁਪਿਆ ਮਹੀਨੇ ਦਾ ਬਚਾ ਲੈਂਦਾ ਹੈ ਅਤੇ ਇਸ ਤਰ੍ਹਾਂ ਹੋਰ property ਬਣਾਉਂਦਾ ਜਾਂਦਾ ਹੈ ਉਸ ਹਾਲਤ ਵਿਚ ਜੇ ਕੁਝ ਰੁਪਿਆ ਉਸ ਦੇ ਕੋਲੋਂ ਸਰਕਾਰ ਮੰਗ ਲੈਂਦੀ ਹੈ ਤਾਂ ਕਿਧਰ ਦੀ ਬੇਇਨਸਾਫੀ ਹੋਵੇਗੀ ? ਕਿਹੜਾ ਅਸਮਾਨ ਟੁਟ ਜਾਵੇਗਾ। ਇਹ ਜਿਹੜਾ tax ਲਗ ਰਿਹਾ ਹੈ ਇਹ ਬਿਲਕੁਲ ਬਜਾ ਹੈ। ਪਹਿਲੇ ਬੇਇਨਸਾਫੀ ਹੋ ਰਹੀ ਸੀ ਪਰ ਹੁਣ ਇਨਸਾਫ ਹੋਵੇਗਾ ਹਿੰਦੁਸਤਾਨ ਦੀਆਂ ਦੂਸਰੀਆਂ States ਵਿਚ ਇਹ ਕਦੇ ਦਾ ਲਗਾ ਹੋਇਆ ਹੈ ਤੇ ਅਜ ਪੰਜਾਬ ਵਿਚ ਲਗਣ ਲਗਾ ਹੈ ਤਾਂ ਕਿਹੜੀ ਆਫਤ ਆ ਜਾਵੇਗੀ ? ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਵਿਚ ਡਰਨ ਦੀ ਗਲ ਕੋਈ ਨਹੀਂ ਹੈ, ਸਹੀ ਗਲ ਜ਼ਰੂਰ ਕਰਨੀ ਚਾਹੀਦੀ ਹੈ। ਇਸ ਕਰਕੇ ਇਸ ਨੂੰ ਜਲਦੀ ਪਾਸ ਕਰਨਾ ਚਾਹੀਦਾ ਹੈ।

Shri Nihal Singh : Sir, I beg to move—

That question be now put.

Mr. Speaker : Question is—

That question be now put.

The motion was carried

ਮਾਲ ਮੰਤਰੀ (ਗਿਆਨੀ ਕਰਤਾਰ ਸਿੰਘ): ਸਪੀਕਰ ਸਾਹਿਬ, ਇਸ ਬਿਲ ਸਬੰਧੀ ਆਖਰੀ motion ਤੇ ਬੋਲਦਿਆਂ ਹੋਇਆਂ ਜਲੰਧਰ ਤੋਂ ਆਏ ਮੈਂਬਰ ਸਾਹਿਬ ਨੇ ਪਹਿਲੀ ਗੱਲ ਤਾਂ ਇਹ ਕਹੀ ਹੈ ਕਿ ਵਜ਼ੀਰ ਸਾਹਿਬ ਨੂੰ ਤੇ ਤਾਂ ਸਵਾਦ ਆਵੇ ਅਤੇ ਪਤਾ ਲਗੇ ਜੇ ਉਨ੍ਹਾਂ ਦਾ ਵੀ ਕੋਠਾ ਹੋਵੇ। ਉਨ੍ਹਾਂ ਨੂੰ ਪਤਾ ਕਿਵੇਂ ਲਗੇ ਕਿ ਕੀ ਉਖਿਆਈ ਹੈ। ਮੈਂ ਉਨ੍ਹਾਂ ਦਾ ਬੜਾ ਮਸ਼ਕੂਰ ਹਾਂ ਕਿ ਘਟ ਤੋਂ ਘਟ ਉਨ੍ਹਾਂ ਨੂੰ ਇਹ ਤਾਂ

5 p. m.

[ਮਾਲ ਮੰਤ੍ਰੀ]
ਪਤਾ ਹੈ ਕਿ ਮੇਰਾ ਕੋਠਾ ਕੋਈ ਨਹੀਂ । ਗੱਲ ਸੱਚੀ ਕਹੀ ਹੈ । ਮੈਂ ਤਿੰਨ ਵਾਰੀ ਵਜ਼ੀਰ ਬਣਿਆ ਹਾਂ ਤੇ ਕੋਠਾ ਮੇਰੇ ਕੋਲ ਕੋਈ ਵੀ ਨਹੀਂ । ਉਸ ਦਾ ਕਾਰਣ ਇਹ ਹੈ ਕਿ ਮੈਂ ਕਿਸੇ ਅਯੋਗ ਤਰੀਕੇ ਨਾਲ ਆਮਦਨ ਨਹੀਂ ਕੀਤੀ ਜਿਸ ਨਾਲ ਕੋਠਾ ਬਣ ਸਕੇ ਤੇ ਬਿਨਾ ਪੈਸੇ ਤਾਂ ਕੋਠਾ ਬਣ ਨਹੀਂ ਸਕਦਾ ਸੀ । ਇਸੇ ਲਈ ਮੇਰੇ ਕੋਲ ਕੋਈ ਕੋਠਾ ਨਹੀਂ ।

ਦੂਜੀ ਗੱਲ ਇਸ ਬਿਲ ਸਬੰਧੀ ਬੋਲਦਿਆਂ ਹੋਇਆਂ ਉਨ੍ਹਾਂ ਨੇ ਇਹ ਆਖੀ ਹੈ ਕਿ Constitution ਦੇ Article 15 ਦੇ ਇਹ ਐਕਟ ਖਿਲਾਫ਼ ਹੋਵੇਗਾ। Article 15 ਵਿਚ ਜਿਥੋਂ ਤਕ ਮੈਨੂੰ ਯਾਦ ਹੈ ਇਹ ਲਿਖਿਆ ਹੋਇਆ ਹੈ ਕਿ ਕੋਈ discrimination, ਇਮਤਿਆਜ਼ ਮਜ਼ਹਬ ਦੀ ਬਿਨਾ ਤੇ, ਜ਼ਾਤ ਦੀ ਬਿਨਾ ਤੇ ਅਤੇ Sex ਦੀ ਬਿਨਾ ਤੇ ਨਹੀਂ ਕੀਤਾ ਜਾਵੇਗਾ । ਇਸ ਬਿਲ ਵਿਚ ਅਸੀਂ ਇਨ੍ਹਾਂ ਤਿਨਾਂ ਕਿਸਮਾਂ ਦੇ ਇਮਤਿਆਜ਼ ਵਿਚੋਂ ਕੋਈ ਇਮਤਿਆਜ਼ ਨਹੀਂ ਕੀਤਾ । ਹਿੰਦੁਸਤਾਨ ਵਿਚ, ਸਪੀਕਰ ਸਾਹਿਬ, ਜਿਹੜੀ discrimination ਹੈ ਉਹ ਇਨ੍ਹਾਂ ਤਿੰਨਾਂ ਸ਼ਕਲਾਂ ਵਿਚ ਹੀ ਨਹੀਂ ਬਣਦੀ । ਇਹ ਨਹੀਂ ਕਿ ਹਰ ਸ਼ਕਲ ਵਿਚ ਨਹੀਂ ਬਣਨੀ ਚਾਹੀਦੀ—ਸਿਰਫ ਇਹ ਤਿੰਨ ਸ਼ਕਲਾਂ ਹਨ ਜਿਨ੍ਹਾਂ ਵਿਚ ਨਹੀਂ ਬਣਨੀ ਚਾਹੀਦੀ । ਇਸ ਬਿਲ ਵਿਚ ਨ ਕੋਈ ਜਾਤ ਦੀ ਬਿਨਾ ਤੇ discrimination ਹੈ ਨਾ ਜਨਮ ਦੀ ਬਿਨਾ ਤੇ ਕਿ ਕੋਈ ਤੀਮੀਂ ਹੈ ਕਿ ਆਦਮੀ ਅਤੇ ਨਾ ਹੀ ਮਜ਼ਹਬ ਦੀ ਬਿਨਾ ਤੇ ਤਮੀਜ਼ ਕੀਤੀ ਗਈ ਹੈ । ਲੇਕਿਨ ਜਿਥੋਂ ਤਕ ਹੋਰਨਾਂ ਕਿਸਮਾਂ ਦਾ ਤਮੀਜ਼ ਦਾ ਸਵਾਲ ਹੈ ਮੁਲਕ ਦੀ ਤਰੱਕੀ ਲਈ ਕੀਤੀ ਵੀ ਜਾ ਸਕਦੀ ਹੈ—ਔਰ ਇਹ ਤਮੀਜ਼ ਇਸ ਤਰ੍ਹਾਂ ਦੀ ਹੋਵੇ ਇਹ ਵੇਖਣਾ ਗੌਰਮਿੰਟ ਦਾ ਆਪਣਾ ਕੰਮ ਹੈ ।

श्री लाल चन्द : Place पर भी है ।

ਮਾਲ ਮੰਤ੍ਰੀ : Place ਲਫ਼ਜ਼ ਮੈਂ ਨਹੀਂ ਵੇਖਿਆ। ਹਾਂ, origin ਦਾ ਲਫ਼ਜ਼ ਹੈ—ਮੁਦਆ ਇਹ ਕਿ ਜੰਮਿਆ ਕਿਥੇ। ਇਹ ਨਹੀਂ ਕਿ ਜਗ੍ਹਾ ਜਗ੍ਹਾ ਦਾ ਫਰਕ ਨਹੀਂ ਹੋ ਸਕਦਾ।

ਅਗਲੀ ਗੱਲ ਉਨ੍ਹਾਂ ਨੇ ਇਹ ਕਹੀ ਹੈ ਕਿ ਪਿੰਡਾਂ ਉਪਰ ਤਾਂ ਇਹ ਹਾਲਾਂ ਲਗਣਾ ਨਹੀਂ ਸ਼ਹਿਰਾਂ ਉਪਰ ਲਗਾ ਦਿਤਾ ਹੈ । 300 ਰੁਪਏ ਦੀ exemption ਦੇਣ ਦਾ ਮੇਰਾ ਮੁਦਆ ਇਹ ਸੀ ਕਿ ਸ਼ਹਿਰ ਵਾਲਿਆਂ ਨੂੰ ਇਕਦਮ ਔਖ ਨਾ ਹੋਵੇ। ਇਸ ਤੋਂ ਅਲਾਵਾ ਜਿਥੋਂ ਤਕ ਪਿੰਡਾਂ ਦਾ ਸਵਾਲ ਹੈ ਉਥੇ ਤਾਂ ਇਸ ਜਿਤਨੇ ਜਾਂ ਇਸ ਤੋਂ ਵਧ rental value ਦੇ ਮਕਾਨ ਹੁੰਦੇ ਹੀ ਨਹੀਂ । ਅਮਲਨ ਤਾਂ ਇਸ ਵਿਚ ਕੋਈ ਫਰਕ ਨਹੀਂ ਰਹਿ ਜਾਂਦਾ । ਪਿੰਡਾਂ ਅਤੇ ਸ਼ਹਿਰ ਵਾਲਿਆਂ ਨਾਲ ਇਕੋ ਜਿਹਾ ਵਰਤਾਓ ਕੀਤਾ ਹੈ । ਜੇ ਬਾਅਦ ਵਿਚ ਕਦੇ ਉਹ ਇਹ ਮਹਿਸੂਸ ਕਰਨ ਕਿ ਇਹ ਇਮਤਿਆਜ਼ ਵੀ ਨਹੀਂ ਰਹਿਣਾ ਚਾਹੀਦਾ ਤਾਂ ਫਿਰ ਮੈਂ ਇਹ ਸੋਚਾਂਗਾ ਕਿ ਪਿੰਡਾਂ ਅਤੇ ਸ਼ਹਿਰਾਂ ਦੋਵਾਂ ਥਾਵਾਂ ਤੇ ਕਿਸੇ ਨੂੰ ਵੀ ਕੋਈ ਛੁਟ ਨਾ ਦਿਤੀ ਜਾਵੇ, ਕੋਈ exemption ਨਾ ਦਿੱਤੀ ਜਾਵੇ । ਇਸ ਲਈ ਇਹ ਚੀਜ਼ ਉਨ੍ਹਾਂ ਨੂੰ ਵਾਰਾ ਨਹੀਂ ਖਾਵੇਗੀ ।

ਬਾਕੀ, ਸਪੀਕਰ ਸਾਹਿਬ, ਅੰਮ੍ਰਿਤਸਰ ਤੋਂ ਜਿਹੜੇ ਮੈਂਬਰ ਸਾਹਿਬ ਤਸ਼ਰੀਫ਼ ਲਿਆਏ ਨੇ ਇਸ House ਵਿਚ ਉਨ੍ਹਾਂ ਨੇ ਇਸ ਗਲ ਤੇ ਬੜਾ ਜ਼ੋਰ ਦਿੱਤਾ ਹੈ ਕਿ ਜੋ non-agricultural ਜ਼ਮੀਨ ਹੈ ਉਸ ਉਤੇ ਪਰਮਪਰਾ ਤੋਂ ਹਾਲਾ ਨਹੀਂ ਲਗਦਾ ਰਿਹਾ ਇਸ ਦੀ ਕੋਈ

ਵਜਾਹ ਤੇ ਹੋਣੀ ਹੈ। ਕੀ ਹੁਣ ਵੀ ਉਹ ਵਜ੍ਹਾ ਹੈ ਜਾਂ ਨਹੀਂ ? ਜਿਥੋਂ ਤਕ ਮੇਰਾ ਅੰਦਾਜ਼ਾ ਹੈ ਉਹ ਇਹ ਹੈ ਕਿ ਇਸ ਦੀ ਵਜ੍ਹਾ ਇਕੋ ਸੀ ਕਿ ਹਾਲਾ ਲਗਾਉਣ ਵਾਲੇ ਇਸ ਸ਼ਹਿਰੀ ਪਾਸੇ ਵਾਲੇ ਰਹਿਣ ਵਾਲੇ ਹੁੰਦੇ ਸਨ। ਉਹ ਆਪਣੇ ਸ਼ਹਿਰਾਂ ਤੇ ਇਸੇ ਕਰਕੇ ਨਹੀਂ ਸਨ ਲਗਾਉਂਦੇ ਕਿ ਉਹ ਇਸ ਤੋਂ ਬਚ ਜਾਣ। ਇਸ ਤੋਂ ਅਲਾਵਾ ਹੋਰ ਕੋਈ ਵਜ੍ਹਾ ਮੈਨੂੰ ਸਮਝ ਨਹੀਂ ਆਉਂਦੀ। ਇਹ ਕਿਧਰੇ ਨਹੀਂ ਲਿਖਿਆ ਕਿ non-agricultural ਜ਼ਮੀਨ ਤੇ ਹਾਲਾ ਨਾ ਲਗਾਇਆ ਜਾਵੇ। ਇਸ ਸਬੰਧ ਵਿਚ ਜਿਹੜੀਆਂ report ਦੀਆਂ ਕਾਪੀਆਂ House ਵਿਚ ਵੰਡੀਆਂ ਗਈਆਂ ਹਨ ਜਿਸਦਾ heading ਹੈ "Assesment of non-Agricultural Land" ਉਸ ਦੇ ਇਕ ਪੂਰੇ chapter ਵਿਚ ਇਸ ਬਾਤ ਦਾ ਜ਼ਿਕਰ ਕੀਤਾ ਗਿਆ ਹੈ। ਫਿਰ ਇਹ ਜੋ ਕਿਹਾ ਗਿਆ ਹੈ ਕਿ ਬੰਬਈ ਵਿਚ ਸ਼ਹਿਰਾਂ ਵਿਚ ਇਹ ਹਾਲਾ ਬਹੁਤ ਘਟ ਹੈ ਇਸ ਦੀ ਬਾਬਤ ਮੈਂ ਇਸੇ report ਵਿਚੋਂ ਅਰਜ਼ ਕਰਦਾ ਹਾਂ। ਇਸ ਦੇ ਸਫ਼ਾ ੩੦੩ ਵਿਚ The Bombay State Land Revenue Act, 1876.

ਵਿਚ ਲਿਖਿਆ ਹੈ—

> "The assessment depends upon the existing tenures on most of the lands. In the rest it is five per cent of the market value."

ਤਾਂ, ਸਪੀਕਰ ਸਾਹਿਬ, ਉਸ ਵਿਚ ਤੇ ਦੋ, ਤਿੰਨ—ਚਾਰ ਫੀਸਦੀ market value ਦਾ ਟੈਕਸ ਤਜਵੀਜ਼ ਕੀਤਾ ਗਿਆ ਹੈ ਔਰ Bombay ਵਿਚ ਤਾਂ market value ਦਾ 5% ਹੈ—ਦੋ ਵੀ ਨਹੀਂ, ਤਿੰਨ ਵੀ ਨਹੀਂ, ਚਾਰ ਵੀ ਨਹੀਂ ਸਗੋਂ ਪੰਜ ਫੀਸਦੀ ਹੈ। ਇਸ ਨੂੰ ਸਾਹਮਣੇ ਰਖਦਿਆਂ ਹੋਇਆ ਮੈਂ ਕਹਿ ਸਕਦਾ ਹਾਂ ਕਿ ਇਸ ਬਿਲ ਵਿਚ ਬੜੀ ਨਰਮੀ ਦਾ ਸਲੂਕ ਕੀਤਾ ਗਿਆ ਹੈ। ਬੰਬਈ ਵਿਚ ਰਹਿਣ ਵਾਲੇ ਸ਼ਹਿਰੀਆਂ ਨਾਲੋਂ ਇਹ ਬਿਲ ਨਰਮ ਹੈ। ਹਾਂ; ਇਸ ਬਿਲ ਸਬੰਧੀ ਉਨ੍ਹਾਂ ਨੇ ਸ਼ਬਦ ਵਰਤੇ ਨੇ—ਜਿੰਨੇ ਵੀ ਸ਼ਬਦ ਉਨ੍ਹਾਂ ਨੂੰ dictionary ਵਿਚੋਂ ਲਭ ਸਕਦੇ ਸਨ ਕਰੜੇ ਤੇ ਮੰਦਾ ਕਹਿਣ ਵਾਲੇ ਹਨ। ਜਿਹੜੇ ਲਫ਼ਜ਼ ਉਨ੍ਹਾਂ ਨੇ ਵਰਤੇ ਉਨ੍ਹਾਂ ਵਿਚੋਂ ਕੁਝ ਤਾਂ ਮੈਂ ਲਿਖੇ ਵੀ ਹੋਏ ਹਨ—ਮਿਸਾਲ ਦੇ ਤੌਰ ਤੇ immoral, prejudice ਆਦਿ ਬਹੁਤ ਸਾਰੇ ਸ਼ਬਦ ਇਸਤੇਮਾਲ ਕੀਤੇ ਹਨ ਜਿਹੜੇ ਕਿ ਨਹੀਂ ਕਹਿਣੇ ਚਾਹੀਦੇ ਸਨ। ਤਿਖੇ ਸ਼ਬਦ ਕੋਈ ਦਲੀਲ ਨਹੀਂ ਹੁੰਦੀ। ਜੇ ਕੋਈ ਦਲੀਲ ਦਿੰਦੇ ਤਾਂ ਮੈਂ ਉਨ੍ਹਾਂ ਦਾ ਜਵਾਬ ਵੀ ਦਿੰਦਾ। ਤਿਖੇ ਸ਼ਬਦਾਂ ਦਾ ਜਵਾਬ ਤਿਖੇ ਸ਼ਬਦਾਂ ਨਾਲ ਵੀ ਦਿੱਤਾ ਜਾ ਸਕਦਾ ਹੈ ਪਰ ਉਹ ਇਸ ਹਾਊਸ ਵਿਚ ਮੈਂ ਸਮਝਦਾ ਹਾਂ ਕਿ ਕਿਸੇ ਨੂੰ ਵੀ ਨਹੀਂ ਸੋਭਦਾ। ਇਸ ਲਈ ਮੈਂ ਕਿਉਂ ਕਹਾਂ ? ਇਸ ਲਈ ਮੈਂ ਤਿਖੇ ਸ਼ਬਦਾਂ ਦਾ ਤਿਖੇ ਸ਼ਬਦਾਂ ਨਾਲ ਜਵਾਬ ਨਹੀਂ ਦੇਣਾ ਚਾਹੁੰਦਾ।

ਕੰਵਰਾਨੀ ਜਗਦੀਸ਼ ਕੌਰ : ਇਨ੍ਹਾਂ ਤਿਖੇ ਸ਼ਬਦਾਂ ਵਾਸਤੇ ਮੁੱਖ ਮੰਤ੍ਰੀ ਹੀ ਬਹੁਤੇਰੇ ਨੇ।

ਮਾਲ ਮੰਤ੍ਰੀ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਕਦੇ ਕਦੇ ਨਾ ਸਮਝਣ ਵਾਲੇ ਜਿਹੜੇ ਹਨ ਉਨ੍ਹਾਂ ਨੂੰ ਤਿਖੇ ਸ਼ਬਦਾਂ ਨਾਲ ਸਮਝਾਉਂਦੇ ਨੇ ਵਰਨਾ ਤਿਖੇ ਸ਼ਬਦਾਂ ਨੂੰ ਵਰਤਨ ਦੀ ਉਨ੍ਹਾਂ ਨੂੰ ਵੀ ਲੋੜ ਨਹੀਂ ਪੈਂਦੀ, ਕਈ ਸਾਹਿਬਾਨ ਹਨ ਜਿਹੜੇ ਤਿਖੇ ਸ਼ਬਦਾਂ ਤੋਂ ਬਗੈਰ ਸਮਝਦੇ ਨਹੀਂ, ਇਸ ਲਈ ਉਨ੍ਹਾਂ ਨੂੰ ਕਹਿਣੇ ਪੈਂਦੇ ਹਨ।

ਇਸ ਬਿਲ ਰਾਹੀਂ ਸਰਕਾਰੀ ਖ਼ਜ਼ਾਨੇ ਵਿਚ ਆਮਦਨ ਆਉਣੀ ਹੈ। ਇਕ ਗੱਲ ਮੈਂ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਇਕ ਤਰ੍ਹਾਂ ਨਾਲ ਇਕ ਨਵਾਂ ਤਜਰਬਾ ਹੈ। ਹੋ ਸਕਦਾ ਹੈ

[ਮਾਲ ਮੰਤਰੀ]

ਕਿ ਨਵੇਂ ਤਜਰਬੇ ਵਿਚ ਥੋੜ੍ਹੀਆਂ ਬਹੁਤੀਆਂ ਤਕਲੀਫਾਂ ਜਾਂ ਮੁਸ਼ਕਲਾਤਾਂ ਵੀ ਵਿਖਾਈ ਦੇਣ । ਇਸ ਲਈ ਅਗਰ ਅਜਿਹੀ ਕੋਈ ਤਕਲੀਫ਼ ਸਾਹਮਣੇ ਆਈ ਤਾਂ ਉਸ ਦਾ ਇਲਾਜ ਸੋਚਣਾ ਜ਼ਰੂਰੀ ਹੋਵੇਗਾ । ਬੇ-ਜਾ ਤਕਲੀਫ ਪਹੁੰਚਾਉਣ ਦਾ ਸਾਡਾ ਕੋਈ ਮਨਸ਼ਾ ਨਹੀਂ ਅਤੇ ਹੀ ਪਹੁੰਚਾਈ ਜਾਏਗੀ । 25 ਫ਼ੀਸਦੀ ਤਕ ਸਰਕਾਰ ਦਾ ਹੱਕ ਹੈ । ਜਦੋਂ ਸਰਕਾਰ ਨੇ ਮਾਲੀਆ assess ਕਰਨਾ ਹੁੰਦਾ ਹੈ ਉਸ ਵੇਲੇ ਖਿਆਲ ਕਰਨਾ ਹੁੰਦਾ ਹੈ ਕਿ ਕਿੰਨੇ per cent ਤਕ assess ਕੀਤਾ ਜਾਏ । ਸਪੀਕਰ ਸਾਹਿਬ, ਮੈਂ ਇਸ House ਦੇ ਮੈਂਬਰਾਂ ਨੂੰ ਨਿਸ਼ਚਾ ਦਿਵਾਉਂਦਾ ਹਾਂ ਕਿ ਉਸ ਵੇਲੇ ਆਮਦਨੀ ਦਾ ਖਾਸ ਖਿਆਲ ਰਖਿਆ ਜਾਵੇਗਾ ਔਰ ਜ਼ਰੂਰੀ ਨਹੀਂ ਕਿ 25% ਹੀ ਲੈਣਾ ਹੈ । ਇਸ ਤੋਂ ਘਟ ਵੀ ਲਿਆ ਜਾ ਸਕਦਾ ਹੈ ।

ਸਰਦਾਰ ਅਜਮੇਰ ਸਿੰਘ ਜੀ ਨੇ ਜੋ ਕਿਹਾ ਹੈ ਕਿ exemptions ਨਹੀਂ ਸਨ ਦੇਣੀਆਂ ਚਾਹੀਦੀਆਂ ਔਰ ਇਹ ਇਨਸਾਫ ਬਹੁਤ ਦੇਰ ਨਾਲ ਕੀਤਾ ਗਿਆ ਹੈ, ਜਿਥੋਂ ਤਕ ਇਸ ਦੇ ਮਨਤਕ ਦਾ ਤਅੱਲਕ ਹੈ ਗੱਲ ਉਨ੍ਹਾਂ ਦੀ ਬਿਲਕੁਲ ਠੀਕ ਹੈ ।

Exemption ਹਾਲੇ ਲਈ ਕਿਧਰੇ ਨਹੀਂ ਦਿੱਤੀ ਗਈ। ਇਹ ਮਨਤਕ ਤਾਂ ਇਹ ਦਸਦਾ ਹੈ ਕਿ ਇਹ ਕਦੇ ਨਹੀਂ ਦਿੱਤੀ ਜਾਣੀ ਚਾਹੀਦੀ ਸੀ । ਪਰ ਅਸਾਂ exemption ਇਸ ਲਈ ਦਿੱਤੀ ਹੈ ਕਿਉਂਕਿ ਇਨ੍ਹਾਂ ਥਾਵਾਂ ਤੇ ਅਗੇ ਹਾਲਾ ਲਗਾ ਨਹੀਂ ਸੀ ਹੋਇਆ । ਕਿਉਂਕਿ ਨਵਾਂ ਹਾਲਾ ਸ਼ੁਰੂ ਵਿਚ ਤਕਲੀਫ-ਦਿਹ ਹੁੰਦਾ ਹੈ ਇਸ ਲਈ ਇਹ ਰਿਆਇਤ ਦਿੱਤੀ ਗਈ ਹੈ ਤਾਕਿ ਉਹ ਤਕਲੀਫ ਬਹੁਤ ਨਾ ਵਾਪਰੇ । ਜਿਥੋਂ ਤਕ ਮਨਤਕ ਦਾ ਤਅੱਲਕ ਹੈ ਉਹ ਠੀਕ ਹੈ ਕਿ exemption ਨਹੀਂ ਦਿੱਤੀ ਜਾਣੀ ਚਾਹੀਦੀ।

ਇਨ੍ਹਾਂ ਸ਼ਬਦਾਂ ਨਾਲ ਮੈਂ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਹਾਊਸ ਇਤਫਾਕ ਰਾਏ ਨਾਲ ਇਸ ਬਿਲ ਨੂੰ ਐਕਟ ਬਣਾਉਣ ਵਿਚ ਮਦਦ ਦੇਵੇ ਤਾਕਿ ਇਸ ਨਾਲ ਪੰਜਾਬ ਦੀ ਬਿਹਤਰੀ ਲਈ ਰੁਪਏ ਪੈਸੇ ਦਾ ਪਰਬੰਧ ਹੋ ਸਕੇ ।

Mr. Speaker : Question is—

That the Punjab Land Revenue (Amendment) Bill, as amended, be passed.

After ascertaining the votes of the House by voices, Mr. Speaker said I think the Ayes have it". This opinion was challenged and division was claimed. Mr. Speaker after calling upon those Members who challenged the decision and supported the claim for a division to rise in their places declared that the division was unnecessarily claimed.

The motion was declared carried

5.15 p. m.

(*The Sabha then adjourned till* 2 *p. m. on Tuesday, the* 1*st April,* 1958.)

773PVS—344—23-6-59—C.P., S., Punjab Chandigarh

ANNEXURE 'A'

(Please *see* foot-note at page (30)39 of this debate dated the 31st March, 1958)

TACCAVI LOANS FOR WELLS IN THE STATE

928. Shri Gurdatt: Will the Minister for Revenue be pleased to state the total amount of 'taccavi' loans advanced in the State for the sinking of wells together with the number of wells actually dug, district-wise, during the year 1956-57 ?

Giani Kartar Singh : Districtwise information is given below:—

Serial No.	*District*	*Amount of taccavi advanced*	*Wells actually dug*
1.	Amritsar	..	..
2.	Ferozepur	..	..
3.	Gurdaspur	5,300	..
4.	Kangra	59,200	32
5.	Jullundur	30,000	24
6.	Ludhiana	..	..
7.	Hissar	54,050	22
8.	Karnal	11,750	5
9.	Gurgaon	4,73,050	590
10.	Rohtak	79,154	62
1	Ambala	1,71,040	17
12.	Simla	..	..
13.	Hoshiarpur	82,000	32
14.	Patiala	99,990	101
15.	Sangrur	2,82,000	199
16.	Bhatinda	1,00,000	72
17.	Kapurthala	28,400	24
18.	Mohindargarh	18,000	6
		10,93,934	1,186

ANNEXURE 'B'

(Please *see* foot-note at page (30) 40 of this dabate dated the 31st March, 1958.)

PROVIDING FURNITURE, ETC., IN SCHOOLS BUILDINGS TAKEN OVER FROM LOCAL BODIES

932. Shri Gurdatt : Will the Minister for Education and Labour be pleased to state—

(a) the steps taken by Government to complete the buildings of those schools which have been taken over from the Local Bodies and to provide furniture therein ;

(b) The total amount provided in the current years' Budget for the said purpose ?

Shri Amar Nath Vidyalankar : (a) Local Bodies have been asked to complete unfinished buildings and furnish them according to their original programme.

(b) Provision for this purpose must be there in the Budget of Local Bodies concerned. Government have made no separate provision.

However, the following amounts have been provided for the year 1958-1959:—

(i) For the purchase of furniture and equipment .. Rs. 21,25,000.

(ii) For repair and reconditioning of schools buildings. .. Rs. 20,00,000.

ਮਿਸਲ ਰਿਕਾਰਡ ਕੀਤੀ ਗਈ ਅਤੇ ਉਸ ਦਾ ਸੰਭਾਲ ਸਮਾਂ

'A', 'B' or 'C' proceedings in which the file was recorded and its retention period

ਕੀ ਕੇਸ ਸਬੰਧੀ ਨੋਟ ਸ਼ਾਖਾ ਸੈਕਸ਼ਨ ਦੀ ਨੋਟ ਬੁੱਕ ਵਿਚ ਰਖਿਆ ਹੋਇਆ ਹੈ ਜਾਂ ਨਹੀਂ

whether note regarding case has been kept in the Branch/Sectional Note Book or not

ਸਬੰਧਤ ਸਹਾਇਕ ਦੇ ਹਸਤਾਖਰ

Initials of the concerned Assistant

ਰਿਕਾਰਡਰ ਦੇ ਹਸਤਾਖਰ

Initials of the Recorder

ਪਿਛਲੇ ਹਵਾਲੇ Previous References	ਬਾਅਦ ਦੇ ਹਵਾਲੇ Later References

...n asked ...rding to

Local

...r 1958.

...5,000.

...,000.